ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 7 | Issue 12 | 21 March 2018 to 27 March 2018 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com

# 'ਸਾਡਾ ਮਿਸ਼ਨ ਸਫ਼ਲ ਹੋਇਆ, ਸਜ਼ਾ ਦਾ ਕੋਈ ਗ਼ਮ ਨਹੀਂ'

## ਬੇਅੰਤ ਹੱਤਿਆ-ਕਾਂਡ 'ਚ ਤਾਅ ਉਮਰ ਕੈਦ ਦੀ ਸਜ਼ਾ ਸੁਣਾਏ ਜਾਣ ਬਾਅਦ ਭਾਈ ਜਗਤਾਰ ਸਿੰਘ ਤਾਰਾ ਚੜ੍ਹਦੀ ਕਲਾ 'ਚ

## ਅਦਾਲਤ ਵਲੋਂ ਸਜ਼ਾ ਸੁਣਾਏ ਜਾਣ ਸਮੇਂ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਤੇ ਦਲ ਖਾਲਸਾ ਦੇ ਆਗੂ ਵੀ ਚੰਡੀਗੜ੍ਹ ਪਹੁੰਚੇ

### ਭਾਈ ਤਾਰਾ ਦੇ ਸਮਰਥਕਾਂ ਨੇ ਜੇਲ੍ਹ ਕੰਪਲੈਕਸ ਬਾਹਰ ਲਾਇਆ ਡੇਰਾ, ਸਖਤ ਸੁਰੱਖਿਆ ਹੇਠ ਕੋਰਟ 'ਚ ਪੁੱਜਾ ਜੱਜ

**ਚੰਡੀਗੜ੍ਹ/ਬਿਊਰੋ ਨਿਊਜ਼:** ਕੇਂਦਰ ਪ੍ਰਸ਼ਾਸ਼ਤ ਪ੍ਰਦੇਸ਼ ਯੂ.ਟੀ. ਦੀ ਮਾਡਰਨ ਜੇਲ੍ਹ ਬੁੜੈਲ ਵਿਚ ਲੱਗੀ ਸੀ.ਬੀ.ਆਈ. ਦੀ ਵਿਸ਼ੇਸ਼ ਅਦਾਲਤ ਵਲੋਂ ਪੰਜਾਬ ਦੇ ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਦੀ ਹੱਤਿਆ ਦੇ ਮਾਮਲੇ ਵਿਚ ਭਾਈ ਜਗਤਾਰ ਸਿੰਘ ਤਾਰਾ ਨੂੰ ਤਾਅ ਉਮਰ (ਮੌਤ ਤੱਕ) ਕੈਦ ਦੀ ਸਜ਼ਾ ਸੁਣਾਏ ਜਾਣ ਬਾਅਦ ਸਿਦਕੀ ਸਿੱਖ ਯੋਧਾ ਚੜ੍ਹਦੀ ਕਲਾ 'ਚ ਹੈ। ਭਾਵੇਂ ਅਦਾਲਤ 'ਚ ਸਖ਼ਤ ਸਰੱਖਿਆ ਅਤੇ ਰੋਕਾਂ ਕਾਰਨ ਭਾਈ ਤਾਰਾ ਤੋਂ ਉਨ੍ਹਾਂ ਦਾ ਪ੍ਰਤੀਕਰਮ ਜਾਨਣ ਵਾਸਤੇ ਸਿੱਧੇ ਰੂਪ ਵਿੱਚ ਸੰਪਰਕ ਸੰਭਵ ਨਹੀਂ ਸੀ ਪਰ ਭਰੋਸੇਯੋਗ ਸੂਤਰਾਂ ਤੇ ਕੇਸ ਦੀ ਪੈਰਵੀ ਕਰ ਰਹੇ ਵਕੀਲ ਅਨੁਸਾਰ ਅਦਾਲਤ ਵਲੋਂ ਕੁਦਰਤੀ ਮੌਤ ਤੱਕ ਜੇਲ੍ਹ ਦੀ ਸਜ਼ਾ ਸੁਣਾਏ ਜਾਣ 'ਤੇ ਭਾਈ ਤਾਰਾ ਨੇ ਕਿਹਾ ਕਿ ਉਹ ਇਸ ਫ਼ੈਸਲੇ ਖ਼ਿਲਾਫ਼ ਕੋਈ ਅਪੀਲ ਨਹੀਂ ਕਰਨਗੇ । ਸਜ਼ਾ ਬਾਅਦ ਬੜੇ ਖੁਸ਼ੀ ਤੇ ਚਾਅ ਵਾਲੇ ਰੌਅ 'ਚ ਭਾਈ ਤਾਰਾ ਦਾ ਕਹਿਣਾ ਸੀ ਕਿ ਸਾਡਾ ਮਿਸ਼ਨ ਸਫ਼ਲ ਹੋਇਆ, ਸਜ਼ਾ ਦਾ ਕੋਈ ਗ਼ਮ ਨਹੀਂ.

ਵਰਨਣਯੋਗ ਹੈ ਕਿ ਪੰਜਾਬ ਦੇ ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਵਿਚ ਦੋਸ਼ੀ ਜਗਤਾਰ ਸਿੰਘ ਤਾਰਾ ਨੂੰ ਵਿਸ਼ੇਸ਼ ਅਦਾਲਤ ਤਾਅ ਉਮਰ ਕੈਦ ਤੇ 35 ਹਜ਼ਾਰ ਰੁਪਏ ਜੁਰਮਾਨਾ ਵੀ ਲਗਾਇਆ ਹੈ। ਲੰਘੇ ਸ਼ਨਿਚਰਵਾਰ (17 ਮਾਰਚ) ਨੂੰ ਜੇਲ੍ਹ ਵਿਚ ਲੱਗੀ ਸੀ.ਬੀ.ਆਈ. ਦੀ ਵਿਸ਼ੇਸ਼ ਅਦਾਲਤ

ਬਾਕੀ ਸਫ਼ਾ 30 'ਤੇ



### ਹਿਟ ਲਿਸਟ 'ਚ ਸੱਜਣ, ਟਾਈਟਲਰ, ਗਿੱਲ, ਸੈਣੀ

ਏਜੰਸੀਆਂ ਦੀ ਜਾਂਚ ਵਿਚ ਸਾਹਮਣੇ ਆਇਆ ਕਿ ਵਿਦੇਸ਼ਾਂ ਵਿਚ ਖ਼ਾਸ ਕਰਕੇ ਜਰਮਨ, ਪਾਕਿਸਤਾਨ, ਫਰਾਂਸ ਸਮੇਤ ਯੂਰਪੀ ਦੇਸਾਂ ਵਿਚ ਬੈਠੇ ਸਿੱਖ ਅੱਤਵਾਦੀਆਂ ਦੀ ਹਿਟ ਲਿਸਟ ਵਿਚ 1984 ਸਿੱਖ ਹੱਤਿਆ ਕਾਂਡ ਦੇ ਦੋਸ਼ੀ ਸੱਜਣ ਕੁਮਾਰ, ਜਗਦੀਸ਼ ਟਾਈਟਲਰ ਤੋਂ ਇਲਾਵਾ ਪੰਜਾਬ ਦੇ ਸਾਬਕਾ ਡੀਜੀਪੀ ਕੇਪੀਐੱਸ ਗਿੱਲ, ਮੌਜੂਦਾ ਡੀਜੀਪੀ ਸੁਮੇਧ ਸਿੰਘ ਸੈਣੀ ਸਨ ਤੇ ਭਾਈ ਤਾਰਾ ਨੂੰ ਇਨ੍ਹਾਂ ਦੀ ਹੱਤਿਆ ਕਰਨ ਦੀ ਜ਼ਿੰਮੇਵਾਰੀ ਦਿੱਤੀ ਗਈ ਸੀ। ਭਾਈ ਤਾਰਾ ਹਾਲੇ ਵੀ ਸੋਸ਼ਲ ਮੀਡੀਆ ਰਾਹੀਂ ਆਪਣੇ ਸਾਥੀਆਂ ਦੇ ਸੰਪਰਕ ਵਿਚ ਸੀ।

### ਮਾਨ ਤੇ ਹੋਰਨਾਂ ਵਲੋਂ ਭਾਈ ਤਾਰਾ ਤੇ ਖਾਲਿਸਤਾਨ ਪੱਖੀ ਜੈਕਾਰੇ

ਅਦਾਲਤ ਵਲੋਂ ਸਜ਼ਾ ਸੁਣਾਏ ਜਾਣ ਸਮੇਂ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਵੀ ਚੰਡੀਗੜ੍ਹ ਪਹੁੰਚੇ। ਕੁਝ ਸਿੱਖ ਜਥੇਬੰਦੀਆਂ ਦੇ ਆਗੂ ਵੀ ਬੁੜੈਲ ਜੇਲ੍ਹ ਦੇ ਸਾਹਮਣੇ ਬੈਨਰ ਲੈ ਕੇ ਪਹੁੰਚੇ ਜਿਨ੍ਹਾਂ ਵਿਚ ਖ਼ਾਲਿਸਤਾਨ ਦੇ ਬੈਨਰ ਵੀ ਸ਼ਾਮਿਲ ਸਨ। ਉਨ੍ਹਾਂ ਨੇ ਫ਼ੈਸਲਾ ਆਉਣ ਦੇ ਬਾਅਦ ਭਾਈ ਤਾਰਾ ਅਤੇ ਖ਼ਾਲਿਸਤਾਨ ਦੇ ਹੱਕ ਵਿੱਚ ਜੈਕਾਰੇ ਗੂੰਜਾਏ ਤੇ ਨਾਅਰੇ ਵੀ ਲਗਾਏ। ਭਾਈ ਤਾਰਾ ਵਲੋਂ ਮਾਮਲੇ ਦੀ ਪੈਰਵਾਈ ਵਕੀਲ ਸਿਮਰਨਜੀਤ ਸਿੰਘ ਵਲੋਂ ਕੀਤੀ ਗਈ ਸੀ।

ਭਾਈ ਤਾਰਾ ਨੇ ਸਜ਼ਾ ਸੁਣਨ ਤੋਂ ਪਹਿਲਾਂ ਆਪਣੀਆਂ ਭਤੀਜੀਆਂ ਨਾਲ ਬੁੜੈਲ ਜੇਲ੍ਹ ਵਿਚ ਮੁਲਾਕਾਤ ਕੀਤੀ। ਸਜ਼ਾ ਸੁਣਾਉਣ ਤੋਂ ਬਾਅਦ ਭਾਈ ਤਾਰਾ ਦਾ ਪਰਿਵਾਰ ਪਿੰਡ ਡੇਕਵਾਲਾ ਵਿਖੇ ਪੁੱਜਾ। ਆਪਣੇ ਘਰ ਵਿਖੇ ਭਾਈ ਤਾਰਾ ਦੀਆਂ ਭਰਜਾਈਆਂ ਬਲਜੀਤ ਕੌਰ, ਕਮਲਜੀਤ ਕੌਰ ਤੇ ਭਤੀਜੀਆਂ ਗਗਨਦੀਪ ਕੌਰ, ਪਵਨਦੀਪ ਕੌਰ, ਅਮਨਦੀਪ ਕੌਰ, ਗੁਰਪ੍ਰੀਤ ਕੌਰ ਨੇ ਦੱਸਿਆ ਕਿ ਮੁਲਾਕਾਤ ਦੌਰਾਨ ਭਾਈ ਤਾਰਾ ਪੂਰੀ ਚੜ੍ਹਦੀ ਕਲਾ ਵਿਚ

ਬਾਕੀ ਸਫ਼ਾ 30 'ਤੇ

### ਪੰਥਕ ਜਥੇਬੰਦੀਆਂ ਵੱਲੋਂ ਅਲੋਚਨਾ

ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖਾਲਸਾ, ਦਲ ਖਾਲਸਾ ਦੇ ਬੁਲਾਰੇ ਕੰਵਰਪਾਲ ਸਿੰਘ, ਖਾਲੜਾ ਮਿਸ਼ਨ ਆਰਗੇਨਾਈਜੇਸ਼ਨ ਦੇ ਪ੍ਰਚਾਰ ਸਕੱਤਰ ਪ੍ਰਵੀਨ ਕੁਮਾਰ, ਜਥੇਬੰਦਕ ਸਕੱਤਰ ਕਾਬਲ ਸਿੰਘ, ਸਪੋਕਸਮੈਨ ਸਤਵਿੰਦਰ ਸਿੰਘ, ਪੰਜਾਬ ਮਨੁੱਖੀ ਅਧਿਕਾਰ ਸੰਗਠਨ ਦੇ ਡਿਪਟੀ ਚੇਅਰਮੇਨ ਕ੍ਰਿਪਾਲ ਸਿੰਘ ਰੰਧਾਵਾ ਤੇ ਮਨੁੱਖੀ ਅਧਿਕਾਰ ਇਨਸਾਫ਼ ਸੰਘਰਸ਼ ਕਮੇਟੀ ਦੇ ਚੇਅਰਮੈਨ ਬਾਬਾ ਦਰਸ਼ਨ ਸਿੰਘ ਨੇ ਭਾਈ ਤਾਰਾ ਨੂੰ ਅਦਾਲਤ ਵਲੋਂ ਸੁਣਾਈ ਸਜ਼ਾ ਦੀ ਆਲੋਚਨਾ ਕੀਤੀ ਹੈ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਨੇ ਸੋਸ਼ਲ ਮੀਡੀਆ 'ਤੇ ਆਪਣਾ ਦਰਦ ਬਿਆਨ ਕਰਦੇ ਹੋਏ ਭਾਈ ਤਾਰਾ ਨੂੰ ਹੋਈ ਸਜ਼ਾ ਦੀ ਤੁਲਨਾ 1984 ਸਿੱਖ ਕਤਲੇਆਮ ਵਿਚ ਇਨਸਾਫ਼ ਨਾ ਮਿਲਣ ਨਾਲ ਕਰਕੇ ਭਾਰਤੀ ਸੰਵਿਧਾਨ ਦੇ ਦਾਇਰੇ ਵਿਚੋਂ ਬਾਹਰ ਨਿਕਲਣ ਦੀ ਵੀ ਏਜੰਸੀਆਂ ਨੂੰ ਚੇਤਾਵਨੀ ਦਿੱਤੀ ਹੈ।

### ਹਿਟ ਲਿਸਟ 'ਚ ਸੱਜਣ ਕੁਮਾਰ, ਟਾਈਟਲਰ, ਕੇ.ਪੀ.ਐਸ. ਗਿੱਲ ਅਤੇ ਸੁਮੇਧ ਸੈਣੀ

ਏਜੰਸੀਆਂ ਦੀ ਜਾਂਚ ਵਿਚ ਸਾਹਮਣੇ ਆਇਆ ਕਿ ਵਿਦੇਸ਼ਾਂ ਵਿਚ ਖ਼ਾਸ ਕਰਕੇ ਜਰਮਨ, ਪਾਕਿਸਤਾਨ, ਫਰਾਂਸ ਸਮੇਤ ਯੂਰਪੀ ਦੇਸਾਂ ਵਿਚ ਬੈਠੇ ਸਿੱਖ ਅੱਤਵਾਦੀਆਂ ਦੀ ਹਿਟ ਲਿਸਟ ਵਿਚ 1984 ਸਿੱਖ ਹੱਤਿਆ ਕਾਂਡ ਦੇ ਦੋਸ਼ੀ ਸੱਜਣ ਕੁਮਾਰ, ਜਗਦੀਸ਼ ਟਾਈਟਲਰ ਤੋਂ ਇਲਾਵਾ ਪੰਜਾਬ ਦੇ ਸਾਬਕਾ ਡੀਜੀਪੀ ਕੇਪੀਐੱਸ ਗਿੱਲ, ਮੌਜੂਦਾ ਡੀਜੀਪੀ ਸੁਮੇਧ ਸਿੰਘ ਸੈਣੀ ਸਨ ਤੇ ਭਾਈ ਤਾਰਾ ਨੂੰ ਇਨ੍ਹਾਂ ਦੀ ਹੱਤਿਆ ਕਰਨ ਦੀ ਜ਼ਿੰਮੇਵਾਰੀ ਦਿੱਤੀ ਗਈ ਸੀ। ਭਾਈ ਤਾਰਾ ਹਾਲੇ ਵੀ ਸੋਸ਼ਲ ਮੀਡੀਆ ਰਾਹੀਂ ਆਪਣੇ ਸਾਥੀਆਂ ਦੇ ਸੰਪਰਕ ਵਿਚ ਸੀ।

## ਸਰਕਾਰ ਨੇ ਇਰਾਕ 'ਚ 39 ਭਾਰਤੀਆਂ ਦੇ ਮਾਰੇ ਜਾਣ ਦੀ ਗੱਲ ਮੰਨੀ

### *ਵਿਦੇਸ਼ ਮੰਤਰੀ ਝੂਠੇ ਲਾਰੇ ਲਾ ਕੇ ਕਰਦੀ ਰਹੀ ਲੋਕਾਂ ਨੂੰ ਗੁੰਮਰਾਹ-ਵਿਰੋਧੀ ਧਿਰ*

**ਨਵੀਂ ਦਿੱਲੀ/ਬਿਊਰੋ ਨਿਊਜ਼:** ਕੇਂਦਰ ਵਿਚਲੀ ਮੋਦੀ ਸਰਕਾਰ ਨੇ ਸੰਸਦ ਵਿੱਚ ਹੌਲਨਾਕ ਖ਼ੁਲਾਸਾ ਕਰਦਿਆਂ ਕਿਹਾ ਕਿ ਕਰੀਬ ਚਾਰ ਸਾਲ ਪਹਿਲਾਂ ਇਰਾਕ ਵਿੱਚ ਆਈਐਸਆਈਐਸ ਵੱਲੋਂ ਅਗਵਾ ਕੀਤੇ ਗਏ 39 ਭਾਰਤੀਆਂ ਵਿੱਚੋਂ ਕੋਈ ਵੀ ਜ਼ਿੰਦਾ ਨਹੀਂ ਬਚਿਆ। ਇਨ੍ਹਾਂ ਮੰਦਭਾਗਿਆਂ ਵਿੱਚੋਂ 27 ਪੰਜਾਬ, ਛੇ ਬਿਹਾਰ, ਚਾਰ ਹਿਮਾਚਲ ਪ੍ਰਦੇਸ਼ ਤੇ ਦੋ ਪੱਛਮੀ ਬੰਗਾਲ ਨਾਲ ਸਬੰਧਤ ਸਨ। ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੇ ਮੰਗਲਵਾਰ ਨੂੰ ਰਾਜ ਸਭਾ ਵਿੱਚ ਆਪਣੇ ਤੌਰ 'ਤੇ ਬਿਆਨ ਦਿੰਦਿਆਂ ਕਿਹਾ ਕਿ ਇਨ੍ਹਾਂ ਦੀਆਂ ਲਾਸ਼ਾਂ ਇਰਾਕ ਦੇ ਸਭ ਤੋਂ ਵੱਡੇ ਸ਼ਹਿਰ ਮੋਸੂਲ ਨੇੜਲੇ ਪਿੰਡ ਬਾਦੋਸ਼ ਵਿੱਚੋਂ ਮਿਲ ਗਈਆਂ

ਬਾਕੀ ਸਫ਼ਾ 30 'ਤੇ



ਜਲੰਧਰ ਦੇ ਪਿੰਡ ਖਾਨ ਕੇ ਦੇ ਮ੍ਰਿਤਕ ਕੁਲਵਿੰਦਰ ਸਿੰਘ ਦੀ ਮਾਂ ਸ਼ਿੰਬੋ ਨੂੰ ਚੁੱਪ ਕਰਾਉਂਦੀ ਹੋਈ ਉਸ ਦੀ ਧੀ ਸੰਜਨਾ।

## ਪੰਜਾਬ 'ਆਪ' ਦਾ ਸੰਕਟ ਹਾਲ ਦੀ ਘੜੀ ਮੱਠਾ ਪਿਆ

### ਕੇਜਰੀਵਾਲ ਨਾਲ ਦਿੱਲੀ 'ਚ ਮੀਟਿੰਗ ਮੌਕੇ ਪੰਜਾਬ ਦੇ 10 ਵਿਧਾਇਕ ਹੋਏ ਹਾਜ਼ਰ

**ਚੰਡੀਗੜ੍ਹ/ਬਿਊਰੋ ਨਿਊਜ਼:** ਆਮ ਆਦਮੀ ਪਾਰਟੀ (ਆਪ) ਦੇ ਕੌਮੀ ਕਨਵੀਨਰ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਵੱਲੋਂ ਮਾਣਹਾਨੀ ਕੇਸ ਵਿਚ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਕੋਲੋਂ ਮੁਆਫੀ ਮੰਗਣ ਕਾਰਨ ਆਏ ਭੂਚਾਲ ਨੂੰ ਠੱਲ੍ਹਣ ਲਈ ਪਾਰਟੀ ਹਾਈ ਕਮਾਂਡ ਨੇ ਐਤਵਾਰ ਸ਼ਾਮੀਂ ਨਵੀਂ ਦਿੱਲੀ ਵਿਚ ਮੀਟਿੰਗ ਕੀਤੀ। ਇਸ ਵਿਚ ਪੰਜਾਬ ਦੇ 20 ਵਿਚੋਂ 10 ਵਿਧਾਇਕ ਪੁੱਜੇ, ਜਿਨ੍ਹਾਂ ਵਿੱਚ ਰੋਸ ਵਜੋਂ ਪੰਜਾਬ ਦੇ ਸਹਿ ਪ੍ਰਧਾਨ ਦਾ ਅਹੁਦਾ ਛੱਡ ਚੁੱਕੇ ਅਮਨ ਅਰੋੜਾ ਵੀ ਸ਼ਾਮਲ ਹਨ। ਸੂਬੇ ਦੇ ਮੀਤ ਪ੍ਰਧਾਨ ਡਾ. ਬਲਬੀਰ ਸਿੰਘ ਨੇ ਵੀ ਮੀਟਿੰਗ 'ਚ ਹਾਜ਼ਰੀ ਭਰੀ।

ਬੀਤੇ ਦਿਨ ਤੋਂ ਪਾਰਟੀ ਦਾ ਡੈਮੇਜ ਕੰਟਰੋਲ ਕਰ ਰਹੇ 5 ਜ਼ੋਨ ਪ੍ਰਧਾਨ – ਕੁਲਦੀਪ ਸਿੰਘ ਧਾਲੀਵਾਲ, ਗੁਰਦਿੱਤ ਸਿੰਘ ਸੇਖੋਂ, ਦਲਬੀਰ ਸਿੰਘ ਢਿੱਲੋਂ, ਪਰਮਜੀਤ ਸਿੰਘ ਸਚਦੇਵਾ ਅਤੇ ਅਨਿਲ ਠਾਕੁਰ

ਬਾਕੀ ਸਫ਼ਾ 07 'ਤੇ















# GLOBAL MULTI SERVICES

## ONE STOP SHOP FOR ALL TRUCKING NEEDS

**Ask for Special Parking Rates. 1st Come 1st Serve.**

**Truck Parking Available for 500+ Trucks**

i5 TRUCK WASH AND REPAIR
GET A SHOWROOM SHINE, EVERY TIME

Ph.: 209-986-0338
info@i5truckwash.com
www.i5truckwash.com
1137 S Stockton St, Stockton CA 95206

HOME OF ALL TRUCKING SERVICES
GLOBAL TRUCK TERMINAL

Ph.: 800-696-3796
info@GlobalTruckTerminal.com
www.GlobalTruckTerminal.com
1801 E Charter Way, Stockton CA 95205

## Services We Offer:

On site IRP Plate - License Plates - IFTA - Fuel Tax Return
New Mexico & Kentucky Permit - Dot - MC Authority - UCR Permits
Corporation Filing - 2290 Filing - Canadian Permits
Title Transfer etc.

General Truck & Trailer Repair - Brakes - Oil Change
BIT Inspection - Annual Inspection - Transmission
Truck & Trailer Alignment - New & Used Tires - Wheel Balancing
DPF Cleaning & Truck Wash etc.

**Call Maneet Deol for more info : 209-982-9996**

## ਮੈਰੀਲੈਂਡ ਦੇ ਸਕੂਲ ’ਚ ਗੋਲੀਬਾਰੀ ਦੌਰਾਨ ਤਿੰਨ ਜ਼ਖ਼ਮੀ

**ਵਾਸ਼ਿੰਗਟਨ/ਬਿਊਰੋ ਨਿਊਜ਼**

ਅਮਰੀਕਾ ਦੇ ਮੈਰੀਲੈਂਡ ਸੂਬੇ ਦੇ ਸ਼ਹਿਰ ਗ੍ਰੇਟ ਮਿਲਜ਼ ਦੇ ਇੱਕ ਸਕੂਲ ‘ਚ ਗੋਲੀ ਚੱਲਣ ਦੀ ਘਟਨਾ ਵਿੱਚ ਤਿੰਨ ਲੋਕ ਜ਼ਖ਼ਮੀ ਹੋ ਗਏ ਜਿਨ੍ਹਾਂ ਵਿੱਚ ਹਮਲਾਵਰ, ਸਕੂਲ ਦਾ ਸੁਰੱਖਿਆ ਅਧਿਕਾਰੀ ਅਤੇ ਇੱਕ ਲੜਕੀ ਸ਼ਾਮਲ ਹਨ। ਜਿਉਂ ਹੀ ਗ੍ਰੇਟ ਮਿਲਜ਼ ਸਕੂਲ ਸਵੇਰੇ 8:00 ਵਜੇ ਖੁੱਲ੍ਹਿਆ ਤਾਂ ਅਚਾਨਕ ਇੱਕ ਹਮਲਾਵਰ ਨੇ ਇੱਕ ਲੜਕੀ ਨੂੰ ਗੋਲੀ ਮਾਰੀ।

ਲੜਕੀ ਦੀ ਅਦਾਲਤ ਗੰਭੀਰ ਹੈ। ਸਕੂਲ ਦੇ ਸੁਰੱਖਿਆ ਅਧਿਕਾਰੀ ਨੇ ਮਾਮਲੇ ਨਾਲ ਨਜਿੱਠਦਿਆਂ ਹਮਲਾਵਰ ਨੂੰ ਕਾਬੂ ਕਰ ਲਿਆ ਤੇ ਤੁਰੰਤ ਵੱਡੀ ਪੱਧਰ ਉੱਤੇ ਪੁਲੀਸ ਪੁੱਜ ਗਈ। ਇੱਕ -ਇੱਕ ਕਮਰੇ ਦੀ ਤਲਾਸ਼ੀ ਲਈ ਜਾ ਰਹੀ ਸੀ। ਘਟਨਾ ਦੀ ਪੁਸ਼ਟੀ ਕਰਦਿਆਂ ਸ਼ਹਿਰ ਦੇ ਸ਼ੈਰੇਫ ਟਿਮ ਕੈਮਰੌਨ ਨੇ ਦੱਸਿਆ ਕਿ ਹਮਲਾਵਰ ਨੇ ਜਿਉਂ ਹੀ ਲੜਕੀ ਨੂੰ ਗੋਲੀ ਮਾਰੀ ਤਾਂ ਸੁਰੱਖਿਆ ਅਧਿਕਾਰੀ ਨੇ ਹਮਲਾਵਰ ਨੂੰ ਕਾਬੂ ਕਰ ਲਿਆ ਅਤੇ ਸੁਰੱਖਿਆ ਅਧਿਕਾਰੀ ਵੀ ਘਟਨਾ ਵਿੱਚ ਜ਼ਖ਼ਮੀ ਹੋ ਗਿਆ ਹੈ। ਕਰੀਬ ਮਹੀਨਾ ਪਹਿਲਾਂ ਅਮਰੀਕਾ ਦੇ ਫਲੋਰੀਡਾ ਵਿੱਚ ਇੱਕ ਸਕੂਲ ਵਿੱਚ ਵਾਪਰੀ ਗੋਲੀ ਚੱਲਣ ਦੀ ਘਟਨਾ ਵਿੱਚ ਸਟਾਫ ਦੇ ਤਿੰਨ ਮੈਂਬਰਾਂ ਸਣੇ 14 ਵਿਦਿਆਰਥੀ ਮਾਰੇ ਗਏ ਸਨ। ਅਧਿਕਾਰੀਆਂ ਅਨੁਸਾਰ ਗ੍ਰੇਟ ਮਿਲਜ਼ ਹਾਈ ਸਕੂਲ ਅਮਰੀਕਾ ਦੀ ਰਾਜਧਾਨੀ ਵਾਸ਼ਿੰਗਟਨ ਤੋਂ 90 ਮਿੰਟ ਦੀ ਦੂਰੀ ਉੱਤੇ ਸਥਿਤ ਹੈ। ਸੇਂਟ ਮੇਰੀ ਕਾਉਂਟੀ ਪਬਲਿਕ ਸਕੂਲ ਨੇ ਆਪਣੀ ਵੈਬਸਾਈਟ ਉੱਤੇ ਦੱਸਿਆ ਕਿ ਸਕੂਲ ਨੂੰ ਤੁਰੰਤ ਬੰਦ ਕਰ ਦਿੱਤਾ ਹੈ।

## ਹੇਮਕੁੰਟ ਸਾਹਿਬ ਦੇ ਕਿਵਾੜ 25 ਮਈ ਤੋਂ ਖੁੱਲ੍ਹਣਗੇ

**ਊਨਾ/ਬਿਊਰੋ ਨਿਊਜ਼:** ਸ੍ਰੀ ਹੇਮਕੁੰਟ ਸਾਹਿਬ ਦੇ ਕਿਵਾੜ 25 ਮਈ ਨੂੰ ਖੁੱਲ੍ਹਣਗੇ। ਗੁਰਦਆਰਾ ਗੁਰੂ ਗੋਬਿੰਦ ਸਿੰਘ ਰਿਸ਼ੀਕੇਸ਼ ਦੇ ਪ੍ਰਧਾਨ ਦਰਸ਼ਨ ਸਿੰਘ ਨੇ ਦੱਸਿਆ ਕਿ 25 ਮਈ ਨੂੰ ਹੇਮਕੁੰਟ ਸਾਹਿਬ ਵਿਖੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰ ਦਿੱਤਾ ਜਾਵੇਗਾ ਅਤੇ ਸੰਗਤ 10 ਅਕਤੂਬਰ ਤੱਕ ਦਰਸ਼ਨ ਕਰ ਸਕੇਗੀ। ਉਨ੍ਹਾਂ ਕਿਹਾ ਕਿ  ਸੰਗਤ ਦੇ ਰਹਿਣ, ਲੰਗਰ ਅਤੇ ਦਵਾਈਆਂ ਦਾ ਪ੍ਰਬੰਧ ਕੀਤਾ ਗਿਆ ਹੈ।

# ਭਾਈ ਗੁਰਬਖ਼ਸ਼ ਸਿੰਘ ਖਾਲਸਾ ਦੀ ਟੈਂਕੀ ਤੋਂ ਛਾਲ ਮਾਰਨ ਕਾਰਨ ਮੌਤ

**ਕੁਰੂਕਸ਼ੇਤਰ/ਬਿਊਰੋ ਨਿਊਜ਼:**



ਦੇਸ਼ ਦੀਆਂ ਵੱਖ-ਵੱਖ ਜੇਲ੍ਹਾਂ ਵਿਚ ਬੰਦ ਸਜ਼ਾ ਭੁਗਤ ਚੁੱਕੇ ਬੰਦੀ ਸਿੱਖਾਂ ਦੀ ਰਿਹਾਈ ਲਈ ਯਤਨਸ਼ੀਲ ਭਾਈ ਗੁਰਬਖ਼ਸ਼ ਸਿੰਘ ਖ਼ਾਲਸਾ ਨੇ ਫਿਰ ਤੋਂ ਅੰਦੋਲਨ ਸ਼ੁਰੂ ਕਰਦੇ ਹੋਏ ਪਾਣੀ ਦੀ ਟੈਂਕੀ ਤੋਂ ਛਾਲ ਮਾਰ ਦਿੱਤੀ ਜਿਸ ਕਾਰਨ ਉਨ੍ਹਾਂ ਨੂੰ ਗੰਭੀਰ ਹਾਲਤ ‘ਚ ਪਿੰਡ ਤੋਂ ਲੋਕ ਨਾਇਕ ਜੈਪ੍ਰਕਾਸ਼ ਹਸਪਤਾਲ ਲਿਆਂਦਾ ਗਿਆ ਜਿੱਥੇ ਡਾਕਟਰਾਂ ਨੇ ਉਨ੍ਹਾਂ ਨੂੰ ਮ੍ਰਿਤਕ ਐਲਾਨ ਦਿੱਤਾ। ਖ਼ਾਲਸਾ ਦੀ ਮੌਤ ਤੋਂ ਬਾਅਦ ਸਿੱਖ ਸੰਗਤ ਐਲ. ਐਨ.ਜੇ.ਪੀ. ਹਸਪਤਾਲ ‘ਚ ਇਕੱਠੀ ਹੋਣੀ ਸ਼ੁਰੂ ਹੋ ਗਈ ਸੀ। ਖ਼ਬਰ ਲਿਖੇ ਜਾਣ ਤੱਕ ਡੀਐਸਪੀ ਧੀਰਜ ਕੁਮਾਰ ਅਤੇ ਗੁਰਮੇਲ ਸਿੰਘ ਹਸਪਤਾਲ ‘ਚ ਹਾਲਾਤ ‘ਤੇ ਨਜ਼ਰ ਰੱਖੇ ਹੋਏ ਸਨ। ਜਾਣਕਾਰੀ ਮੁਤਾਬਿਕ ਭਾਈ ਖ਼ਾਲਸਾ ਨੇ ਮੰਗਲਵਾਰ ਦੁਪਹਿਰ ਕਰੀਬ ਇਕ ਵਜੇ ਆਪਣੇ ਜੱਦੀ ਪਿੰਡ ਠਸਕਾ ਅਲੀ ਜ਼ਿਲ੍ਹਾ ਕੁਰੂਕਸ਼ੇਤਰ ‘ਚ ਪਾਣੀ ਦੀ ਟੈਂਕੀ ‘ਤੇ ਚੜ੍ਹ ਕੇ ਬੇਮਿਆਦੀ ਭੁੱਖ ਹੜਤਾਲ ਸ਼ੁਰੂ ਕੀਤੀ ਸੀ। ਸੂਚਨਾ ਮਿਲਣ ਤੋਂ ਬਾਅਦ ਪ੍ਰਸ਼ਾਸਨਿਕ ਅਧਿਕਾਰੀ ਅਤੇ ਫਾਇਰ ਬ੍ਰਿਗੇਡ ਵਿਭਾਗ ਦੀ ਗੱਡੀ ਮੌਕੇ ‘ਤੇ ਪੁੱਜ ਗਈ। ਪਰਿਵਾਰ ਮੁਤਾਬਿਕ ਮੌਕੇ ‘ਤੇ ਪੁੱਜੇ ਡੀਐਸਪੀ ਧੀਰਜ ਕੁਮਾਰ ਨੇ ਟੈਂਕੀ ਤੋਂ ਹੇਠਾਂ ਉਤਰਨ ਲਈ ਉਨ੍ਹਾਂ ‘ਤੇ ਦਬਾਅ ਬਣਾਇਆ ਸੀ। ਵਾਰ-ਵਾਰ ਕਹਿਣ ‘ਤੇ ਵੀ ਪੁਲੀਸ ਅਧਿਕਾਰੀ ਨਹੀਂ ਮੰਨੇ ਤੇ ਦੇਰ ਸ਼ਾਮ 7.15 ਵਜੇ ਗੁਰਬਖ਼ਸ਼ ਸਿੰਘ ਖ਼ਾਲਸਾ ਨੇ ਟੈਂਕੀ ਤੋਂ ਛਾਲ ਲਗਾ ਦਿੱਤੀ। ਇਸ ਤੋਂ ਬਾਅਦ ਡੀ.ਐਸ.ਪੀ. ਧੀਰਜ ਕੁਮਾਰ ਨੇ ਕਰਮਚਾਰੀਆਂ ਦੀ ਮਦਦ ਨਾਲ ਭਾਈ ਗੁਰਬਖ਼ਸ਼ ਸਿੰਘ ਖ਼ਾਲਸਾ ਨੂੰ ਗੱਡੀ ‘ਚ ਪਾਇਆ ਅਤੇ ਕੁਰੂਕਸ਼ੇਤਰ ਦੇ ਲੋਕਨਾਇਕ ਜੈਪ੍ਰਕਾਸ਼ ਹਸਪਤਾਲ ਲਿਆਂਦਾ। ਇੱਥੇ ਪੁੱਜਣ ‘ਤੇ ਡਾਕਟਰਾਂ ਨੇ ਭਾਈ ਖ਼ਾਲਸਾ ਨੂੰ ਮ੍ਰਿਤਕ ਐਲਾਨ ਦਿੱਤਾ। ਇਸ ਦੌਰਾਨ ਸਰਕਾਰੀ ਹਸਪਤਾਲ ‘ਚ ਪੁਲੀਸ ਬਲ ਤੈਨਾਤ ਕਰ ਦਿੱਤਾ। ਭੁੱਖ ਹੜਤਾਲ ਸ਼ੁਰੂ ਕਰਨ ਤੋਂ ਪਹਿਲਾਂ ਭਾਈ ਗੁਰਬਖ਼ਸ਼ ਸਿੰਘ ਖ਼ਾਲਸਾ ਨੂੰ ਬੁੜੈਲ ਜੇਲ੍ਹ ‘ਚ ਬੰਦ ਭਾਈ ਗੁਰਮੀਤ ਸਿੰਘ ਦੀ ਮਾਤਾ ਸੁਰਜੀਤ ਕੌਰ ਅਤੇ ਭਾਈ ਸ਼ਮਸ਼ੇਰ ਸਿੰਘ ਦੀ ਪਤਨੀ ਬੀਬੀ ਬਲਜਿੰਦਰ ਕੌਰ ਅਤੇ ਭਾਈ ਸ਼ਮਸ਼ੇਰ ਸਿੰਘ ਦੇ ਭਰਾ ਭਗਵੰਤ ਸਿੰਘ ਨੇ ਸਿਰੋਪਾ ਪਹਿਨਾਇਆ। ਕਰੀਬ 3 ਸਾਲ ਲੰਘਣ ‘ਤੇ ਵੀ ਜਦੋਂ ਬੰਦੀ ਸਿੱਖਾਂ ਦੀ ਰਿਹਾਈ ਲਈ ਕੋਈ ਠੋਸ ਉਪਰਾਲਾ ਨਹੀਂ ਹੋਇਆ ਤਾਂ ਅੱਜ ਉਹ ਮੁੜ ਭੁੱਖ ਹੜਤਾਲ ‘ਤੇ ਬੈਠ ਗਏ ਸਨ।

# ਅਮਰੀਕੀ ਸਿੱਖ ਨੂੰ ਅੱਤਵਾਦੀ ਕਹਿਣ ਤੇ ਆਪਣੇ ਦੇਸ਼ ਵਾਪਿਸ ਚਲੇ ਜਾਓ ਦੀ ਧਮਕੀ ਦੇਣ ਵਾਲੇ 20 ਸਾਲਾ ਸਟੀਵਨ ਵਿਰੁਧ ਚੌਥੇ ਦਰਜੇ ਦਾ ਚਾਰਜ

**ਨਿਊਜਰਸੀ/ਹੁਸਨ ਲੜੋਆ ਬੰਗਾ:**

ਨਿਊਜਰਸੀ ਵਿਚ ਇਕ ਅਮਰੀਕੀ ਸਿੱਖ ਨੂੰ ਇਕ ਵਿਅਕਤੀ ਨੇ ਅੱਤਵਾਦੀ ਕਹਿ ਕੇ ਬੁਲਾਇਆ ਅਤੇ ਕਿਹਾ ਕਿ ਤੁਸੀਂ ਆਪਣੇ ਦੇਸ਼ ਵਾਪਸ ਚਲੇ ਜਾਓ। ਸਿੱਖ ਦਾ ਨਾਂਅ ਜਗ ਜਾਹਿਰ ਨਹੀਂ ਕੀਤਾ ਗਿਆ ਹੈ ਪਰ ਉਸਨੂੰ ਡਰਾਉਣ ਧਮਕਾਉਣ, ਪ੍ਰੇਸ਼ਾਨ ਕਰਨ ਅਤੇ ਹਮਲਾ ਕਰਨ ਦੇ ਦੋਸ਼ਾਂ ਹੇਠ 20 ਸਾਲਾ ਸਾਲ ਸਟੀਵਨ ਲਾਵਰਟੀ ਉੱਤੇ ਚੌਥੇ ਦਰਜੇ ਦਾ ਚਾਰਜ ਲਗਾਇਆ ਗਿਆ ਹੈ। ਉਸ ’ਤੇ ਖਤਰਨਾਕ ਔਜਾਰ ਅਤੇ ਨਸ਼ਾ ਰੱਖਣ ਦਾ ਵੀ ਦੋਸ਼ ਲਾਇਆ ਗਿਆ ਹੈ। ਉਸ ਦਿਨ ਜਦੋਂ ਉਸ ਸਿਖ ਨੇ ਆਪਣੇ ਮੋਬਾਈਲ ਨਾਲ ਦੋਸ਼ੀ ਦੀ ਲਾਇਸੰਸ ਪਲੇਟ ਦੀ ਫੋਟੋ ਲੈਣੀ ਚਾਹੀ ਤਾਂ ਉਸ ਨੇ ਉਸ ਦੇ ਮੁੱਕਾ ਮਾਰਿਆ ਤੇ ਫੋਨ ਖੋਹਣ ਦਾ ਯਤਨ ਕੀਤਾ ਪਰ ਸਿਖ ਵਾਲ ਵਾਲ ਬਚ ਗਿਆ। ਇਹ




ਘਟਨਾ ਪਾਰਸੀਪੈਨੀ ਸਥਿਤ ਐਕਸੋਨ ਗੈਸ ਸਟੇਸ਼ਨ ਦੀ ਹੈ।

ਪੀੜਤ ਸਿੱਖ ਨੇ ਤੁਰੰਤ ਪੁਲਿਸ ਨੂੰ ਬੁਲਾਇਆ ਪਰ ਉਦੋਂ ਤੱਕ ਲਾਵਰਟੀ ਉਥੋਂ ਫਰਾਰ ਹੋ ਗਿਆ ਸੀ। ਸਹਾਇਕ ਵਕੀਲ ਜਸਟਿਨ ਟੈਲੋਨ ਨੇ ਸੁਪੀਰੀਅਰ ਕੋਰਟ ਜੱਜ ਸਟੂਅਰਟ ਮਿੰਕੋਵਿਟਜ ਨੂੰ ਦਸਿਆ ਕਿ ਲਾਵਰਟੀ ਨੇ ਸਿੱਖ ਨੂੰ ਅੱਤਵਾਦੀ ਅਤੇ ਮੁਸਲਮਾਨ ਕਿਹਾ ਅਤੇ ਕਿਹਾ ਕਿ ਆਪਣੇ ਦੇਸ਼ ਵਾਪਿਸ ਚਲੇ ਜਾਓ।

ਪੁਲਿਸ ਨੇ ਉਸ ਦਿਨ ਫੌਰੀ ਕਾਰਵਾਈ ਕਰਦਿਆਂ ਲਾਵਰਟੀ ਨੂੰ 7 ਇਲੈਵਨ ਦੀ ਪਾਰਕਿੰਗ ਵਿਚ ਹੀ ਘੇਰ ਲਿਆ ਤੇ ਸੰਖੇਪ ਪੁਛਗਿਛ ਤੋਂ ਬਾਅਦ ਉਸ ਨੂੰ ਤੇ ਉਸ ਦੇ ਇਕ ਹੋਰ ਸਾਥੀ ਐਂਟਨੀ ਵਾਈਜਗਾ ਨੂੰ ਗ੍ਰਿਫਤਾਰ ਕਰ ਲਿਆ ਸੀ। ਹਾਲਾਂਕਿ ਦੂਜਾ ਵਿਅਕਤੀ ਉਸ ਘਟਨਾ ਵਿਚ ਸ਼ਾਮਿਲ ਨਹੀਂ ਸੀ।

ਵਕੀਲ ਨੇ ਜੱਜ ਨੂੰ ਕਿਹਾ ਕਿ ਲਾਵਰਟੀ ਨਸ਼ੇ ਦਾ ਆਦੀ ਹੈ ਅਤੇ ਉਹ ਖੁਦ ਲਈ ਖਤਰਨਾਕ ਹੈ ਇਸ ਲਈ ਉਸ ਨੂੰ ਜੇਲ੍ਹ ਵਿਚ ਹੀ ਰਖਿਆ ਜਾਣਾ ਚਾਹੀਦਾ ਹੈ। ਲਾਵਰਟੀ ਇਸ ਤੋਂ ਪਹਿਲਾਂ ਵੀ ਨਸ਼ੇ ਸਬੰਧੀ ਵਾਰਦਾਤਾਂ ਲਈ 3 ਵਾਰ ਗ੍ਰਿਫਤਾਰ ਹੋ ਚੁਕਾ ਹੈ। ਇਸ ਘਟਨਾ ਤੋਂ ਦੋ ਹਫਤੇ ਪਹਿਲਾਂ ਹੀ ਉਹ ਮੁੜ ਵਸੇਬਾ ਪ੍ਰੋਗਰਾਮ ਮੁਕੰਮਲ ਕਰਕੇ ਆਇਆ ਸੀ।




ਅਕਾਲ ਸਹਾਇ

ਝੂਲਤੇ ਨਿਸ਼ਾਨ ਰਹੇਂ ਪੰਥ ਮਹਾਰਾਜ ਕੇ

ਖ਼ਾਲਸਈ ਜਾਹੋ ਜਲਾਲ ਦੇ
ਪ੍ਰਤੀਕ ਹੋਲੇ ਮਹੱਲੇ ਦੇ ਪਾਵਨ ਦਿਹਾੜੇ ਨੂੰ ਸਮਰਪਿਤ

# ਸੱਤਵਾਂ ਨਗਰ ਕੀਰਤਨ

**ਨਗਰ ਕੀਰਤਨ ਦੀ ਆਰੰਭਤਾ ਐਤਵਾਰ 1 ਅਪ੍ਰੈਲ 2018 ਨੂੰ 12:30 ਵਜੇ ਹੋਵੇਗੀ ।**

ਦਸਮੇਸ਼ ਪਿਤਾ ਜੀ ਦੁਆਰਾ ਚਲਾਈ ਹੋਈ ਰਵਾਇਤ ਹੋਲੇ ਮਹੱਲੇ ਦੇ ਦਿਹਾੜੇ ਨੂੰ ਸਮਰਪਿਤ ਸਾਲਾਨਾ ਸਮਾਗਮ 18 ਮਾਰਚ ਐਤਵਾਰ ਤੋਂ 1 ਅਪ੍ਰੈਲ ਐਤਵਾਰ ਤੱਕ ਗੁਰਦੁਆਰਾ ਗੁਰ ਨਾਨਕ ਪ੍ਰਕਾਸ਼ ਟਰੇਸੀ ਵਿਖੇ



ਬੜੇ ਹੀ ਸ਼ਰਧਾ ਭਾਵਨਾ ਨਾਲ ਸਮੂਹ ਸੰਗਤਾਂ ਦੇ ਸਹਿਯੋਗ ਸਦਕਾ ਮਨਾਇਆ ਜਾ ਰਿਹਾ ਹੈ ਜਿਸ ਵਿੱਚ ਪੰਥ ਦੇ ਮਹਾਨ ਕੀਰਤਨੀ ਜੱਥੇ ਅਤੇ ਵਿਦਵਾਨ ਗੁਰੂ ਜਸ ਸਰਵਣ ਕਰਾਉਣਗੇ । ਸਰਬਤ ਸੰਗਤਾਂ ਨੂੰ ਬੇਨਤੀ ਹੈ ਕਿ ਵੱਧ ਤੋਂ ਵੱਧ ਹਾਜ਼ਰੀਆਂ ਭਰ ਕੇ ਗੁਰੂ ਸਾਹਿਬਾਂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

## ਨੀਂਹ ਪੱਥਰ

**ਯਾਦਗਾਰ ਸੰਤ ਜਰਨੈਲ ਸਿੰਘ ਜੀ ਖਾਲਸਾ ਅਤੇ ਜੂਨ 1984 ਦੇ ਸੰਮੂਹ ਸ਼ਹੀਦ**

ਸਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖਤ ਸਾਹਿਬ ਅਤੇ ਹੋਰ ਗੁਰਧਾਮਾਂ ਦੀ ਰਾਖੀ ਕਰਦਿਆਂ ਹਿੰਦੁਸਤਾਨੀ ਸਰਕਾਰ ਦੀ ਜ਼ਾਲਮ ਫੌਜ ਦੇ ਹਮਲੇ ਦਾ ਆਖਰੀ ਦਮ ਤੱਕ ਮੂੰਹ ਤੋੜਵਾਂ ਜਵਾਬ ਦਿੰਦੇ ਹੋਏ ਦਮਦਮੀ ਟਕਸਾਲ ਦੇ ਚੌਧੁਵੇਂ ਮੁਖੀ, ਵੀਹਵੀਂ ਸਦੀ ਦੇ ਮਹਾਨ ਗੁਰਸਿੱਖ, ਸੰਤ ਸਿਪਾਹੀ, ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਅਤੇ ਉਹਨਾਂ ਦੀ ਸੁਚੱਜੀ ਅਗਵਾਈ ਵਿੱਚ ਜੂਝਣ ਵਾਲੇ ਸਿਰਲੱਥ ਕੌਮੀ ਪਰਵਾਨੇ ਜਿੰਨਾਂ ਨੇ ਹੱਸ ਹੱਸ ਕੇ ਸ਼ਹਾਦਤਾਂ ਪ੍ਰਾਪਤ ਕੀਤੀਆਂ ਤਿਨਾਂ ਦੀ ਪਵਿੱਤਰ ਯਾਦ ਵਿੱਚ ਗੁਰਦੁਆਰਾ ਗੁਰ ਨਾਨਕ ਪ੍ਰਕਾਸ਼ ਦੀ ਨਵੀਂ ਇਮਾਰਤ ਦਾ ਨੀਂਹ ਪੱਥਰ 1 ਅਪ੍ਰੈਲ 1:00 ਵਜੇ ਪੰਜ ਪਿਆਰੇ ਸਾਹਿਬਾਨਾਂ ਦੁਆਰਾ ਰੱਖਿਆ ਜਾਵੇਗਾ ।





ਭਾਈ ਸਾਹਿਬ ਭਾਈ ਪਿੰਦਰਪਾਲ ਸਿੰਘ ਜੀ ਮਾਰਚ 27 ਤੋਂ ਅਪ੍ਰੈਲ 1

ਭਾਈ ਹਰਚਰਨ ਸਿੰਘ ਜੀ ਖਾਲਸਾ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਮਾਰਚ 26 ਤੋਂ ਅਪ੍ਰੈਲ 1

ਭਾਈ ਇੰਦਰਜੀਤ ਸਿੰਘ ਜੀ ਖਾਲਸਾ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਮਾਰਚ 21-22-23

ਭਾਈ ਤਾਜਵਿੰਦਰ ਸਿੰਘ ਜੀ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਮਾਰਚ 24

ਭਾਈ ਨਿਰਮਲ ਸਿੰਘ ਜੀ ਨਾਗਪੁਰੀ ਸਾਬਕਾ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਮਾਰਚ 26 ਤੋਂ ਅਪ੍ਰੈਲ 1

ਭਾਈ ਤਜਿੰਦਰ ਸਿੰਘ, ਡਿੰਪਲ ਸਿੰਘ ਟੋਹਾਣੇ ਵਾਲੇ ਮਾਰਚ 18 ਤੋਂ ਮਾਰਚ 25

**ਪ੍ਰੋਗਰਾਮ:**

- 18 ਮਾਰਚ ਐਤਵਾਰ ਤੋਂ 31 ਮਾਰਚ ਸ਼ਨੀਵਾਰ ਰੋਜ਼ਾਨਾ ਸ਼ਾਮ 6 ਤੋਂ 8:30 ਤੱਕ ਦੀਵਾਨ ਸਜਣਗੇ ।
- 1 ਅਪ੍ਰੈਲ ਐਤਵਾਰ 9:30 ਤੋਂ 12:00 ਵਜੇ ਤੱਕ ਦੀਵਾਨ ਸਜਣਗੇ ।
- ਦੀਵਾਨ ਦੀ ਸਮਾਪਤੀ ਤੋਂ ਬਾਦ ਗੁਰੂ ਘਰ ਦੀ ਇਮਾਰਤ ਦਾ ਨੀਂਹ ਪੱਥਰ ਰੱਖਣ ਉਪਰੰਤ ਨਗਰ ਕੀਰਤਨ ਦੀ ਆਰੰਭਤਾ ਹੋਵੇਗੀ ।



**ਅੰਮ੍ਰਿਤ ਸੰਚਾਰ**

31 ਮਾਰਚ ਸ਼ਨੀਵਾਰ ਨੂੰ ਦਿਨੇ 11.00 ਵਜੇ ਪੰਜ ਪਿਆਰੇ ਸਾਹਿਬਾਨ ਅੰਮ੍ਰਿਤ ਦਾ ਬਾਟਾ ਤਿਆਰ ਕਰਨਗੇ।

**ਆਰੰਭ ਸ੍ਰੀ ਅਖੰਡ ਪਾਠ ਸਾਹਿਬ ਸ਼ੁੱਕਰਵਾਰ 30 ਮਾਰਚ**
**ਭੋਗ ਸ੍ਰੀ ਅਖੰਡ ਪਾਠ ਸਾਹਿਬ ਐਤਵਾਰ 01 ਅਪ੍ਰੈਲ**

ਪਹਿਲੇ ਸ੍ਰੀ ਅਖੰਡ ਪਾਠ ਸਾਹਿਬ ਦੀ ਸੇਵਾ ਹੋਲੇ ਮਹੱਲੇ ਦੇ ਸੰਬੰਧ ਵਿੱਚ ਭਾਈ ਬਲਬੀਰ ਸਿੰਘ ਸੇਖੋਂ ਸਮੂਹ ਪਰਿਵਾਰ ਵੱਲੋਂ ਹੋਵੇਗੀ ।

ਦੂਜੇ ਸ੍ਰੀ ਅਖੰਡ ਪਾਠ ਸਾਹਿਬ ਦੀ ਸੇਵਾ ਗੁਰੂ ਘਰ ਦੀ ਨਵੀਂ ਇਮਾਰਤ ਦੀ ਆਰੰਭਤਾ ਵਾਸਤੇ ਭਾਈ ਨਿਰਮਲ ਸਿੰਘ ਚੰਦੀ ਸਮੂਹ ਪਰਿਵਾਰ ਵੱਲੋਂ ਹੋਵੇਗੀ।

**ਵਲੋਂ : ਬਾਬਾ ਧਰਮ ਸਿੰਘ ਜੀ**
**Gurdara Gur Nanak Parkash Damdami Taksal**
**16101 West Grant Line Rd Tracy CA 953045**
ਜਾਣਕਾਰੀ ਵਾਸਤੇ ਸੰਪਰਕ ਨੰਬਰ : 209-346-4270

**Advertisement Sponsor**
From: - Insurance & Real Estate Advisor
Ninderjit Kaur Sandhu & Family
Phone - (209) 740-1391
Email: - ninderjitk@yahoo.com



Mehal Singh & Ninderjit Kaur

# ‘ਸਾਡਾ ਮਿਸ਼ਨ ਸਫ਼ਲ ਹੋਇਆ, ਸਜ਼ਾ ਦਾ ਕੋਈ ਗ਼ਮ ਨਹੀਂ’

## ਕੀ ਹੈ ਪੂਰਾ ਮਾਮਲਾ

31 ਅਗਸਤ 1995 ਨੂੰ ਮਨੁੱਖੀ ਬੰਬ ਬਣੇ ਭਾਈ ਦਿਲਾਵਰ ਸਿੰਘ ਨੇ ਬੇਅੰਤ ਸਿੰਘ ਨੂੰ ਪੰਜਾਬ ਸਿਵਲ ਸਕੱਤਰੇਤ ਦੇ ਸਾਹਮਣੇ ਧਮਾਕਾ ਕਰਕੇ ਮਾਰ ਦਿੱਤਾ ਸੀ। ਇਸ ਧਮਾਕੇ ਵਿਚ 17 ਹੋਰਨਾਂ ਲੋਕਾਂ ਦੀ ਵੀ ਜਾਨ ਚਲੀ ਗਈ ਸੀ। ਮਾਮਲੇ ਵਿਚ ਪੁਲਿਸ ਨੇ ਭਾਈ ਜਗਤਾਰ ਸਿੰਘ ਤਾਰਾ ਨੂੰ ਸਾਥੀਆਂ ਸਮੇਤ ਗ੍ਰਿਫ਼ਤਾਰ ਕੀਤਾ ਸੀ ਪਰ ਸਾਲ 2004 ਜਨਵਰੀ ਮਹੀਨੇ ਭਾਈ ਜਗਤਾਰ ਸਿੰਘ ਤਾਰਾ, ਜਗਤਾਰ ਸਿੰਘ ਹਵਾਰਾ, ਪਰਮਜੀਤ ਸਿੰਘ ਭਿਓਰਾ ਅਤੇ ਦੇਵੀ ਸਿੰਘ (ਜੋ ਕਿਸੇ ਹੋਰ ਕਤਲ ਦੇ ਮਾਮਲੇ ਵਿਚ ਜੇਲ੍ਹ ਵਿਚ ਬੰਦ ਸੀ) ਬੁੜੈਲ ਜੇਲ੍ਹ ਤੋਂ ਫ਼ਰਾਰ ਹੋ ਗਏ ਸਨ। ਬੁੜੈਲ ਜੇਲ੍ਹ ਅੰਦਰ 96 ਫੁੱਟ ਦੇ ਕਰੀਬ ਸੁਰੰਗ ਪੁੱਟ ਕੇ ਚਾਰੇ ਫ਼ਰਾਰ ਹੋਣ ਵਿਚ ਕਾਮਯਾਬ ਹੋ ਗਏ ਸਨ। ਬਾਅਦ



ਵਿਚ ਭਾਈ ਹਵਾਰਾ ਅਤੇ ਭਿਓਰਾ ਨੂੰ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ ਸੀ ਜਦਕਿ ਭਾਈ ਤਾਰਾ ਬਾਰੇ ਕਿਹਾ ਗਿਆ ਕਿ ਉਹ ਪਾਕਿਸਤਾਨ ਹੁੰਦਾ ਹੋਇਆ ਥਾਈਲੈਂਡ ਚਲਾ ਗਿਆ ਸੀ। ਪੰਜਾਬ ਪੁਲਿਸ ਨੇ ਬੁੜੈਲ ਜੇਲ੍ਹ ਤੋਂ ਫ਼ਰਾਰ ਹੋਣ ਦੇ 11 ਸਾਲ ਬਾਅਦ ਦਸੰਬਰ 2014 ਵਿਚ ਭਾਈ ਜਗਤਾਰ ਸਿੰਘ ਤਾਰਾ ਨੂੰ ਥਾਈਲੈਂਡ ਤੋਂ ਗ੍ਰਿਫ਼ਤਾਰ ਕਰਕੇ ਪੰਜਾਬ ਲਿਆਂਦਾ ਸੀ। ਇਸ ਦੇ ਬਾਅਦ ਭਾਈ ਜਗਤਾਰ ਸਿੰਘ ਤਾਰਾ ਖ਼ਿਲਾਫ਼ ਰੁਕੇ ਪਏ ਇਸ ਮੁਕੱਦਮੇ ਦੀ ਸੁਣਵਾਈ ਦੁਬਾਰਾ ਸ਼ੁਰੂ ਹੋਈ ਸੀ। ਸੁਰੱਖਿਆ ਕਾਰਨਾਂ ਕਰਕੇ ਬੁੜੈਲ ਜੇਲ੍ਹ ਵਿਚ ਲਗਾਈ ਗਈ ਵਿਸ਼ੇਸ਼ ਅਦਾਲਤ ਵਿਚ ਇਸ ਮੁਕੱਦਮੇ ਦੀ ਸੁਣਵਾਈ ਚੱਲੀ। ਭਾਈ ਤਾਰਾ ਨੇ ਮੁਕੱਦਮੇ ਦੌਰਾਨ ਸੀ.ਬੀ.ਆਈ. ਪੱਖ ਵਲੋਂ ਪੁੱਛੇ ਪ੍ਰਸ਼ਨਾਂ ਦੇ ਉਤਰ ਦਿੰਦੇ ਹੋਏ ਦੱਸਿਆ ਸੀ ਕਿ ਕਿਸ ਤਰ੍ਹਾਂ ਉਸ ਨੇ ਭਾਈ ਦਿਲਾਵਰ ਸਿੰਘ ਤੇ ਭਾਈ ਬਲਵੰਤ ਸਿੰਘ ਰਾਜੋਆਣਾ ਨਾਲ ਮਿਲ ਕੇ ਬੇਅੰਤ ਸਿੰਘ ਦੀ ਹੱਤਿਆ ਕਰਨ ਦੀ ਯੋਜਨਾ ਬਣਾਈ ਸੀ। ਭਾਈ ਤਾਰਾ ਨੇ ਦੱਸਿਆ ਸੀ ਕਿ ਵਾਰਦਾਤ ਵਿਚ ਵਰਤੀ ਗਈ ਅਬੈਂਸਡਰ ਕਾਰ ਨੂੰ ਵੀ ਉਸ ਨੇ ਹੀ ਨਾਂਅ ਬਦਲ ਕੇ ਖ਼ਰੀਦਿਆ ਸੀ ਅਤੇ ਵਾਰਦਾਤ ਵਾਲੇ ਦਿਨ ਉਹ ਦਿਲਾਵਰ ਸਿੰਘ ਨੂੰ ਪੰਜਾਬ ਸਿਵਲ ਸਕੱਤਰੇਤ ਤੱਕ ਛੱਡਣ ਲਈ ਵੀ ਗਿਆ ਸੀ। ਜਾਣਕਾਰੀ ਅਨੁਸਾਰ ਮਾਮਲੇ ਵਿਚ ਕੁੱਲ 15 ਮੁਲਜ਼ਮ ਬਣਾਏ ਗਏ ਸਨ ਜਿਨ੍ਹਾਂ ਵਿਚੋਂ 8 ਮੁਲਜ਼ਮਾਂ ’ਤੇ ਮੁਕੱਦਮਾ ਚੱਲਿਆ, ਜਿਨ੍ਹਾਂ ਵਿਚੋਂ ਸੱਤਾਂ ਖ਼ਲਾਫ਼ ਪਹਿਲਾ ਫ਼ੈਸਲਾ ਆ ਚੁੱਕਾ ਹੈ ਅਤੇ ਅੱਠਵਾਂ ਫ਼ੈਸਲਾ ਭਾਈ ਤਾਰਾ ਖ਼ਿਲਾਫ਼ ਆਇਆ ਹੈ।

# ਥਾਈਲੈਂਡ ਵਿਚ ਭਾਈ ਤਾਰਾ ਨੇ ਦੋ ਨੌਜਵਾਨਾਂ ਨੂੰ ਸਿਖਾਇਆ ਸੀ ਬੰਬ ਬਣਾਉਣਾ

ਬਠਿੰਡਾ/ਬਿਊਰੋ ਨਿਊਜ਼, ਭਾਈ ਤਾਰਾ ਨੂੰ ਬੇਸ਼ੱਕ ਅਦਾਲਤ ਨੇ ਉਮਰ ਕੈਦ ਦੀ ਸਜ਼ਾ ਸੁਣਾਈ ਹੈ ਪਰ ਬਠਿੰਡਾ ਦੇ ਦੋ ਨੌਜਵਾਨਾਂ ਰਮਨਦੀਪ ਸੰਨੀ ਤੇ ਅਮਰਜੀਤ ਨੂੰ ਥਾਈਲੈਂਡ ਵਿਚ ਬੰਬ ਬਣਾਉਣ ਦੀ ਟ੍ਰੇਨਿੰਗ ਦੇਣ ਦੇ ਮਾਮਲੇ ਵਿਚ 8 ਨਵੰਬਰ 2014 ਨੂੰ ਬਠਿੰਡਾ ਦੇ ਥਾਣਾ ਕੋਤਵਾਲੀ ਵਿਚ ਦਰਜ ਕੇਸ ਦੀ ਸੁਣਵਾਈ ਅਜੇ ਸੀ. ਜੇ. ਐੱਮ. ਦੀ ਅਦਾਲਤ ਵਿਚ ਚੱਲ ਰਹੀ ਹੈ। ਇਸ ਕੇਸ ਵਿਚ ਸੰਨੀ ਤੇ ਅਮਰਜੀਤ ਨੂੰ 26 ਮਾਰਚ ਨੂੰ ਅਦਾਲਤ ਵਿਚ ਪੇਸ਼ ਕੀਤਾ ਜਾਣਾ ਹੈ ਜੋ ਕਿ ਸਥਾਨਕ ਜੇਲ਼ ਵਿਚ ਬੰਦ ਹੈ। ਜ਼ਿਕਰਯੋਗ ਹੈ ਕਿ 8 ਨਵੰਬਰ 2014 ਨੂੰ ਮਨਦੀਪ ਸੰਨੀ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ ਸੀ, ਜਿਸ ਨੇ ਖੁਲਾਸਾ ਕੀਤਾ ਸੀ ਕਿ ਜਗਤਾਰ ਸਿੰਘ ਤਾਰਾ ਦੇ ਕਹਿਣ ’ਤੇ ਹੀ ਉਹ ਥਾਈਲੈਂਡ ਗਿਆ ਸੀ ਜਿਥੇ ਉਸ ਨੂੰ ਬੰਬ ਬਣਾਉਣ ਦੀ ਟ੍ਰੇਨਿੰਗ ਦਿੱਤੀ ਗਈ ਤੇ ਉਹ ਉਸ ਨੂੰ ਪਾਕਿਸਤਾਨ ਵੀ ਟ੍ਰੇਨਿੰਗ ਲਈ ਭੇਜਣਾ ਚਾਹੁੰਦਾ ਸੀ ਪਰ ਉਸ ਦਾ ਵੀਜ਼ਾ ਖਤਮ ਹੋਣ ਕਾਰਨ ਉਸ ਨੂੰ ਭਾਰਤ ਆਉਣਾ ਪਿਆ। ਥਾਈਲੈਂਡ ਵਿਚ ਖਾਲਿਸਤਾਨ ਟਾਈਗਰ ਫੋਰਸ ਦੇ ਮੁਖੀ ਜਗਤਾਰ ਸਿੰਘ ਤਾਰਾ ਨੇ ਉਸ ਨੂੰ ਫੰਡ ਵੀ ਮੁਹੱਈਆ ਕਰਵਾਇਆ ਸੀ।

ਪੁਲੀਸ ਅਨੁਸਾਰ ਭਾਈ ਤਾਰਾ ਫੇਸਬੁੱਕ ’ਤੇ ਆਪਣੀ ਫਰਜ਼ੀ ਆਈ. ਡੀ. ਬਣਾ ਕੇ ਭੋਲੇ-ਭਾਲੇ ਨੌਜਵਾਨਾਂ ਨੂੰ ਆਪਣੇ ਜਾਲ ਵਿਚ ਫਸਾਉਂਦਾ ਸੀ ਅਤੇ ਉਨ੍ਹਾਂ ਦਾ ਮਾਈਂਡਵਾਸ਼ ਕਰ ਕੇ ਖਾੜਕੂ ਗਤੀਵਿਧੀਆਂ ਵਿਚ ਸ਼ਾਮਲ ਕਰਦਾ ਸੀ। ਅਪ੍ਰੈਲ 2014 ਵਿਚ ਸੰਨੀ ਥਾਈਲੈਂਡ ਵਿਚ ਤਾਰਾ ਨੂੰ ਮਿਲਿਆ ਸੀ, ਜਿਸ ਦੀ ਭਿਣਕ ਖੁਫੀਆ ਏਜੰਸੀਆਂ ਨੂੰ ਲੱਗ ਚੁੱਕੀ ਸੀ, ਉਸ ਨੂੰ ਬਠਿੰਡਾ ਪਹੁੰਚਦੇ ਹੀ ਗ੍ਰਿਫਤਾਰ ਕਰ ਲਿਆ ਸੀ। ਰਿਮਾਂਡ ’ਤੇ ਸੰਨੀ ਨੇ ਸਭ ਕੁਝ ਦੱਸ ਦਿੱਤਾ ਅਤੇ ਆਪਣੇ ਸਾਥੀ ਅਮਰਜੀਤ ਜੋ ਕਿ ਮਨੁੱਖੀ ਬੰਬ ਬਣ ਕੇ ਜਗਦੀਸ਼ ਟਾਈਟਲਰ ਨੂੰ ਉਡਾਉਣਾ ਚਾਹੁੰਦਾ ਸੀ, ਉਹ ਵੀ ਤਾਰਾ ਦੇ ਸੰਪਰਕ ਵਿਚ ਸੀ।

ਸੰਨ 2015 ਵਿਚ ਅਮਰਜੀਤ ਵੀ ਫੜਿਆ ਗਿਆ ਸੀ ਪਰ ਜ਼ਮਾਨਤ ਤੋਂ ਬਾਅਦ ਉਹ ਘੁੰਮਦਾ ਰਿਹਾ ਅਤੇ 26 ਫਰਵਰੀ 2018 ਨੂੰ ਗੁਰਮੀਤ ਨਾਂ ਦੇ ਵਿਅਕਤੀ ਨੂੰ ਪਿਸਤੌਲ ਦੇਣ ਲਈ ਜਿਵੇਂ ਹੀ ਕੋਰਟ ਕੰਪਲੈਕਸ ਵਿਚ ਦਾਖਲ ਹੋਇਆ ਤਾਂ ਪੁਲਿਸ ਨੇ ਉਸ ਨੂੰ ਗ੍ਰਿਫ਼ਤਾਰ ਲਿਆ। ਅਮਰਜੀਤ ਲੈਬਨਾਨ ਤੋਂ ਆਇਆ ਸੀ ਅਤੇ ਉਹ ਭਾਈ ਤਾਰਾ ਦੇ ਸੰਪਰਕ ਵਿਚ ਸੀ ਅਤੇ ਉਸ ਨੇ ਮਨੁੱਖੀ ਬੰਬ ਬਣਾਉਣ ਦੀ ਟ੍ਰੇਨਿੰਗ ਵੀ ਲਈ ਸੀ। ਸੰਨੀ ਦੇ ਸੰਪਰਕ ਵਿਚ ਆਉਣ ਤੋਂ ਬਾਅਦ ਹੀ ਉਹ ਤਾਰਾ ਨੂੰ ਮਿਲਿਆ ਸੀ। ਉਸ ਨੇ ਵੀ ਥਾਈਲੈਂਡ ਵਿਚ ਜਾ ਕੇ ਟ੍ਰੇਨਿੰਗ ਲਈ ਸੀ ਪਰ ਆਪਣੇ ਮਕਸਦ ਵਿਚ ਕਾਮਯਾਬ ਨਹੀਂ ਹੋ ਸਕਿਆ ਕਿਉਂਕਿ ਖੁਫੀਆ ਏਜੰਸੀਆਂ ਦੀ ਉਸ ’ਤੇ ਪੂਰੀ ਨਜ਼ਰ ਸੀ। 2015 ਵਿਚ ਸੰਨੀ ਦੀ ਨਿਸ਼ਾਨਦੇਹੀ ’ਤੇ ਭਾਈ ਜਗਤਾਰ ਸਿੰਘ ਤਾਰਾ ਨੂੰ ਥਾਈਲੈਂਡ ਪੁਲਿਸ ਨੇ ਗ੍ਰਿਫਤਾਰ ਕੀਤਾ, ਜਿਸ ਨੂੰ ਭਾਰਤ ਲਿਆਂਦਾ ਗਿਆ ਅਤੇ ਉਸ ’ਤੇ ਦਰਜ ਮਾਮਲੇ ਦੀ ਸੁਣਵਾਈ ਹੋਈ, ਜਿਸ ਦਾ ਫੈਸਲਾ ਸ਼ਨੀਵਾਰ ਨੂੰ ਉਮਰ ਕੈਦ ਸੁਣਾਇਆ ਗਿਆ। ਸੰਨੀ ਦੇ ਖੁਲਾਸੇ ਤੋਂ ਬਾਅਦ ਹੀ ਭਾਈ ਤਾਰਾ ਨੂੰ ਬਠਿੰਡਾ ਪੁਲਸ ਰਿਮਾਂਡ ’ਤੇ ਲੈ ਕੇ ਆਈ ਸੀ ਅਤੇ ਉਸ ਨੂੰ ਪੂਰਨ ਤੌਰ ’ਤੇ ਗੁਪਤ ਰੱਖਿਆ ਗਿਆ ਸੀ। ਰਿਮਾਂਡ ਦੌਰਾਨ ਪੁੱਛਗਿੱਛ ਵਿਚ ਭਾਈ ਤਾਰਾ ਨੇ ਮੰਨਿਆ ਸੀ ਕਿ ਬਠਿੰਡਾ ਦੇ ਸੰਨੀ ਤੇ ਅਮਰਜੀਤ ਉਸ ਦੇ ਲਗਾਤਾਰ ਸੰਪਰਕ ਵਿਚ ਸਨ। ਭਾਈ ਤਾਰਾ ਉੱਘੇ ਖਾੜਕੂ ਭਾਈ ਸੁਰਿੰਦਰ ਸਿੰਘ ਨਾਗੋਕੇ ਦੇ ਸੰਪਰਕ ਵਿਚ ਆਉਣ ਤੋਂ ਬਾਅਦ ਖਾੜਕੂ ਗਤੀਵਿਧੀਆਂ ਵਿਚ ਸ਼ਾਮਲ ਹੋਇਆ ਸੀ ਅਤੇ ਉਸ ਨੇ ਹੀ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਦੀ ਯੋਜਨਾ ਬਣਾਈ ਸੀ, ਜਿਸ ਵਿਚ ਹੋਮਗਾਰਡ ਜਵਾਨ ਬਠਿੰਡਾ ਵਾਸੀ ਦਿਲਾਵਰ ਸਿੰਘ ਵੀ ਸ਼ਾਮਲ ਹੋਇਆ। ਭਾਈ ਨਾਗੋਕੇ ਤਾਂ ਬਲਿਊ ਸਟਾਰ ਆਪ੍ਰੇਸ਼ਨ ਦੌਰਾਨ ਮਾਰਿਆ ਗਿਆ ਸੀ ਜਦਕਿ ਇਸ ਤੋਂ ਬਾਅਦ ਬੱਬਰ ਖਾਲਸਾ ਗਰੁੱਪ ਦੇ ਮੈਂਬਰ ਭਾਈ ਜਗਤਾਰ ਸਿੰਘ ਤਾਰਾ ਲਗਾਤਾਰ ਗਤੀਵਿਧੀਆਂ ਵਿਚ ਸ਼ਾਮਲ ਰਿਹਾ ਅਤੇ ਉਸ ਨੇ ਆਪਣੀ ਫੋਰਸ ਕੇ. ਟੀ. ਐੱਫ. ਦੇ ਨਾਂ ’ਤੇ ਬਣਾਈ ਸੀ।

**ਜੇਲ ਦੇ ਬੋਰਡ ’ਤੇ ਫੇਰੀ ਕਾਲਖ :** ਚੰਡੀਗੜ੍ਹ: ਦੁਪਹਿਰ ਸਮੇਂ ਬਲਜੀਤ ਸਿੰਘ ਖਾਲਸਾ ਵੀ ਇਥੇ ਪਹੁੰਚਿਆ ਤੇ ਉਸਨੇ ਅੰਗਰੇਜ਼ੀ ਤੇ ਹਿੰਦੀ ਭਾਸ਼ਾ ਵਿਚ ਲਿਖੇ ਗਏ ਜੇਲ ਦੇ ਬੋਰਡ ’ਤੇ ਕਾਲਖ ਫੇਰਨ ਦੀ ਕੋਸ਼ਿਸ਼ ਕੀਤੀ। ਆਪਣੇ ਨਾਲ ਲਿਆਂਦੇ ਗਏ ਕਾਲੇ ਰੰਗ ਦੇ ਪੇਂਟ ਤੇ ਬੁਰਸ਼ ਨਾਲ ਉਹ ਜੇਲ ਦੇ ਬੋਰਡ ’ਤੇ ਕਾਲਖ ਫੇਰਨ ਲੱਗਾ, ਅਜੇ ਉਸਨੇ ਬੋਰਡ ਦੇ ਇਕ ਪਾਸੇ ਹੀ ਬੁਰਸ਼ ਨਾਲ ਕਾਲਖ ਫੇਰੀ ਸੀ ਕਿ ਉਥੇ ਮੌਜੂਦ ਪੁਲਸ ਕਰਮਚਾਰੀਆਂ ਨੇ ਉਸਨੂੰ ਕਾਬੂ ਕਰ ਲਿਆ। ਇਸ ਤੋਂ ਬਾਅਦ ਪੁਲਸ ਨੇ ਉਸਨੂੰ ਸਮਝਾਉਂਦੇ ਹੋਏ ਉਥੋਂ ਜਾਣ ਦਿੱਤਾ। ਬਲਜੀਤ ਸਿੰਘ ਪਹਿਲਾਂ ਵੀ ਸ਼ਹਿਰ ਵਿਚ ਅਜਿਹੇ ਕਈ ਸਰਕਾਰੀ ਭਵਨਾਂ ਦੇ ਬੋਰਡਾਂ ’ਤੇ ਕਾਲਖ ਫੇਰ ਚੁੱਕਾ ਹੈ। ਇੰਝ ਹੀ ਕਈ ਮਾਮਲਿਆਂ ਵਿਚ ਪੁਲਸ ਵਲੋਂ ਉਸਦੇ ਖਿਲਾਫ ਕੀਤੀ ਗਈ ਕਾਰਵਾਈ ਤੋਂ ਇਲਾਵਾ ਜ਼ਿਲਾ ਅਦਾਲਤ ਵਿਚ ਵੀ ਉਸ ’ਤੇ ਜੁਰਮਾਨਾ ਲਾਇਆ ਜਾ ਚੁੱਕਾ ਹੈ।


Global Solution for Transportation

Trucking ਕੰਪਨੀਆਂ ਵਾਸਤੇ ਹੇਠ ਲਿਖੀਆਂ ਸੇਵਾਂਵਾਂ ਉਪਲਭਧ ਹਨ

**E Trucking Solution**
- Trucking Management Software
- Complete Compliance Management
- Billing
- Dispatch By Phone app
- Accounting
- Maintenance Record

**Global Truck Permits**
- Corporation Set Up
- Truck Permits, NY Permits
- License Plates, Kyu Permits
- DOT and ICC -MC Permit
- IFTA Permits, Fuel Tax Filing
- CA -MCP Permits, 2290 Filing

ਨਵੀਆਂ ਕੰਪਨੀਆਂ ਲਈ ਸਪੈਸ਼ਲ ਆਫ਼ਰ

Call For Our Special Promotion -
All Permits For $99.00 only, Before March 31, 2018 For A New Company
(condition apply)



Rajinder Singh Tanda

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ

Address:
4646 Qantas Ln, Ste B14
Stockton CA 95206



Lakhvir Singh

Office - 1-800- 936 4011, 209-636-0880
Cell - (510) 557-6988, Fax - (209) 636 0850
email info@etruckingsolution.com www.etruckingsolution.com



ALL STATE INSURANCE

Allstate You're in good hands.

ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ

AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544



CAPITAL SERVICES

Capital services

ਸਾਰੀਆਂ ਸੇਵਾਵਾਂ ਇਕੋ ਥਾਂ

- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ



ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us

# ਕੁਝ ਸਮੇਂ ਲਈ ਪੰਜਾਬੀ 'ਚ ਚਲਾਈ ਕੈਲਗਰੀ ਸਿਟੀ ਕੌਂਸਲ ਦੀ ਕਾਰਵਾਈ

**ਕੈਲਗਰੀ/ਨਿਊਜ਼ ਬਿਊਰੋ:** ਕੈਲਗਰੀ ਸਿਟੀ ਕੌਂਸਲ ਦੀ ਮੀਟਿੰਗ ਦੀ ਕਾਰਵਾਈ ਕੁਝ ਸਮੇਂ ਲਈ ਪੰਜਾਬੀ ਭਾਸ਼ਾ ਵਿੱਚ ਚੱਲੀ। ਇਹ ਪਹਿਲੀ ਵਾਰ ਹੋਇਆ ਹੈ ਕਿ ਕੈਨੇਡਾ ਦੀ ਕਿਸੇ ਸਿਟੀ ਕੌਂਸਲ ਦੀ ਕਾਰਵਾਈ ਪੰਜਾਬੀ ਵਿੱਚ ਚੱਲੀ ਹੋਵੇ। ਇਹ ਸਮੁੱਚੀ ਕਾਰਵਾਈ ਕੌਂਸਲ ਦੇ ਰਿਕਾਰਡ ਵਿੱਚ ਦਰਜ ਹੋਣ ਕਾਰਨ ਪੰਜਾਬੀ ਭਾਸ਼ਾ ਲਈ ਇਹ ਮਾਣ ਵਾਲੀ ਗੱਲ ਸਾਬਤ ਹੋਈ। ਇਹ ਵੀ ਪਹਿਲੀ ਵਾਰ ਹੋਇਆ ਕਿ ਕੈਲਗਰੀ ਸਿਟੀ ਕੌਂਸਲ ਦੀ ਕਾਰਵਾਈ ਕਿਸੇ ਵੀ ਗੈਰ-ਅੰਗਰੇਜ਼ੀ ਭਾਸ਼ਾ ਵਿੱਚ ਚੱਲੀ ਹੋਵੇ।

ਪ੍ਰਾਪਤ ਜਾਣਕਾਰੀ ਅਨੁਸਾਰ ਕੈਲਗਰੀ ਵਾਸੀ ਗੁਰਦੀਪ ਸਿੰਘ ਹੀਰਾ ਕੌਂਸਲ ਦੀ ਮੀਟਿੰਗ ਵਿੱਚ ਆਪਣਾ ਸਵਾਲ ਪੁੱਛਣ ਲਈ ਸਿਟੀ ਹਾਲ ਪੁੱਜੇ। ਦੱਸਣਯੋਗ ਹੈ ਕਿ ਕੈਨੇਡਾ ਦੇ ਕਾਨੂੰਨ ਮੁਤਾਬਿਕ ਹਰ ਸ਼ਹਿਰ ਵਾਸੀ ਨੂੰ ਕੌਂਸਲ ਦੀ ਕਾਰਵਾਈ ਦੌਰਾਨ ਸਵਾਲ ਪੁੱਛਣ ਦਾ ਹੱਕ ਹੈ। ਕੈਲਗਰੀ ਦੀ ਸਿਟੀ ਕੌਂਸਲ ਵਿੱਚ ਅੱਜਕੱਲ੍ਹ ਬੇਸਮੈਂਟ ਬਣਾਉਣ ਲਈ ਕਾਨੂੰਨ ਤੈਅ ਕਰਨ ਬਾਰੇ ਬਹਿਸ ਚੱਲ ਰਹੀ ਹੈ ਤੇ ਇਹ ਮੁੱਦਾ ਪੰਜਾਬੀ ਭਾਈਚਾਰੇ ਲਈ ਕਾਫੀ ਅਹਿਮ ਹੈ। ਗੁਰਦੀਪ ਸਿੰਘ ਨੇ ਇਸ ਮੁੱਦੇ ਬਾਰੇ ਕੁਝ ਸਵਾਲ ਪੁੱਛਣੇ ਸਨ ਤੇ ਅਧਿਕਾਰੀਆਂ ਨੇ ਉਨ੍ਹਾਂ ਨੂੰ ਬੋਲਣ ਲਈ ਪੰਜ ਮਿੰਟ ਦਿੱਤੇ। ਉਨ੍ਹਾਂ ਨੇ ਅੰਗਰੇਜ਼ੀ ਵਿੱਚ ਬੋਲਣ ਦੀ ਕੋਸ਼ਿਸ਼ ਕੀਤੀ ਪਰ ਉਹ ਆਪਣੇ ਵਿਚਾਰਾਂ ਨੂੰ ਸਪੱਸ਼ਟ ਤਰੀਕੇ ਨਾਲ ਪੇਸ਼ ਨਾ ਕਰ ਸਕੇ। ਗੁਰਦੀਪ ਸਿੰਘ ਦੀ ਭਾਸ਼ਾਈ ਅੜਚਣ ਦੂਰ ਕਰਨ ਪੰਜਾਬੀ ਕੌਂਸਲਰ ਜੌਰਜ ਚਾਹਲ ਨੇ ਪਹਿਲ ਕੀਤੀ ਤੇ ਉਹ ਆਪਣੀ ਸੀਟ ਛੱਡ ਕੇ ਗੁਰਦੀਪ ਸਿੰਘ ਦੇ ਨਾਲ ਖੜ੍ਹੇ ਹੋ ਗਏ। ਜੌਰਜ ਚਾਹਲ ਨੇ ਗੁਰਦੀਪ ਸਿੰਘ ਦਾ ਸਵਾਲ ਪੰਜਾਬੀ ਤੋਂ ਅੰਗਰੇਜ਼ੀ ਵਿੱਚ ਅਨੁਵਾਦ ਕਰਕੇ ਕੌਂਸਲਰਾਂ ਨੂੰ ਸੁਣਾਇਆ। ਇਸ ਤੋਂ ਬਾਅਦ ਇੱਕ ਹੋਰ ਪੰਜਾਬੀ ਕੌਂਸਲਰ ਜੋਤੀ ਗੌਂਡੇਕ ਨੇ ਪੰਜਾਬੀ ਵਿੱਚ ਗੁਰਦੀਪ ਸਿੰਘ ਤੋਂ ਸਿੱਧੇ ਸਵਾਲ ਪੁੱਛ ਕੇ ਬਾਕੀ ਕੌਂਸਲਰਾਂ ਨੂੰ ਵੀ ਇਸ ਨੂੰ ਅੰਗਰੇਜ਼ੀ ਵਿੱਚ ਦੱਸਿਆ। ਇਸ ਤਰ੍ਹਾਂ ਇਹ ਸਾਰੀ ਕਾਰਵਾਈ ਕੌਂਸਲ ਦੇ ਰਿਕਾਰਡ ਵਿੱਚ ਦਰਜ ਹੋ ਗਈ। ਇਸ ਸਮੁੱਚੀ ਕਾਰਵਾਈ ਵਿੱਚ ਇੱਕ ਕੜੀ ਬਣਨ ਲਈ ਸਾਰੇ ਕੌਂਸਲਰਾਂ ਨੇ ਜੌਰਜ ਚਾਹਲ ਅਤੇ ਜੋਤੀ ਗੌਂਡੇਕ ਦਾ ਧੰਨਵਾਦ ਕੀਤਾ। ਇਸ ਦੌਰਾਨ ਗੁਰਦੀਪ ਸਿੰਘ ਹੀਰਾ ਦੀ ਸਾਰੇ ਸ਼ਹਿਰ ਵਿੱਚ ਤਾਰੀਫ਼ ਹੋ ਰਹੀ ਹੈ ਕਿ ਪੂਰੀ ਤਰ੍ਹਾਂ ਅੰਗਰੇਜ਼ੀ ਨਾ ਆਉਣ ਦੇ ਬਾਵਜੂਦ ਉਨ੍ਹਾਂ ਸਿਟੀ ਕੌਂਸਲ ਦੀ ਮੀਟਿੰਗ ਵਿੱਚ ਜਾ ਕੇ ਆਪਣਾ ਸਵਾਲ ਪੁੱਛਣ ਦਾ ਜਿਗਰਾ ਦਿਖਾਇਆ। ਜੌਰਜ ਚਾਹਲ ਨੇ ਦੱਸਿਆ ਕਿ ਉਹ ਸਿਟੀ ਕੌਂਸਲ ਵਿੱਚ ਮਤਾ ਲੈ ਕੇ ਆਉਣਗੇ, ਜਿਸ ਨਾਲ ਅੰਗਰੇਜ਼ੀ ਨਾ ਜਾਣਨ ਵਾਲੇ ਵੀ ਸਿਟੀ ਹਾਲ ਵਿੱਚ ਆ ਕੇ ਆਪਣੀ ਗੱਲ ਰੱਖ ਸਕਣਗੇ।



ਸਿਟੀ ਹਾਲ ਵਿੱਚ ਸਵਾਲ ਪੁੱਛ ਰਹੇ ਗੁਰਦੀਪ ਸਿੰਘ ਹੀਰਾ (ਸੱਜੇ) ਅਤੇ ਅਨੁਵਾਦ ਕਰ ਰਹੇ ਕੌਂਸਲਰ ਜੌਰਜ ਚਾਹਲ।

# ਵਿਦੇਸ਼ਾਂ ਵਿਚਲੇ ਗੁਰਦੁਆਰਾ ਕਮੇਟੀਆਂ ਦੀ ਬਿਆਨਬਾਜ਼ੀ ਸਰਕਾਰ ਦੇ ਧਿਆਨ 'ਚ

**ਦਿੱਲੀ/ਨਿਊਜ਼ ਬਿਊਰੋ:**

ਸਰਕਾਰ ਨੇ ਕਿਹਾ ਹੈ ਕਿ ਉਹ ਕੈਨੇਡਾ, ਅਮਰੀਕਾ ਅਤੇ ਬਰਤਾਨੀਆ ਜਿਹੇ ਦੇਸ਼ਾਂ ਵਿਚਲੀਆਂ ਕੁਝ ਗੁਰਦੁਆਰਾ ਕਮੇਟੀਆਂ ਵੱਲੋਂ ਸਿੱਖਾਂ ਦੇ ਮਾਮਲਿਆਂ ਵਿੱਚ ਉਸ (ਸਰਕਾਰ) ਵੱਲੋਂ ਦਖ਼ਲਅੰਦਾਜ਼ੀ ਬਾਰੇ ਲਾਏ ਦੋਸ਼ਾਂ ਦੇ ਬਿਆਨ ਉਸ ਦੇ ਧਿਆਨ ਵਿੱਚ ਹਨ। ਵਿਦੇਸ਼ ਮਾਮਲਿਆਂ ਬਾਰੇ ਰਾਜ ਮੰਤਰੀ ਵੀ ਕੇ ਸਿੰਘ ਨੇ ਵੀਰਵਾਰ ਨੂੰ ਰਾਜ ਸਭਾ ਵਿੱਚ ਲਿਖਤੀ ਜਵਾਬ ਦਿੰਦਿਆਂ ਕਿਹਾ ਕਿ ਇਨ੍ਹਾਂ ਕਮੇਟੀਆਂ ਨੇ ਇਹ ਵੀ ਦਾਅਵਾ ਕੀਤਾ ਹੈ ਕਿ ਉਨ੍ਹਾਂ ਨਾਲ ਸਬੰਧਤ ਬਹੁਤ ਸਾਰੇ ਗੁਰਦੁਆਰਿਆਂ ਨੇ ਭਾਰਤ ਸਰਕਾਰ ਦੇ ਕਿਸੇ ਵੀ ਅਧਿਕਾਰੀ ਨੂੰ ਦਾਖ਼ਲ ਨਾ ਹੋਣ ਦੇਣ ਦੀ ਹਾਮੀ ਭਰੀ ਸੀ। ਮੰਤਰੀ ਨੇ ਆਖਿਆ " ਸਰਕਾਰ ਕੈਨੇਡਾ, ਅਮਰੀਕਾ, ਬਰਤਾਨੀਆ ਤੇ ਕੁਝ ਹੋਰ ਮੁਲਕਾਂ ਵਿਚਲੀਆਂ ਗੁਰਦੁਆਰਾ ਕਮੇਟੀਆਂ ਤੇ ਜਥੇਬੰਦੀਆਂ ਵੱਲੋਂ ਦਿੱਤੇ ਬਿਆਨਾਂ ਤੋਂ ਜਾਣੂੰ ਹੈ ਜਿਨ੍ਹਾਂ ਇਹ ਦੋਸ਼ ਲਾਇਆ ਸੀ ਕਿ ਭਾਰਤ ਸਰਕਾਰ ਦੇ ਨੁਮਾਇੰਦਿਆਂ ਵੱਲੋਂ ਸਿੱਖ ਭਾਈਚਾਰੇ ਦੇ ਮਾਮਲਿਆਂ ਵਿੱਚ ਦਖ਼ਲਅੰਦਾਜ਼ੀ ਕੀਤੀ ਜਾਂਦੀ ਹੈ।" ਵੀ ਕੇ ਸਿੰਘ ਨੇ ਕਿਹਾ ਕਿ ਸਰਕਾਰ ਅਤਿਵਾਦੀ ਅਨਸਰਾਂ ਵੱਲੋਂ ਕੀਤੀਆਂ ਜਾਂਦੀਆਂ ਭਾਰਤ ਵਿਰੋਧੀ ਸਰਗਰਮੀਆਂ ਨਾਲ ਸਬੰਧਤ ਭਾਰਤ ਦੇ ਸਰੋਕਾਰਾਂ ਨੂੰ ਮੁਖ਼ਾਤਬ ਹੋਣ ਲਈ ਇਨ੍ਹਾਂ ਦੇਸ਼ਾਂ ਦੀਆਂ ਸਰਕਾਰ ਨਾਲ ਤਾਲਮੇਲ ਕਰ ਰਹੀ ਹੈ। ਉਨ੍ਹਾਂ ਕਿਹਾ " ਪਰਵਾਸੀ ਸਿੱਖਾਂ ਦੀ ਬਹੁਗਿਣਤੀ ਭਾਰਤ ਨਾਲ ਜਜ਼ਬਾਤੀ ਸਾਂਝ ਰੱਖਦੀ ਹੈ ਤੇ ਭਾਰਤ ਤੇ ਉਨ੍ਹਾਂ ਦੇ ਵਸੇਬੇ ਦੇ ਮੁਲਕ ਦਰਮਿਆਨ ਸਬੰਧਾਂ ਨੂੰ ਬਿਹਤਰ ਬਣਾਉਣ ਲਈ ਯਤਨਸ਼ੀਲ ਰਹਿੰਦੀ ਹੈ। ਸਰਕਾਰ ਮੁੱਠੀ ਭਰ ਅਨਸਰਾਂ ਵੱਲੋਂ ਨਫ਼ਰਤ ਤੇ ਫਿਰਕੂ ਦੁਰਭਾਵ ਪੈਦਾ ਕਰਨ ਲਈ ਕੀਤੀ ਜਾਂਦੀ ਬਿਆਨਬਾਜ਼ੀ ਵੱਲ ਬਹੁਤਾ ਧਿਆਨ ਨਹੀਂ ਦਿੰਦੀ।"

ਇੱਕ ਹੋਰ ਸਵਾਲ ਦਾ ਜਵਾਬ ਦਿੰਦਿਆਂ ਵਿਦੇਸ਼ ਮਾਮਲਿਆਂ ਬਾਰੇ ਮੰਤਰੀ ਐਮ ਜੇ ਅਕਬਰ ਨੇ ਕਿਹਾ ਕਿ ਵਿਦੇਸ਼ੀ ਜੇਲ੍ਹਾਂ ਵਿੱਚ ਇਸ ਸਮੇਂ 7850 ਭਾਰਤੀ ਨਜ਼ਰਬੰਦ ਹਨ।:

# ਭਾਰਤੀ ਵਿਦੇਸ਼ ਸਕੱਤਰ ਦੀ ਅਮਰੀਕੀ ਅਧਿਕਾਰੀਆਂ ਨਾਲ ਉੱਚ ਪੱਧਰੀ ਮੀਟਿੰਗ ਦੌਰਾਨ ਹਿੰਦ-ਪ੍ਰਸ਼ਾਂਤ ਖ਼ਿੱਤੇ ਸਬੰਧੀ ਮਸਲੇ ਵਿਚਾਰੇ

**ਵਾਸ਼ਿੰਗਟਨ/ਨਿਊਜ਼ ਬਿਊਰੋ:** ਵਿਦੇਸ਼ ਸਕੱਤਰ ਵਿਜੈ ਗੋਖਲੇ ਨੇ ਅਮਰੀਕੀ ਵਿਦੇਸ਼ ਮੰਤਰਾਲੇ ਦੇ ਸਿਖਰਲੇ ਅਧਿਕਾਰੀਆਂ ਨਾਲ ਬੈਠਕ ਕਰਕੇ ਹਿੰਦ-ਪ੍ਰਸ਼ਾਂਤ ਖ਼ਿੱਤੇ 'ਚ ਸਾਂਝੇ ਹਿੱਤਾਂ ਅਤੇ ਭਾਰਤ ਦੇ ਇਕ ਅਹਿਮ ਤਾਕਤ ਵਜੋਂ ਉਭਰਨ 'ਚ ਅਮਰੀਕੀ ਸਹਿਯੋਗ ਸਮੇਤ ਵੱਖ ਵੱਖ ਦੁਵੱਲੇ ਮੁੱਦਿਆਂ 'ਤੇ ਵਿਚਾਰ ਵਟਾਂਦਰਾ ਕੀਤਾ। ਭਾਰਤ ਦੇ ਮੋਹਰੀ ਕੂਟਨੀਤਕ ਵਜੋਂ ਅਮਰੀਕਾ ਦੀ ਆਪਣੀ ਪਹਿਲੀ ਫੇਰੀ ਦੌਰਾਨ ਸ੍ਰੀ ਗੋਖਲੇ ਨੇ ਅਮਰੀਕੀ ਵਿਦੇਸ਼ ਮੰਤਰਾਲੇ ਦੇ ਸਦਰ ਮੁਕਾਮ ਫੌਗੀ ਬੌਟਮ 'ਚ ਸਿਆਸੀ ਮਾਮਲਿਆਂ ਬਾਰੇ ਸਹਾਇਕ ਵਿਦੇਸ਼ ਮੰਤਰੀ ਥੌਮਸ ਸ਼ੈਨਨ ਨਾਲ ਮੁਲਾਕਾਤ ਕੀਤੀ। ਵਿਦੇਸ਼ ਮੰਤਰਾਲੇ ਦੇ ਤਰਜਮਾਨ ਨੇ ਖ਼ਬਰ ਏਜੰਸੀ ਨੂੰ ਦੱਸਿਆ ਕਿ ਬੈਠਕ ਦੌਰਾਨ ਅਮਰੀਕਾ 'ਚ ਭਾਰਤ ਦੇ ਸਫ਼ੀਰ ਨਵਤੇਜ ਸਰਨਾ ਅਤੇ ਦੱਖਣ ਤੇ ਮੱਧ ਏਸ਼ੀਆ ਲਈ ਅਮਰੀਕੀ ਵਿਦੇਸ਼ ਮੰਤਰਾਲੇ ਦੀ ਮੁੱਖ ਅਧਿਕਾਰੀ ਐਲਿਸ ਵੈੱਲਸ ਵੀ ਹਾਜ਼ਰ ਸਨ। ਬੈਠਕ ਨਾਲ ਸਬੰਧਤ ਹੋਰ ਕੋਈ ਜਾਣਕਾਰੀ ਨਹੀਂ ਮਿਲ ਸਕੀ ਹੈ। ਸ੍ਰੀ ਗੋਖਲੇ ਦੇ ਅਮਰੀਕੀ ਦੌਰੇ ਦਾ ਮੁੱਖ ਮਕਸਦ ਦੋਵੇਂ ਮੁਲਕਾਂ ਦਰਮਿਆਨ ਪਹਿਲੀ 'ਟੂ ਪਲੱਸ ਟੂ' ਵਾਰਤਾ ਲਈ ਜ਼ਮੀਨ ਤਿਆਰ ਕਰਨਾ ਸੀ। ਦੋਵੇਂ ਧਿਰਾਂ ਦੇ ਕਿਸੇ ਵੀ ਅਧਿਕਾਰੀ ਨੇ ਹੁਣ ਤੱਕ ਅਜਿਹੀ ਗੱਲਬਾਤ ਲਈ ਕਿਸੇ ਤਰੀਕ ਦਾ ਐਲਾਨ ਨਹੀਂ ਕੀਤਾ ਹੈ। ਉਂਜ ਇਹ ਗੱਲਬਾਤ ਅਪਰੈਲ ਤੱਕ ਮੁਕੰਮਲ ਹੋਣੀ ਸੀ। ਪਿਛਲੇ ਸਾਲ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦਰਮਿਆਨ ਵ੍ਹਾਈਟ ਹਾਊਸ 'ਚ ਹੋਈ ਸਫ਼ਲ ਮੁਲਾਕਾਤ ਦੌਰਾਨ 'ਟੂ ਪਲੱਸ ਟੂ' ਵਾਰਤਾ ਸ਼ੁਰੂ ਕਰਨ ਦਾ ਐਲਾਨ ਕੀਤਾ ਗਿਆ ਸੀ। ਇਸ ਗੱਲਬਾਤ ਦੌਰਾਨ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ, ਰੱਖਿਆ ਮੰਤਰੀ ਨਿਰਮਲਾ ਸੀਤਾਰਮਨ ਅਤੇ ਅਮਰੀਕੀ ਹਮਰੁਤਬਾ ਹਾਜ਼ਰ ਰਹਿਣਗੇ।



WHITE HAWK TRUCKING INC

*Need Drivers & Owner Operators*

Dedicated Load (ਪੱਕੇ ਲੋਡ)
Immediate Payment Option
West Coast I-5 Route



• ਸਾਡੇ ਸਾਰੇ ਟਰੱਕ ਨਵੇਂ ਹਨ • ਪੇਪਰ ਦਿਓ ਪੈਸੇ ਲਓ • Home Time ਵੀ ਦਿੰਦੇ ਹਾਂ
• ਡਰਾਇਵਰਾਂ ਦਾ ਕੋਈ ਵੀ ਪੈਸਾ ਥੱਲੇ ਨਹੀਂ ਰੱਖਿਆ ਜਾਂਦਾ • We Sell New & Used Tires
• Minor to Major Repair • Rebuild Engine Transmission DEF, DPF Cleaning
• Any kind of Road Service • Computer Diagnose

*Call for more Info:*

Phone: (209) 242-9569, (209) 564-8899, (209) 345-6968

2101 MARTIN LUTHER KING JR WAY STOCKTON, CA 95205



Corporate Office
4127 Bay Street, Suite 8
Fremont, CA 94538
Email: asrtimes@gmail.com

ਵਧੇਰੇ ਜਾਣਕਾਰੀ ਤੇ ਖ਼ਬਰਾਂ ਲਈ ਸੰਪਰਕ
Tel: (510) 240-5949 • Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157 • (510) 677-2777 Jai Singh

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

## ਪੰਜਾਬ 'ਆਪ' ਦਾ ਸੰਕਟ ਹਾਲ ਦੀ ਘੜੀ ਮੱਠਾ ਪਿਆ

*ਸ.ਫਾ ਇਕ ਦੀ ਬਾਕੀ*

ਵੀ ਮੀਟਿੰਗ ਵਿਚ ਹਾਜ਼ਰ ਸਨ। ਮੀਟਿੰਗ ਪੰਜਾਬ ਮਾਮਲਿਆਂ ਦੇ ਇੰਚਾਰਜ ਤੇ ਦਿੱਲੀ ਦੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਦੇ ਘਰੇ ਹੋਈ। ਮੀਟਿੰਗ ਦੌਰਾਨ ਸ੍ਰੀ ਕੇਜਰੀਵਾਲ ਨੇ ਭਗਵੰਤ ਮਾਨ ਅਤੇ ਅਮਨ ਅਰੋੜਾ ਦੇ ਅਸਤੀਫੇ ਨਾਮਨਜ਼ੂਰ ਕਰ ਦਿੱਤੇ ਅਤੇ ਵਿਰੋਧੀ ਧਿਰ ਦੇ ਆਗੂ ਸੁਖਪਾਲ ਖਹਿਰਾ ਨਾਲ ਵੱਖਰੀ ਮੀਟਿੰਗ ਕਰਨ ਦਾ ਫੈਸਲਾ ਕੀਤਾ ਹੈ। ਸੂਤਰਾਂ ਅਨੁਸਾਰ ਮੀਟਿੰਗ ਵਿਚ ਖੁਦ ਪੰਜਾਬ ਦੀ ਲੀਡਰਸ਼ਿਪ ਨੇ ਸਾਫ ਕੀਤਾ ਕਿ ਪੰਜਾਬ ਇਕਾਈ ਨੂੰ ਖੁਦਮੁਖਤਾਰ ਕਰ ਕੇ ਵੱਖਰਾ ਸੰਵਿਧਾਨ ਬਣਾਉਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।

ਪਾਰਟੀ ਦੇ ਵਿਧਾਇਕ ਕੰਵਰ ਸੰਧੂ ਕਿਹਾ ਸੀ ਕਿ ਉਹ ਵੱਖਰੀ ਪਾਰਟੀ ਨਹੀਂ ਬਣਾਉਣਾ ਚਾਹੁੰਦੇ ਪਰ ਪੰਜਾਬ ਇਕਾਈ ਨੂੰ ਖ਼ੁਦਮੁਖ਼ਤਾਰ ਕਰਨਾ ਚਾਹੀਦਾ ਹੈ। ਇਸ ਤੋਂ ਇਲਾਵਾ ਪੰਜਾਬ ਲੀਡਰਸ਼ਿਪ ਵੱਲੋਂ ਦਿੱਤੇ ਸੁਝਾਅ ਤੋਂ ਬਾਅਦ ਫੈਸਲਾ ਹੋਇਆ ਕਿ ਸ੍ਰੀ ਮਜੀਠੀਆ ਵਿਰੁੱਧ ਡਰੱਗ ਮਾਮਲੇ ਵਿਚ ਸੰਘਰਸ਼ ਜਾਰੀ ਰਹੇਗਾ। ਸ੍ਰੀ ਕੇਜਰੀਵਾਲ ਨੇ ਪੰਜਾਬ ਦੀ ਲੀਡਰਸ਼ਿਪ ਨੂੰ ਮੁਆਫੀ ਮੰਗਣ ਦੇ ਮਾਮਲੇ ਵਿਚ ਸਪਸ਼ਟੀਕਰਨ ਦਿੰਦਿਆਂ ਕਿਹਾ ਕਿ ਮੁਆਫੀ ਮੰਗਣਾ ਮਹਿਜ਼ ਸਿਆਸੀ ਦਾਅਪੇਚ ਹੈ, ਕਿਉਂਕਿ ਉਹ ਅਦਾਲਤੀ ਪ੍ਰਕਿਰਿਆ ਵਿਚ ਜ਼ਾਇਆ ਜਾ ਰਹੇ ਸਮੇਂ ਨੂੰ ਬਚਾਉਣਾ ਚਾਹੁੰਦੇ ਸਨ।

ਗ਼ੌਰਤਲਬ ਹੈ ਕਿ 16 ਮਾਰਚ ਨੂੰ ਸ੍ਰੀ ਖਹਿਰਾ ਵੱਲੋਂ ਪਾਰਟੀ ਦੇ ਵਿਧਾਇਕਾਂ ਦੀ ਬੁਲਾਈ ਮੀਟਿੰਗ ਵਿਚ ਐਲਾਨ ਕੀਤਾ ਗਿਆ ਸੀ ਕਿ ਕੋਈ ਵੀ ਵਿਧਾਇਕ ਇਸ ਮੀਟਿੰਗ ਵਿਚ ਸ਼ਾਮਲ ਨਹੀਂ ਹੋਵੇਗਾ। ਮੀਟਿੰਗ ਵਿਚ ਪੁੱਜਣ ਵਾਲੇ ਵਿਧਾਇਕਾਂ ਵਿਚ ਅਮਨ ਅਰੋੜਾ, ਸਰਵਜੀਤ ਕੌਰ ਮਾਣੂੰਕੇ, ਕੁਲਤਾਰ ਸਿੰਘ ਸੰਧਵਾਂ, ਅਮਰਜੀਤ ਸਿੰਘ ਸੰਦੋਆ, ਪ੍ਰੋ. ਬਲਜਿੰਦਰ ਕੌਰ, ਹਰਪਾਲ ਸਿੰਘ ਚੀਮਾ, ਪ੍ਰਿਸੀਪਲ ਬੁੱਧ ਰਾਮ, ਰੁਪਿੰਦਰ ਕੌਰ ਰੂਬੀ, ਜੈ ਕ੍ਰਿਸ਼ਨ ਸਿੰਘ ਰੋੜੀ ਅਤੇ ਮਨਜੀਤ ਸਿੰਘ ਬਿਲਾਸਪੁਰ ਸ਼ਾਮਲ ਹਨ, ਜਦੋਂਕਿ ਸ੍ਰੀ ਖਹਿਰਾ, ਕੰਵਰ ਸੰਧੂ, ਐਚ.ਐਸ. ਫੂਲਕਾ, ਮੀਤ ਹੇਅਰ, ਨਾਜ਼ਰ ਸਿੰਘ ਮਾਨਸ਼ਾਹੀਆ, ਪਿਰਮਲ ਸਿੰਘ ਖਾਲਸਾ, ਕੁਲਵੰਤ ਪੰਡੋਰੀ, ਮਾਸਟਰ ਬਲਦੇਵ ਸਿੰਘ, ਜਗਦੇਵ ਸਿੰਘ ਮੌੜ ਅਤੇ ਜਗਤਾਰ ਸਿੰਘ ਜੱਗਾ ਮੀਟਿੰਗ 'ਚੋਂ ਗ਼ੈਰਹਾਜ਼ਰ ਰਹੇ। ਇਸ ਤਰ੍ਹਾਂ ਪਾਰਟੀ ਵਿਚ ਦਰਾੜ ਵਧਦੀ ਜਾ ਰਹੀ ਹੈ।

ਸ੍ਰੀ ਖਹਿਰਾ ਨੇ ਦਾਅਵਾ ਕੀਤਾ ਕਿ ਚਾਰ ਵਿਧਾਇਕ ਸ੍ਰੀ ਬੁੱਧ ਰਾਮ, ਸ੍ਰੀ ਬਿਲਾਸਪੁਰ, ਬੀਬੀ ਰੂਬੀ ਅਤੇ ਸ੍ਰੀ ਰੋੜੀ ਉਨ੍ਹਾਂ ਦੀ ਨੁਮਾਇੰਦਗੀ ਲਈ ਮੀਟਿੰਗ ਵਿਚ ਗਏ ਅਤੇ 14 ਵਿਧਾਇਕ ਉਨ੍ਹਾਂ ਨਾਲ ਖੜ੍ਹੇ ਹਨ।

ਦੱਸਣਯੋਗ ਹੈ ਕਿ 16 ਮਾਰਚ ਨੂੰ ਇਥੇ ਹੋਈ ਮੀਟਿੰਗ ਦੌਰਾਨ ਸ੍ਰੀ ਖਹਿਰਾ ਸਮੇਤ ਬਹੁਤੇ ਵਿਧਾਇਕ ਵੱਖਰੀ ਪਾਰਟੀ ਬਣਾਉਣ ਲਈ ਕਾਹਲੇ ਸਨ। ਇਸ ਦੌਰਾਨ ਰੋਪੜ ਤੋਂ ਵਿਧਾਇਕ ਸ੍ਰੀ ਸੰਦੋਆ ਵੱਲੋਂ ਇਸ ਦਾ ਵਿਰੋਧ ਕਰਨ ਅਤੇ ਬਾਅਦ ਵਿਚ ਸ੍ਰੀ ਸੰਧਵਾਂ, ਪ੍ਰੋ. ਬਲਜਿੰਦਰ ਕੌਰ, ਸ੍ਰੀ ਅਰੋੜਾ ਅਤੇ ਇਕ-ਦੋ ਹੋਰ ਵਿਧਾਇਕਾਂ ਨੇ ਕਾਹਲੀ ਨਾ ਕਰਨ ਦੀ ਗੱਲ ਕਹਿ ਕਿ ਇਹ ਫੈਸਲਾ ਰੋਕ ਦਿੱਤਾ ਸੀ।

ਦਿੱਲੀ ਵਾਲੀ ਮੀਟਿੰਗ ਤੋਂ ਬਾਅਦ ਸ੍ਰੀ ਖਹਿਰਾ ਨੇ ਕਿਹਾ ਕਿ ਉਹ ਅਗਲੀ ਰਣਨੀਤੀ ਆਪਣੇ ਸਹਿਯੋਗੀਆਂ ਨਾਲ ਸਲਾਹ ਮਸ਼ਵਰਾ ਕਰ ਕੇ ਬਣਾਉਣਗੇ। ਦਿੱਲੀ ਜਾਣ ਤੋਂ ਪਹਿਲਾਂ ਵੀ ਜ਼ੋਨ ਪ੍ਰਧਾਨਾਂ ਨੇ ਚੰਡੀਗੜ੍ਹ ਵਿਚ ਵਿਰੋਧੀ ਧਿਰ ਦੇ ਆਗੂ ਸੁਖਪਾਲ ਖਹਿਰਾ ਨਾਲ ਮੀਟਿੰਗ ਕਰ ਕੇ ਉਨ੍ਹਾਂ ਨੂੰ ਪਾਰਟੀ ਨੂੰ ਸੰਕਟ ਵਿਚੋਂ ਕੱਢਣ ਦੀ ਅਪੀਲ ਕੀਤੀ। ਸ੍ਰੀ ਧਾਲੀਵਾਲ ਨੇ ਦੱਸਿਆ ਕਿ ਮੀਟਿੰਗ ਹਾਂਪੱਖੀ ਰਹੀ ਅਤੇ ਆਸ ਹੈ ਕਿ ਪਾਰਟੀ ਜਲਦ ਹੀ ਸੰਕਟ ਵਿਚੋਂ ਨਿਕਲ ਆਵੇਗੀ।

# ਕੇਜਰੀਵਾਲ ਵਲੋਂ ਮਜੀਠੀਏ ਤੋਂ ਮੁਆ.ਫ਼ੀ ਮੰਗਣ ਬਾਅਦ ਦਿੱਲੀ ਵਿਰੁਧ ਪੰਜਾਬ ਵਾਲਿਆਂ ਨੇ ਚੁਕਿਆ ਸੀ ਝਾੜੂ

**ਚੰਡੀਗੜ੍ਹ/ਨਿਊਜ਼ ਬਿਊਰੋ:** ਆਮ ਆਦਮੀ ਪਾਰਟੀ (ਆਪ) ਦੇ ਕੌਮੀ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਵੱਲੋਂ ਡਰੱਗ ਕਾਂਡ ਵਿੱਚ ਉਨ੍ਹਾਂ ਖ਼ਿਲਾਫ਼ ਚੱਲ ਰਹੇ ਮਾਣਹਾਨੀ ਦੇ ਕੇਸ ਵਿੱਚ ਅਕਾਲੀ ਦਲ ਦੇ ਜਨਰਲ ਸਕੱਤਰ ਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਕੋਲੋਂ ਨਾਟਕੀ ਢੰਗ ਨਾਲ ਮੁਆਫ਼ੀ ਮੰਗਣ ਕਾਰਨ ਪਾਰਟੀ ਦੀ ਪੰਜਾਬ ਇਕਾਈ ਵਿੱਚ ਚੁਫੇਰਿਓਂ ਬਗ਼ਾਵਤੀ ਸੁਰਾਂ ਉੱਠ ਗਈਆਂ ਸਨ। ਅਜਿਹੇ ਸੰਕੇਤ ਸਨ ਕਿ ਪੰਜਾਬ ਇਕਾਈ ਦੇ ਆਗੂ ਆਪਣੀ ਵੱਖਰੀ ਪਾਰਟੀ ਬਣਾਉਣ ਦੀ ਤਿਆਰੀ ਵਿੱਚ ਹਨ। ਸੰਸਦ ਮੈਂਬਰ ਭਗਵੰਤ ਮਾਨ ਨੇ ਪੰਜਾਬ ਇਕਾਈ ਦੇ ਪ੍ਰਧਾਨ ਅਤੇ ਵਿਧਾਇਕ ਅਮਨ ਅਰੋੜਾ ਨੇ ਸਹਿ ਪ੍ਰਧਾਨ ਦੇ ਅਹੁਦਿਆਂ ਤੋਂ ਅਸਤੀਫੇ ਦੇ ਕੇ ਪਾਰਟੀ ਵਿੱਚ ਤੂਫਾਨ ਲਿਆ ਦਿੱਤਾ। ਸਮੂਹ ਵਿਧਾਇਕਾਂ ਨੇ ਵੀ ਸ਼ੁਕਰਵਾਰ ਨੂੰ ਇੱਥੇ ਮੀਟਿੰਗ ਕਰਕੇ ਸ੍ਰੀ ਕੇਜਰੀਵਾਲ ਨੂੰ ਫਿਟਕਾਰਾਂ ਪਾਈਆਂ ਹਨ। 'ਆਪ' ਦੇ ਵਿਧਾਇਕਾਂ ਸਮੇਤ ਲੋਕ ਇਨਸਾਫ ਪਾਰਟੀ ਦੇ ਬੈਂਸ ਭਰਾਵਾਂ ਦੀ ਜੋੜੀ ਨੇ ਪੰਜਾਬ ਵਿਧਾਨ ਸਭਾ ਦੇ ਕਮੇਟੀ ਰੂਮ ਵਿੱਚ ਮੀਟਿੰਗ ਕਰਕੇ ਸ੍ਰੀ ਕੇਜਰੀਵਾਲ ਨੂੰ ਫਿਟਕਾਰਾਂ ਪਾਈਆਂ। ਉਨ੍ਹਾਂ ਕਿਹਾ ਕਿ ਇਸ ਆਗੂ ਨੇ ਆਪਣੀ ਕਮਜ਼ੋਰ ਮਾਨਸਿਕਤਾ ਕਾਰਨ ਸ੍ਰੀ ਮਜੀਠੀਆ ਅੱਗੇ ਆਤਮਸਮਰਪਣ ਕੀਤਾ ਹੈ, ਜਿਸ ਨਾਲ ਪਾਰਟੀ ਦੀ ਪੰਜਾਬ ਇਕਾਈ ਦੇ ਆਗੂਆਂ ਅਤੇ ਵਰਕਰਾਂ ਨੂੰ ਨਮੋਸ਼ੀ ਝੱਲਣੀ ਪੈ ਰਹੀ ਹੈ। ਮੀਟਿੰਗ ਵਿੱਚ ਵਿਧਾਇਕ ਐਚਐਸ ਫੂਲਕਾ ਤੇ ਹਰਪਾਲ ਸਿੰਘ ਚੀਮਾ ਤੋਂ ਇਲਾਵਾ ਸਾਰੇ ਵਿਧਾਇਕ ਮੌਜੂਦ ਸਨ। ਸੂਤਰਾਂ ਅਨੁਸਾਰ ਮੀਟਿੰਗ ਵਿੱਚ 13 ਦੇ ਕਰੀਬ ਵਿਧਾਇਕ ਪੰਜਾਬ ਦਾ ਵੱਖਰਾ ਯੂਨਿਟ ਬਣਾਉਣ ਦੇ ਹਾਮੀ ਸਨ, ਪਰ ਆਖ਼ਰੀ ਮੌਕੇ ਇਹ ਫ਼ੈਸਲਾ ਟਾਲ ਦਿੱਤਾ ਗਿਆ । ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਸੁਖਪਾਲ ਖਹਿਰਾ ਨੇ ਉਪ ਨੇਤਾ ਸਰਵਜੀਤ ਕੌਰ ਮਾਣੂਕੇ, ਵਿਧਾਇਕ ਅਮਨ ਅਰੋੜਾ, ਕੰਵਰ ਸੰਧੂ, ਪ੍ਰੋ. ਬਲਜਿੰਦਰ ਕੌਰ, ਪ੍ਰਿੰਸੀਪਲ ਬੁੱਧ ਰਾਮ ਅਤੇ ਲੋਕ ਇਨਸਾਫ ਪਾਰਟੀ ਦੇ ਵਿਧਾਇਕਾਂ ਸਿਮਰਜੀਤ ਸਿੰਘ ਬੈਂਸ ਤੇ ਬਲਵਿੰਦਰ ਸਿੰਘ ਬੈਂਸ ਸਮੇਤ 20 ਵਿਧਾਇਕਾਂ ਨੇ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਸ੍ਰੀ ਕੇਜਰੀਵਾਲ ਨੇ ਸ੍ਰੀ ਮਜੀਠੀਆ ਮੂਹਰੇ ਆਤਮਸਮਰਪਣ ਕਰਕੇ ਪੰਜਾਬ ਨਾਲ ਧੋਖਾ ਕੀਤਾ। ਸ੍ਰੀ ਖਹਿਰਾ ਨੇ ਕਿਹਾ ਕਿ ਸਮੂਹ ਆਗੂ ਦਿੱਲੀ ਦੀ ਥਾਂ ਪੰਜਾਬ ਦੇ ਹਿਤਾਂ ਨਾਲ ਖੜ੍ਹੇ ਹਨ ਅਤੇ ਉਹ ਅਹੁਦਿਆਂ ਦੀ ਕੋਈ ਪ੍ਰਵਾਹ ਨਹੀਂ ਕਰਨਗੇ। ਉਨ੍ਹਾਂ ਸੰਕੇਤ ਦਿੱਤੇ ਕਿ ਪੰਜਾਬ ਦੀ ਸਮੁੱਚੀ ਲੀਡਰਸ਼ਿਪ ਸ੍ਰੀ ਕੇਜਰੀਵਾਲ ਦੀ ਇਸ ਭੁੱਲ ਵਿਰੁੱਧ ਅਤੇ ਪੰਜਾਬ ਦੇ ਹਿੱਤਾਂ ਲਈ ਜਲਦੀ ਹੀ ਅਹਿਮ ਫ਼ੈਸਲੇ ਲਵੇਗੀ। ਕੰਵਰ ਸੰਧੂ ਨੇ ਦੱਸਿਆ ਕਿ ਭਗਵੰਤ ਮਾਨ ਉਨ੍ਹਾਂ ਦੇ ਸੰਪਰਕ ਵਿਚ ਹੈ ਅਤੇ ਅਗਲੀ ਰਣਨੀਤੀ ਉਨ੍ਹਾਂ ਨਾਲ ਸਲਾਹ ਮਸ਼ਵਰਾ ਕਰਕੇ ਹੀ ਘੜੀ ਜਾਵੇਗੀ।



ਵਿਰੋਧੀ ਧਿਰ ਦੇ ਆਗੂ ਸੁਖਪਾਲ ਖਹਿਰਾ ਵਿਧਾਨ ਸਭਾ ਦੀ ਲਾਬੀ ਵਿੱਚ ਹੋਰਨਾਂ ਵਿਧਾਇਕਾਂ ਸਮੇਤ ਪੱਤਰਕਾਰਾਂ ਨੂੰ ਸੰਬੋਧਨ ਕਰਦੇ ਹੋਏ।

### ਸਾਡਾ ਕੰਮ ਅਦਾਲਤਾਂ 'ਚ ਲੜਨ ਦਾ ਨਹੀਂ: ਸਿਸੋਦੀਆ

ਪਾਰਟੀ ਦੇ ਪੰਜਾਬ ਮਾਮਲਿਆਂ ਦੇ ਇੰਚਾਰਜ ਤੇ ਦਿੱਲੀ ਦੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੇ ਕਿਹਾ ਕਿ ਉਹ ਪੰਜਾਬ ਦੀ ਨਾਰਾਜ਼ ਲੀਡਰਸ਼ਿਪ ਨਾਲ ਗੱਲ ਕਰਕੇ ਮਸਲੇ ਨੂੰ ਹੱਲ ਕਰਨਗੇ। ਉਨ੍ਹਾਂ ਕਿਹਾ ਕਿ 'ਆਪ' ਲੋਕਾਂ ਲਈ ਗਲੀਆਂ ਵਿੱਚ ਲੜਨ ਵਾਲੀ ਪਾਰਟੀ ਹੈ ਅਤੇ ਉਨ੍ਹਾਂ ਦਾ ਕੰਮ ਅਦਾਲਤਾਂ ਵਿੱਚ ਲੜਨ ਦਾ ਨਹੀਂ। ਉਨ੍ਹਾਂ ਕਿਹਾ ਕਿ ਜੇ ਪਾਰਟੀ ਲੀਡਰਸ਼ਿਪ ਅਦਾਲਤੀ ਲੜਾਈ ਵਿੱਚ ਉਲਝੀ ਰਹੀ ਤਾਂ ਲੋਕ ਹਿਤਾਂ ਲਈ ਲੜਨ ਦਾ ਸਮਾਂ ਕਿਵੇਂ ਬਚੇਗਾ। ਉਧਰ 'ਆਪ' ਹਰਿਆਣਾ ਦੇ ਪ੍ਰਧਾਨ ਨਵੀਨ ਜੈਹਿੰਦ ਨੇ ਕਿਹਾ ਕਿ ਫੰਡਾਂ ਦੀ ਤੋਟ, ਵਕੀਲਾਂ ਦੀਆਂ ਫੀਸਾਂ ਤੇ ਹੋਰ ਝੰਜਟਾਂ ਤੋਂ ਬਚਣ ਲਈ ਪਾਰਟੀ ਵੱਲੋਂ ਸਾਰੇ ਮਾਮਲਿਆਂ ਵਿਚ ਮੁਆਫੀਆਂ ਮੰਗੀਆਂ ਜਾ ਰਹੀਆਂ ਹਨ।

### ਬੈਂਸ ਵਲੋਂ ਖਹਿਰਾ ਦੀ ਨਿਖੇਧੀ

ਇਸ ਦੌਰਾਨ ਆਮ ਆਦਮੀ ਪਾਰਟੀ (ਆਪ) ਦੀ ਕੌਮੀ ਕਾਰਜਕਾਰਨੀ ਦੇ ਮੈਂਬਰ ਤੇ ਪੰਜਾਬ ਦੇ ਮੁੱਖ ਬੁਲਾਰੇ ਹਰਜੋਤ ਬੈਂਸ ਨੇ ਦੋਸ਼ ਲਾਇਆ ਕਿ ਸੁਖਪਾਲ ਖਹਿਰਾ ਵਿਰੋਧੀ ਧਿਰ ਦੇ ਆਗੂ ਵਜੋਂ ਪਾਰਟੀ ਨੂੰ ਤੋੜਨ ਦੇ ਯਤਨ ਵਿੱਚ ਹੈ। ਉਨ੍ਹਾਂ ਕਿਹਾ ਕਿ ਸ੍ਰੀ ਖਹਿਰਾ ਨੂੰ ਜੇਕਰ ਪਾਰਟੀ ਏਨੀ ਮਾੜੀ ਲਗਦੀ ਹੈ ਤਾਂ ਉਹ ਵਿਰੋਧੀ ਧਿਰ ਦੇ ਆਗੂ ਅਤੇ ਵਿਧਾਇਕ ਦੇ ਅਹੁਦਿਆਂ ਤੋਂ ਅਸਤੀਫਾ ਦੇ ਕੇ ਲੋਕਾਂ ਕੋਲੋਂ ਮੁੜ ਫਤਵਾ ਲੈਣ ਦੀ ਹਿੰਮਤ ਦਿਖਾਉਣ।

### 'ਆਪ' ਨਾਲੋਂ ਨਾਤਾ ਤੋੜਿਆ

ਉਧਰ ਲੋਕ ਇਨਸਾਫ਼ ਪਾਰਟੀ ਦੇ ਆਗੂ ਬੈਂਸ ਭਰਾਵਾਂ ਨੇ 'ਆਪ' ਨਾਲੋਂ ਨਾਤਾ ਤੋੜਦਿਆਂ ਕਿਹਾ ਕਿ ਸ੍ਰੀ ਕੇਜਰੀਵਾਲ ਨੇ ਮੁਆਫੀ ਮੰਗ ਕੇ ਪੰਜਾਬ ਨਾਲ ਗੱਦਾਰੀ ਕੀਤੀ ਹੈ ਅਤੇ ਪੰਜਾਬ ਦੇ ਲੋਕ ਹੁਣ ਉਨ੍ਹਾਂ ਨੂੰ ਕਦੇ ਵੀ ਮੁਆਫ ਨਹੀਂ ਕਰਨਗੇ। ਉਨ੍ਹਾਂ ਦੋਸ਼ ਲਾਇਆ ਕਿ ਸ੍ਰੀ ਕੇਜਰੀਵਾਲ ਨੇ ਮਾਣਹਾਨੀ ਕੇਸ ਤੋਂ ਡਰਦਿਆਂ ਨਹੀਂ ਸਗੋਂ ਕੋਈ ਸਿਆਸੀ ਗਿੱਟਮਿੱਟ ਕਰਕੇ ਮੁਆਫੀ ਮੰਗੀ ਹੈ।

## ਕੇਜਰੀਵਾਲ ਦੀ ਮੁਆਫੀ ਮੁਹਿੰਮ : ਮਜੀਠੀਆ ਤੋਂ ਬਾਅਦ ਗਡਕਰੀ ਅਤੇ ਸਿੱਬਲ ਅੱਗੇ ਵੀ 'ਗੋਡੇ ਟੇਕੇ'

ਦਿੱਲੀ/ਸਿੱਖ ਸਿਆਸਤ ਬਿਊਰੋ:

ਆਮ ਆਦਮੀ ਪਾਰਟੀ ਦੇ ਮੁਖੀ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਵਲੋਂ ਅੱਜ ਕਲ੍ਹ ਮੁਆਫੀ ਮੁਹਿੰਮ ਚਲਾਈ ਜਾ ਰਹੀ ਹੈ, ਜੋ ਅਕਾਲੀ ਆਗੂ ਬਿਕਰਮ ਮਜੀਠੀਆ ਤੋਂ ਬਾਅਦ ਹੁਣ ਭਾਜਪਾ ਦੇ ਆਗੂ ਨਿਤਿਨ ਗਡਕਰੀ ਅਤੇ ਕਾਂਗਰਸੀ ਆਗੂ ਕਪਿਲ ਸਿੱਬਲ ਦੇ ਦੇ ਦਰਾਂ 'ਤੇ ਜਾ ਪਹੁੰਚੀ ਹੈ। ਅਰਵਿੰਦ ਕੇਜਰੀਵਾਲ ਨੇ ਕੇਂਦਰੀ ਟਰਾਂਸਪੋਰਟ ਮੰਤਰੀ ਨਿਤਿਨ ਗਡਕਰੀ ਨੂੰ ਪੱਤਰ ਲਿਖ ਕੇ ਮੁਆਫ਼ੀ ਮੰਗੀ ਹੈ। ਭਾਜਪਾ ਨੇਤਾ ਨੇ ਕੇਜਰੀਵਾਲ ਖਿਲਾਫ਼ ਮਾਣਹਾਨੀ ਦਾ ਕੇਸ ਦਾਇਰ ਕੀਤਾ ਹੋਇਆ ਸੀ। ਇਸ ਤੋਂ ਇਲਾਵਾ ਕੇਜਰੀਵਾਲ ਅਤੇ ਦਿੱਲੀ ਦੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੇ ਸਾਬਕਾ ਕੇਂਦਰੀ ਮੰਤਰੀ ਕਪਿਲ ਸਿੱਬਲ ਦੇ ਪੁੱਤਰ ਅਮਿਤ ਸਿੱਬਲ ਤੋਂ ਮੁਆਫ਼ੀ ਮੰਗੀ ਹੈ ਜਿਨ੍ਹਾਂ 2013 ਵਿੱਚ ਆਪ ਆਗੂਆਂ ਖ਼ਿਲਾਫ਼ ਮਾਣਹਾਨੀ ਕੇਸ ਦਾਇਰ ਕੀਤਾ ਸੀ। ਬਾਅਦ ਵਿੱਚ ਕੇਜਰੀਵਾਲ ਅਤੇ ਗਡਕਰੀ ਨੇ ਮਾਣਹਾਨੀ ਦਾ ਕੇਸ ਵਾਪਸ ਲੈਣ ਲਈ ਇਕੱਠਿਆਂ ਇਕ ਅਰਜ਼ੀ ਅਦਾਲਤ ਵਿੱਚ ਦਾਖ਼ਲ ਕੀਤੀ। ਇਸ ਦੇ ਆਧਾਰ 'ਤੇ ਵਧੀਕ ਚੀਫ ਮੈਟਰੋਪੋਲੀਟਨ ਮੈਜਿਸਟ੍ਰੇਟ ਸਮਰ ਵਿਸ਼ਾਲ ਨੇ ਕੇਜਰੀਵਾਲ ਤੇ ਉਨ੍ਹਾਂ ਦੇ ਸਾਥੀ ਮਨੀਸ਼ ਸਿਸੋਦੀਆ ਨੂੰ ਦੋਵਾਂ ਕੇਸਾਂ 'ਚੋਂ ਬਰੀ ਕਰ ਦਿੱਤਾ। ਦੋਵੇਂ ਆਗੂਆਂ ਨੇ ਇਕ ਪੱਤਰ ਵਿੱਚ ਸ਼੍ਰੀ ਸਿੱਬਲ ਖ਼ਿਲਾਫ਼ ਬੇਬੁਨਿਆਦ ਦੋਸ਼ ਲਾਉਣ ਬਦਲੇ ਮੁਆਫ਼ੀ ਮੰਗੀ ਹੈ।



ਕੇਂਦਰੀ ਮੰਤਰੀ ਗਡਕਰੀ ਨੂੰ ਆਪ ਆਗੂ ਵੱਲੋਂ 16 ਮਾਰਚ ਨੂੰ ਲਿਖੇ ਪੱਤਰ ਵਿੱਚ ਲਿਖਿਆ ਗਿਆ ਹੈ ਕਿ "ਮੈਂ ਕੁਝ ਬਿਆਨ ਦਿੱਤੇ ਸਨ ਜਿਨਾਂ ਦੀ ਤਸਦੀਕ ਨਹੀਂ ਹੋ ਸਕੀ ਸੀ ਤੇ ਜਿਨ੍ਹਾਂ ਕਰ ਕੇ ਤੁਹਾਡੇ ਮਨ ਨੂੰ ਠੇਸ ਪਹੁੰਚੀ ਹੋ ਸਕਦੀ ਹੈ ਜਿਸ ਕਰ ਕੇ ਤੁਸੀਂ ਮੇਰੇ ਖ਼ਿਲਾਫ਼ ਮਾਣਹਾਨੀ ਦਾ ਕੇਸ ਦਾਇਰ ਕੀਤਾ ਸੀ। ਮੇਰੇ ਮਨ ਵਿੱਚ ਤੁਹਾਡੇ ਖਿਲਾਫ਼ ਜਾਤੀ ਤੌਰ 'ਤੇ ਕੁਝ ਵੀ ਨਹੀਂ ਹੈ। ਮੈਂ ਇਸ ਕਰ ਕੇ ਮੁਆਫ਼ੀ ਦਾ ਯਾਚਕ ਹਾਂ।" ਆਮ ਆਦਮੀ ਪਾਰਟੀ ਨੇ ਇਕ ਸੂਚੀ ਜਾਰੀ ਕਰ ਕੇ "ਭਾਰਤ ਦੇ ਸਭ ਤੋਂ ਵੱਧ ਭ੍ਰਿਸ਼ਟ ਆਗੂਆਂ" ਦੇ ਨਾਂ ਨਸ਼ਰ ਕੀਤੇ ਸਨ ਜਿਨ੍ਹਾਂ ਵਿੱਚ ਗਡਕਰੀ ਦਾ ਨਾਂ ਵੀ ਸ਼ਾਮਲ ਸੀ। ਇਸ ਤੋਂ ਪਹਿਲਾਂ ਕੇਜਰੀਵਾਲ ਵਲੋਂ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਤੋਂ ਮੁਆਫ਼ੀ ਮੰਗਣ ਨਾਲ ਪਾਰਟੀ ਦੀ ਪੰਜਾਬ ਇਕਾਈ ਵਿੱਚ ਵਿਦਰੋਹ ਖੜ੍ਹਾ ਹੋ ਗਿਆ ਸੀ। ਇਨ੍ਹਾਂ ਮੁਆਫੀਆਂ ਸਬੰਧੀ ਬੋਲਦਿਆਂ ਦਿੱਲੀ ਦੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੇ ਮੁਆਫ਼ੀ ਮੰਗਣ ਦੇ ਸਿਲਸਿਲੇ ਨੂੰ ਸਹੀ ਠਹਿਰਾਉਂਦਿਆਂ ਕਿਹਾ ਹੈ ਕਿ ਉਹ "ਹਉਮੈ ਦੀ ਲੜਾਈ" ਵਿਚ ਪੈਣ ਦੇ ਖਾਹਸ਼ਮੰਦ ਨਹੀਂ ਹਨ ਅਤੇ ਕਾਨੂੰਨੀ ਉਲਝਣਾਂ ਵਿਚ ਸਮਾਂ ਬਰਬਾਦ ਕਰਨ ਦੀ ਬਜਾਏ ਲੋਕ ਸੇਵਾ ਕਰਨਾ ਚਾਹੁੰਦੇ ਹਨ। ਉਨ੍ਹਾਂ ਕਿਹਾ, "ਜੇ ਸਾਡੀ ਕਿਸੇ ਟਿੱਪਣੀ ਨਾਲ ਕਿਸੇ ਦਾ ਮਨ ਦੁਖਿਆ ਹੈ ਤਾਂ ਅਸੀਂ ਮੁਆਫ਼ੀ ਮੰਗਾਂਗੇ। ਅਸੀਂ ਇਸ ਨੂੰ ਹਉਮੈ ਦੀ ਲੜਾਈ ਨਹੀਂ ਬਣਾਵਾਂਗੇ। ਅਸੀਂ ਲੋਕਾਂ ਦੀ ਸੇਵਾ ਕਰਨ ਲਈ ਆਏ ਹਾਂ। ਸਾਡੇ ਕੋਲ ਅਦਾਲਤਾਂ ਲਈ ਸਮਾਂ ਨਹੀਂ ਹੈ।"

### ਪਾਰਟੀ ਤੋੜਨ ਦੇ ਹੱਕ 'ਚ ਨਹੀਂ ਮਾਨ

ਸੂਤਰਾਂ ਅਨੁਸਾਰ ਭਗਵੰਤ ਮਾਨ ਦੀ ਪਹਿਲਾਂ ਹੀ ਸ੍ਰੀ ਕੇਜਰੀਵਾਲ ਨਾਲ ਮੀਟਿੰਗ ਹੋ ਚੁੱਕੀ ਹੈ ਅਤੇ ਉਨ੍ਹਾਂ ਕੌਮੀ ਪ੍ਰਧਾਨ ਕੋਲ ਪੰਜਾਬ ਦੀ ਲੀਡਰਸ਼ਿਪ ਨਾਲ ਸਲਾਹ ਕੀਤੇ ਬਿਨਾਂ ਮੁਆਫੀ ਮੰਗਣ ਉਪਰ ਰੋਸ ਪ੍ਰਗਟਾਇਆ। ਸੂਤਰਾਂ ਅਨੁਸਾਰ ਸ੍ਰੀ ਮਾਨ ਨੇ ਸ੍ਰੀ ਕੇਜਰੀਵਾਲ ਨਾਲ ਮੀਟਿੰਗ ਪਿੱਛੋਂ ਸਾਫ ਕਰ ਦਿੱਤਾ ਹੈ ਕਿ ਨਾ ਉਹ ਪਾਰਟੀ ਤੋੜਨ ਦੇ ਹੱਕ ਵਿਚ ਹੈ ਅਤੇ ਨਾ ਅਜਿਹੀ ਕੋਸ਼ਿਸ਼ ਕਰਨ ਵਾਲਿਆਂ ਦੇ ਨਾਲ ਹੈ। ਸੂਤਰਾਂ ਅਨੁਸਾਰ ਸ੍ਰੀ ਮਾਨ ਖੁਦ ਵਿਧਾਇਕਾਂ ਨੂੰ ਫੋਨ ਕਰਕੇ ਦੀ ਮੀਟਿੰਗ ਵਿਚ ਸ਼ਾਮਲ ਹੋਣ ਲਈ ਕਹਿੰਦੇ ਰਹੇ।



# ਖਾੜਕੂ ਲਹਿਰ ਮੌਕੇ ਵੱਖੋ-ਵੱਖ ਵਾਰਦਾਤਾਂ 'ਚ ਸ਼ਾਮਿਲ ਰਣਜੀਤ ਸਿੰਘ 27 ਸਾਲ ਬਾਅਦ ਗ੍ਰਿਫਤਾਰ

**ਕਪੂਰਥਲਾ/ਸਿੱਖ ਸਿਆਸਤ ਬਿਊਰੋ:** ਪੰਜਾਬ ਦੀ ਕਪੂਰਥਲਾ ਪੁਲਿਸ ਨੇ ਖਾੜਕੂ ਲਹਿਰ ਦੌਰਾਨ ਵੱਖ ਵੱਖ ਖਾੜਕੂ ਸੰਗਠਨਾਂ ਨਾਲ ਸਬੰਧ ਰੱਖਣ ਕਾਰਨ ਕਈ ਵਾਰਦਾਤਾਂ ਵਿੱਚ ਲੋੜੀਂਦੇ ਇਕ ਵਿਅਕਤੀ ਨੂੰ ਗ੍ਰਿਫਤਾਰ ਕਰਨ ਦਾ ਦਾਅਵਾ ਕੀਤਾ ਹੈ। ਅੱਜ ਸਥਾਨਕ ਪੁਲੀਸ ਲਾਈਨ ਵਿੱਚ ਕੀਤੀ ਪ੍ਰੈੱਸ ਕਾਨਫਰੰਸ ਦੌਰਾਨ ਐੱਸਐੱਸਪੀ ਸੰਦੀਪ ਸ਼ਰਮਾ, ਪੁਲੀਸ ਕਪਤਾਨ ਤਫ਼ਤੀਸ਼ ਜਗਜੀਤ ਸਿੰਘ ਸਰੋਆ ਨੇ ਦੱਸਿਆ ਕਿ ਖਾਲਿਸਤਾਨ ਕਮਾਂਡੋ ਫੋਰਸ ਅਤੇ ਬੱਬਰ ਖਾਲਸਾ ਆਦਿ ਵਰਗੀਆਂ ਖਾੜਕੂ ਜਥੇਬੰਦੀਆਂ ਨਾਲ ਰਲ ਕੇ ਕਈ ਵਾਰਦਾਤਾਂ ਕਰਨ ਵਾਲਾ ਕਥਿਤ ਵਿਅਕਤੀ ਰਣਜੀਤ ਸਿੰਘ ਉਰਫ ਰਾਣਾ ਵਾਸੀ ਜਗਤਾਰਪੁਰ ਜੱਟਾਂ ਮਹਿਲਪੁਰ ਨੂੰ ਪੁਲੀਸ ਨੇ ਗ੍ਰਿ.ਫ਼ਤਾਰ ਕਰ ਲਿਆ ਹੈ। ਐੱਸਐੱਸਪੀ ਨੇ ਦੱਸਿਆ ਕਿ 55 ਸਾਲਾ ਰਣਜੀਤ



ਸਿੰਘ ਵਿਰੁੱਧ ਕਈ ਮੁਕੱਦਮੇ ਦਰਜ ਹਨ। ਉਸ ਵਿਰੁੱਧ ਧਾਰਾ 302, 120 ਬੀ, ਅਸਲਾ ਐਕਟ 25-54-59, ਟਾਡਾ ਐਕਟ ਵਰਗੇ ਕੇਸ ਦਰਜ ਹਨ। ਐੱਸਐੱਸਪੀ ਅਨੁਸਾਰ ਸਬੰਧਿਤ ਵਿਅਕਤੀ ਦਾ ਉਸ ਦੇ ਪਿੰਡ 'ਚ ਪੁਰਾਣੇ ਸਮੇਂ ਹੀ ਉਸ ਨਾਲ ਸਬੰਧਤ ਖਾੜਕੂ ਜਥੇਬੰਦੀਆਂ ਨੇ ਮ੍ਰਿਤਕ ਕਰਾਰ ਦੇ ਕੇ ਭੋਗ ਵੀ ਪਾ ਦਿੱਤਾ ਸੀ। ਪੁਲੀਸ ਅਨੁਸਾਰ ਉਪਰੋਕਤ ਵਿਅਕਤੀ ਸੰਨ 1993 ਵਿੱਚ ਪਿੰਡ ਸ਼ਾਲਾਪੁਰ ਥਾਣਾ ਨੁਗੜ ਜ਼ਿਲ੍ਹਾ ਸਹਾਰਨਪੁਰ (ਯੂਪੀ) ਚਲਾ ਗਿਆ ਤੇ ਉਥੇ ਗ੍ਰੰਥੀ ਵਜੋਂ ਸੇਵਾ ਕਰਨ ਲੱਗ ਪਿਆ। ਪੁਲੀਸ ਅਨੁਸਾਰ ਉਪਰੋਕਤ ਵਿਅਕਤੀ ਸੰਨ 2004 ਤੋਂ ਪਿੰਡ ਕੁਹਾੜਕਲਾਂ ਥਾਣਾ ਸ਼ਾਹਕੋਟ 'ਚ ਗੁਰਦੁਆਰਾ ਸਾਹਿਬ ਵਿੱਚ ਗ੍ਰੰਥੀ ਦੀ ਸੇਵਾ ਨਿਭਾਅ ਰਿਹਾ ਸੀ। ਪੁਲੀਸ ਅਨੁਸਾਰ ਰਣਜੀਤ ਸਿੰਘ ਵਿਰੁੱਧ ਗੋਲੀਆਂ ਮਾਰ ਕੇ ਕਤਲ ਕਰਨਾ, ਠੇਕੇ ਦੇ ਕਾਰਿੰਦਿਆਂ ਨੂੰ ਗੋਲੀਆਂ ਮਾਰ ਕੇ ਮਾਰਨਾ ਆਦਿ ਮੁਕੱਦਮੇ ਵੀ ਦਰਜ ਹਨ।

॥ ਗੁਰਬਰ ਅਕਾਲ ॥

*"Gurbar Akaal - God is Most Powerful and Immortal"*
**- Guru Gobind Singh Ji, Jaap Sahib**

# BAISAKHI
2018
## CELEBRATION
KEERTAN DARBAR & NAGAR KEERTAN



PLEASE ATTEND WITH YOUR FAMILY AND FRIENDS!
ALL ARE WELCOME

**Sunday, April 8, 2018 • 7:00 am - 6:00 pm**
**Los Angeles Convention Center**
1201 S. FIGUEROA STREET, LOS ANGELES, CA 90015

ਆਪ ਜੀ ਸਾਰੇ ਪਰਿਵਾਰ ਸਮੇਤ ਸੇਵਾ ਵਿੱਚ ਸ਼ਾਮਿਲ ਹੋਵੋ, ਅਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ

### AMRIT VELA PROGRAM
GURU RAM DAS ASHRAM
1620 Preuss Rd., Los Angeles, CA 90035

3:30 am Asa di Var Program
6:30 am Grand Motorcade Procession of Siri Guru Granth Sahib Ji to the Convention Center

### KEERTAN DARBAR PROGRAM
Convention Center, Concourse Hall

7:00 am Prakash of Siri Guru Granth Sahib Ji, followed by Children's Jethas from Southern CA Gurudwaras, Ragi Jethas from Southern CA Gurudwaras, Guest Ragi Jethas & Honored Guests

***Children's Activities Room • Baisakhi Bazaar***
***Langar served all day***

3:00 pm Grand Procession of Siri Guru Granth Sahib Ji to the Guru's Nagar Keertan Float

### NAGAR KEERTAN PROGRAM
Gilbert Lindsey Plaza and Downtown Los Angeles
***Gatka Demonstrations***
***Delicious snacks served after the parade***
3:00 pm - 6:00 pm

### AMRIT SANCHAR
April 7, at Guru Ram Das Ashram

**Please call: (310) 201-0954**

*For more Baisakhi Celebration information, visit*
www.gururamdasashram.org

47434



# DIAMOND TRANSPORTATION

DIAMOND
Transportation Logistics, Inc.

## Dry Van ਤੇ Reefer ਦੇ ਕੰਮ ਲਈ Owner Operators ਦੀ ਲੋੜ

**Good Pay**

**Dedicated Routs**

**Weekly Payment**
ਇਕ ਹਫ਼ਤੇ 'ਚ ਪੇਮੈਂਟ ਲਵੋ



ਅੱਜ ਹੀ ਕਾਲ ਕਰੋ :

ਗੁਲਵਿੰਦਰ ਸਿੰਘ ਗਾਖ਼ਲ
**209.487.3699**

ਹਰਨੇਕ ਸਿੰਘ ਅਟਵਾਲ
**209.351.5965**

**2850 Loomis Rd, Stockton, CA 95205**

# ਪੈਲਾਟਾਈਨ ਗੁਰਦੁਆਰਾ ਸਾਹਿਬ ਵਿਖੇ ਨਾਨਕਸ਼ਾਹੀ ਕੈਲੰਡਰ ਅਨਸਾਰ ਨਵਾਂ ਸਾਲ ਮਨਾਇਆ

**ਸ਼ਿਕਾਗੋ/ਮੱਖਣ ਸਿੰਘ ਕਲੇਰ:** ਇਥੋਂ ਦੇ ਪੈਲਾਟਾਇਨ ਗੁਰਦੁਆਰਾ ਸਾਹਿਬ ਵਿੱਖੇ 14 ਮਾਰਚ ਬੁੱਧਵਾਰ ਨੂੰ ਨਾਨਕਸ਼ਾਹੀ ਕੈਲੰਡਰ ਅਨੁਸਾਰ 550 ਵੇਂ ਸਾਲ ਨੂੰ ਜੀ ਆਇਆਂ ਆਖਆ ਗਿਆ ਤੇ 549ਵੇਂ ਸਾਲ ਨੂੰ ਅਲਵਿਦਾ ਕਿਹਾ ਗਿਆ ।ਸੰਗਤਾਂ ਭਰਵੀਂ ਗਿਣਤੀ ਵਿੱਚ ਨਤਮਸਤਕ ਹੋਣ ਲਈ ਪਹੁੰਚੀਆਂ। ਪੈਲਾਟਾਈਨ ਗੁਰਦੁਆਰਾ ਸਾਹਿਬ ਦੇ ਹੈਡ ਗ੍ਰੰਥੀ ਭਾਈ ਪਰਮਿੰਦਰਜੀਤ ਸਿੰਘ ਨੇ ਕਥਾ ਰਾਹੀਂ ਨਵੇਂ ਸਾਲ ਤੇ ਚੇਤ ਮਹੀਨੇ ਦੀ ਆਰੰਭਤਾ ਤੇ ਵਿਚਾਰ ਕੀਤੀ। ਇਸਤੋਂ ਇਲਾਵਾ ਗੁਰਦੁਆਰਾ ਸਾਹਿਬ ਦੇ ਕੀਰਤਨੀ ਭਾਈ



ਰਾਜਿੰਦਰ ਸਿੰਘ ਜਲੰਧਰ ਵਾਲਿਆਂ ਦੇ ਜਥੇ ਵਲੋਂ ਕੀਰਤਨੀ ਰਾਹੀਂ ਹਾਜਰੀ ਲਗਵਾਈ ਗਈ ।ਸਟੇਜ ਦੀ ਸੇਵਾ ਗੁਰਮੀਤ ਸਿੰਘ ਬੈਂਸ ਨੇ ਨਿਵਾਈ ਤੇ ਸੰਗਤਾਂ ਨੂੰ ਨਵੇਂ ਸਾਲ ਦੀ ਵਧਾਈ ਦਿੱਤੀ।

# ਸਿੱਖ ਰਿਲੀਜੀਅਸ ਸੁਸਾਇਟੀ ਪੈਲਾਟਾਈਨ ਗੁਰਦੁਆਰਾ ਸਾਹਿਬ ਦੇ ਨਵੇਂ ਪ੍ਰਬੰਧਕਾਂ ਦੀ ਚੋਣ ਪਹਿਲੀ ਅਪਰੈਲ ਨੂੰ

## ਪੰਥਕ ਸਲੇਟ ਵਲੋਂ ਸਿੱਖ ਪ੍ਰੰਪਰਾਵਾਂ ਉਤੇ ਪਹਿਰਾ ਦੇਣ ਵਾਲੇ ਸੇਵਾਦਾਰ ਚੁਣਨ ਦੀ ਅਪੀਲ

**ਸ਼ਿਕਾਗੋ/ਮੱਖਣ ਸਿੰਘ ਕਲੇਰ :** ਇਥੋਂ ਦੇ ਪੈਲਾਟਾਈਨ ਗੁਰਦੁਆਰਾ ਸਾਹਿਬ ਵਿਖੇ ਪਹਿਲੀ ਅਪਰੈਲ ਐਤਵਾਰ ਨੂੰ ਹੋਣ ਜਾ ਰਹੀਆਂ ਚੋਣਾਂ ਵਿੱਚ ਇਸ ਵਾਰ ਪੰਥਕ ਸਲੇਟ ਵਲੋਂ ਭਾਗ ਨਹੀਂ ਲਿਆ ਜਾ ਰਿਹਾ. ਪੰਥਕ ਸਲੇਟ ਹਮੇਸ਼ਾਂ ਸ਼ਿਲੈਕਸ਼ਨ ਦੀ ਹਾਮੀ ਰਹੀ ਹੈ. ਇਸ ਵਾਰ ਵੀ ਪੰਥਕ ਸਲੇਟ ਦੇ ਸਪੋਟਰਾਂ ਵਲੋਂ ਪੂਰੀ ਕੋਸ਼ਿਸ਼ ਕੀਤੀ ਗਈ ਸੀ ਕਿ ਚੋਣ ਨਾਂ ਕਰਵਾਈ ਜਾਵੇ ਪਰ ਕੁਝ ਸੱਜਣਾਂ ਵਲੋਂ ਚੋਣਾਂ ਕਰਵਾਉਣ ਦੀ ਅੜੀ ਫੜੀ ਰੱਖੀ ਉਸ ਤਹਿਤ ਹੁਣ ਤਿੰਨ ਗਰੁੱਪ ਚੋਣਾਂ ਲੜਨ ਵਾਸਤੇ ਤਿਆਰ ਹੋ ਗਏ ਹਨ ।

ਪੰਥਕ ਸਲੇਟ ਨਾਲ ਸਬੰਧ ਰੱਖਣ ਵਾਲੇ ਸੱਜਣਾਂ ਵਲੋਂ ਅਜੇ ਵੀ ਕੋਸ਼ਿਸ਼ ਜਾਰੀ ਹੈ ਕਿ ਕਿਸੇ ਤਰੀਕੇ ਚੋਣਾਂ ਨਾਂ ਹੋਣ ਪਰ ਕੁਝ ਇਕ ਵਿਅਕਤੀਆਂ ਦੇ ਅੜੀਅਲ ਵਰਤਾਰੇ ਕਰਕੇ ਪੂਰੀ ਸੰਗਤ ਨੂੰ ਚੋਣਾਂ ਵੱਲ ਧੱਕਿਆ ਜਾ ਰਿਹਾ ਹੈ. ਇਥੋਂ ਤੱਕ ਇਕ ਗਰੁੱਪ ਜੋ ਸ਼ਿਲੈਕਸ਼ਨ ਦਾ ਹਾਮੀ ਸੀ ਉਨਾਂ ਵੀ ਬੜੀ ਕਾਹਲੀ ਨਾਲ ਚੋਣਾਂ ਦੇ ਭੱਖ ਰਹੇ ਦੰਗਲ ਵਿੱਚ ਛਾਲ ਕਾਰਨ ਨੂੰ ਪਹਿਲ ਦਿੱਤੀ ।ਇਸ ਵਾਰ 16 ਵਿਅਕਤੀ ਚੋਣ ਲੜ ਰਹੇ ਹਨ ਜਿਨ੍ਹਾਂ ਵਿੱਚੋਂ ਦੋ ਸਲੇਟਾਂ 5-5 ਵਿਅਕਤੀਆਂ ਦੀਆਂ ਹਨ।

ਇੱਕ ਗਰੁੱਪ ਤਿੰਨਾਂ ਵਿਅਕਤੀਆਂ ਦਾ ਹੈ ਜੋ ਕਿ ਦੋ ਸਲੇਟਾਂ ਬਨਣ ਤੋਂ ਬਾਅਦ ਤਿਆਰ ਹੋਇਆ ਹੈ। ਉਸ ਵਿੱਚ ਤਿੰਨੋਂ ਸਿੰਘ ਅੰਮ੍ਰਿਤਧਾਰੀ ਹੋਣ ਦੇ ਨਾਲ ਨਾਲ ਚੰਗੇ ਪੜੇ ਲਿਖੇ ਤੇ ਪੰਥਕ ਸੋਚ ਦੇ ਧਾਰਨੀ ਹਨ। ਗੁਰਦੁਆਰਾ ਸਾਹਿਬ ਵਿੱਚ ਪਹਿਲਾਂ ਹੀ ਸੇਵਾਵਾਂ ਨਿਭਾਅ ਰਹੇ ਇਹ ਸੱਜਣ ਗੁਰਮਤਿ ਸਕੂਲ ਵਿੱਚ ਬੱਚਿਆਂ ਨੂੰ ਵਿੱਦਿਆ ਦੇਣ, ਗੁਰਬਾਣੀ ਤੇ ਕੀਰਤਨ ਸਿਖਾਉਣ ਸਮੇਤ ਹੋਰਨਾਂ ਸੇਵਾਵਾ ਵਿੱਚ ਹਿੱਸਾ ਲੈਂਦੇ ਹਨ।

ਪੰਥਕ ਸਲੇਟ ਵਲੋਂ ਆਪਣੇ ਸੂਮਹ ਸਪੋਟਰਾਂ ਤੇ ਸਨੇਹੀਆਂ ਨੂੰ ਅਪੀਲ ਹੈ ਕਿ ਜੇ ਕਰ ਚੋਣਾਂ ਹੁੰਦੀਆਂ ਹਨ ਤਾਂ ਇਨਾਂ ਤਿੰਨਾਂ ਸਿੰਘਾਂ ਨੂੰ ਆਪਣਾ ਕੀਮਤੀ ਵੋਟ ਦੇ ਕੇ ਗੁਰਦੁਆਰਾ ਸਾਹਿਬ ਦੀ ਸੇਵਾ ਸੰਭਾਲ ਦਾ ਮੌਕਾ ਦੇਣਾ । ਇਸ ਵਾਰ ਪੰਜ ਵਿਅਕਤੀਆਂ ਦੀ ਚੋਣ ਹੋਏਗੀ । ਪੰਥਕ ਸਲੇਟ ਵਲੋਂ ਆਉਣ ਵਾਲੇ ਦਿਨਾਂ ਵਿੱਚ ਇਹ ਵੀ ਫੈਸਲਾ ਲੈ ਲਿਆ ਜਾਵੇਗਾ ਕਿ ਦੂਸਰੇ ਦੋ ਕਿਹੜੇ ਵਿਅਕਤੀਆਂ ਵੋਟ ਦੇਣੀ ਹੈ।


CAPITAL ACCOUNTING & TAX SERVICES
HELPING PEOPLE FOR THEIR TRUCKING NEEDS
(IRP) Plates-48 States-Same Day
ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।
ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ
• ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
• ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।
Same Day Plates Same Day Plates Same Day Plates



Kuldeep Singh Kang



Sewa Singh Bhinder

ਸੱਤ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ



TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services

CALIFORNIA DMV LIV. # 40524
PH : 530-669-5780 Fax : 530-669-5775
Cell : 530-908-9386 Cell : 530-405-6020
ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।
825 East Street, Suite 110 Woodland, CA 95776



CIS CALIFORNIA IMMIGRATION SERVICES
(Registered & Bonded)



- FAMILY IMMIGRATION
- GREEN CARD PETITION
- CITIZENSHIP
- OCI CARD / INDIAN PASSPORT
- BUSINESS / VISITOR VISA
- H-1 B VISA PETITION
- STUDENT VISA
- RELIGIOUS VISA
- LEGAL SERVICES



Rosy (Kanwal) Kaur
Immigration Consultant / LDA

CALL FOR FREE INITIAL CONSULTATION !
Ph: 510-573-3666, 408-422-8585
Fremont Office 4127 Bay Street, Suite 5
Tracy Office 95 W. 11th Street, Suite 205
www.caials.com rosy@caials.com



B Sons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!



Office Hours
Mon-Fri 9am-6pm
Saturday 9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.703.1451 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533



When tired of all treatments for any disease at any age Try
HOMEOPATHIC
Experienced Consultant Physician since 1973
American Red Cross
ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ
We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568



GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA
Office: 408.729.6691
Cell: 408.687.1899
email: homeomedicine@yahoo.com
www.homeopathyatoz.com
ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ Listen live on Radio 1170
'Jus Punjabi TV' & Face Book Every Saturday 09:00 AM, Live on 'Jus Punjabi TV' Sunday 4:00 A.M.

# ਭਾਈ ਜਗਤਾਰ ਸਿੰਘ ਤਾਰਾ ਦੀ ਦ੍ਰਿਤਤਾ ਕੁਰਬਾਨੀ ਤੇ ਕੌਮ ਨੂੰ ਮਾਣ ਰਹੇਗਾ-ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂ.ਕੇ.

## *'ਕੌਮੀ ਅਜਾਦੀ ਦੇ ਪ੍ਰਵਾਨਿਆਂ ਮੌਤ ਤੱਕ ਉਮਰ ਕੈਦ ਦੀਆਂ ਸਜ਼ਾਵਾਂ ਸੁਣਾਉਣਾ ਭਾਰਤੀ ਨਿਆਂਇਕ ਪ੍ਰਣਾਲੀ ਦਾ ਕੋਝਾ ਰਵੱਈਆ'*

**ਲੰਡਨ/ਬਿਊਰੋ ਨਿਊਜ਼:** ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂ.ਕੇ. ਕਿਹਾ ਹੈ ਕਿ ਭਾਈ ਜਗਤਾਰ ਸਿੰਘ ਤਾਰਾ ਨੇ ਪੰਜਾਬ ਦੇ ਬੁੱਚੜ ਮੁੱਖ ਮੰਤਰੀ ਬੇਅੰਤੇ ਨੂੰ ਉਸ ਦੇ ਕੀਤੇ ਪਾਪਾਂ ਅਤੇ ਜ਼ੁਲਮਾਂ ਦੀ ਸਜ਼ਾ ਦੇ ਕੇ ਸਿੱਖ ਕੌਮ ਲਈ ਬਹੁਤ ਵੱਡੀ ਕੁਰਬਾਨੀ ਕੀਤੀ ਹੈ ,ਜਿਸ ਤੇ ਸਿੱਖ ਕੌਮ ਨੂੰ ਸਦਾ ਹੀ ਮਾਣ ਰਹੇਗਾ । ਉਸ ਵਲੋਂ ਜਿਸ ਕਦਰ ਦ੍ਰਿੜਤਾ ਦਿਖਾਉਂਦਿਆਂ ਭਾਰਤੀ ਤੰਤਰ ਦੀਆਂ ਧੱਕੜ ਅਤੇ ਸਿੱਖਾਂ ਨੂੰ ਗੁਲਾਮ ਬਣਾਉਣ ਲਈ ਅਮਲ ਵਿਚ ਲਿਆਂਦੀਆਂ ਗਈਆਂ ਨੀਤੀਆਂ ਨੂੰ ਵੰਗਾਰਿਆ ਗਿਆ ਉਹ ਆਉਣ ਵਾਲੀਆਂ ਪੀੜੀਆਂ ਵਾਸਤੇ ਚਾਨਣ ਮੁਨਾਰੇ ਦਾ ਕੰਮ ਕਰੇਗੀ ਜਿਸ ਤੋਂ ਸੇਧ ਲੈ ਕੇ ਸਿੱਖ ਜਵਾਨੀ ਕੌਮੀ ਅਜਾਦੀ ਦੇ ਸੰਘਰਸ਼ ਵਿੱਚ ਯੋਗਦਾਨ ਪਾਉਣ ਲਈ ਪ੍ਰਰਿਤ ਹੋਇਆ ਕਰੇਗੀ ।

ਬਰਤਾਨੀਆ ਵਿੱਚ ਅਜਾਦ ਸਿੱਖ ਰਾਜ ਖਾਲਿਸਤਾਨ ਦੇ ਨਿਸ਼ਾਨੇ ਨੂੰ ਸਮਰਪਿਤ ਅਤੇ ਯਤਨਸ਼ੀਲ ਸਾਂਝੇ ਸੰਗਠਨ ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂ.ਕੇ. ਦੇ ਕੋਆਰਡੀਨੇਟਰਜ਼ ਭਾਈ ਕੁਲਦੀਪ ਸਿੰਘ ਚਹੇੜੂ, ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਅਤੇ ਭਾਈ ਜੋਗਾ ਸਿੰਘ ਵਲੋਂ ਭਾਈ ਜਗਤਾਰ ਸਿੰਘ ਤਾਰਾ ਨੂੰ ਅਦਾਲਤ ਵਲੋਂ ਮੌਤ ਤੱਕ ਉਮਰ ਕੈਦ ਦੇ ਸੁਣਾਏ ਗਏ ਫੈਂਸਲੇ ਦੀ ਸਖਤ ਨਿਖੇਧੀ ਕਰਦਿਆਂ ਇਸ ਨੂੰ ਪੱਖਪਾਤੀ ਅਤੇ ਫਿਰਕਾਪ੍ਰਸਤੀ ਤੋਂ ਪ੍ਰੇਰਿਤ ਦੱਸਿਆ ਕਿਉਂ ਕਿ ਭਾਈ ਜਗਤਾਰ ਸਿੰਘ ਤਾਰਾ ਰਿਹਾਈ ਦਾ ਹੱਕਦਾਰ ਹੈ ਜਿਸ ਨੇ ਪੰਜਾਬ ਵਿੱਚ ਬੇਅੰਤੇ ਦੇ ਹਿਟਲਰਸ਼ਾਹੀ ਜ਼ਲਮੀਂ ਰਾਜ ਦਾ ਅੰਤ ਕਰਨ ਲਈ ਵਿਸ਼ੇਸ਼ ਭੂਮਿਕਾ ਨਿਭਾਈ ਅਤੇ ਸ਼ਰੇਆਮ ਉਸਦਾ ਇਕਬਾਲ ਕੀਤਾ ਹੈ ਪਰ ਸਿੱਖ ਹੋਣ ਕਰਕੇ ਉਸ ਨੂੰ ਇਸ ਹੱਕ ਤੋਂ ਵਾਂਝਾਂ ਰੱਖਿਆ ਗਿਆ ਹੈ । ਦੂਜੇ ਪਾਸੇ ਮੱਕਾ ਮਸਜਿਦ ਵਿੱਚ 9 ਨਿਰਦੋਸ਼ ਵਿਆਕਤੀਆਂ ਨੂੰ ਕਤਲ ਅਤੇ 58 ਵਿਅਕਤੀਆਂ ਨੂੰ ਜਖਮੀਂ ਕਰਨ ਦਾ ਦੋਸ਼ ਇਕਬਾਲ ਕਰਨ ਵਾਲੇ ਨਾਭਾਂ ਕੁਮਾਰ ਉਰਫ ਅਸੀਮਾ ਨੰਦ ਦੀਆਂ ਭਾਰਤੀ ਨਿਆਂਇਕ ਸਿਸਟਮ ਨੇ ਜ਼ਮਾਨਤ ਹੀ ਮਨਜੂਰ ਨਹੀਂ ਕੀਤੀ ਬਲਕਿ ਉਸਦਾ ਇਕਬਾਲੀਆ ਬਿਆਨ ਹੀ ਹੇਠਲੀ ਅਦਾਲਤ ਦੇ ਰਿਕਾਰਡ ਵਿੱਚੋਂ ਗਾਇਬ ਕਰ ਦਿੱਤਾ ਗਿਆ ।

ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਵਿੱਚ ਸ਼ਾਮਲ ਸਿੱਖ ਜਥੇਬੰਦੀਆਂ ਸਿੱਖ ਫੈਡਰੇਸ਼ਨ ਯੂ.ਕੇ. ਭਾਈ ਅਮਰੀਕ ਸਿੰਘ ਗਿੱਲ, ਬੱਬਰ ਅਕਾਲੀ ਜਥੇਬੰਦੀ ਯੂ.ਕੇ.ਭਾਈ ਬਲਬੀਰ ਸਿੰਘ, ਧਰਮ ਯੁੱਧ ਜਥਾ ਦਮਦਮੀ ਟਕਸਾਲ ਭਾਈ ਚਰਨ ਸਿੰਘ, ਖਾਲਿਸਤਾਨ ਜਲਾਵਤਨ ਸਰਕਾਰ ਭਾਈ ਗੁਰਮੇਜ ਸਿੰਘ ਗਿੱਲ, ਸ਼੍ਰੋਮਣੀ ਅਕਾਲੀ ਦਲ ਯੂ.ਕੇ. ਭਾਈ ਗੁਰਦੇਵ ਸਿੰਘ ਚੌਹਾਨ, ਸ੍ਰਅਕਾਲੀ ਦਲ ਅੰਮ੍ਰਿਤਸਰ ਯੂ.ਕੇ. ਭਾਈ ਜਸਪਾਲ ਸਿੰਘ ਬੈਂਸ, ਯੂਨਾਈਟਿਡ ਖਾਲਸਾ ਦਲ ਯੂ.ਕੇ. ਭਾਈ ਨਿਰਮਲ ਸਿੰਘ ਸੰਧੂ, ਬ੍ਰਿਟਿਸ਼ ਸਿੱਖ ਕੌਂਸਲ ਭਾਈ ਤਰਸੇਮ ਸਿੰਘ ਦਿਉਲ, ਦਲ ਖਾਲਸਾ ਯੂ.ਕੇ. ਭਾਈ ਗੁਰਚਰਨ ਸਿੰਘ, ਨੈਸ਼ਨਲ ਸਿੱਖ ਯੂਥ ਫੈਡਰੇਸ਼ਨ ਭਾਈ ਸ਼ਮਸ਼ੇਰ ਸਿੰਘ ਨੇ ਆਖਿਆ ਕਿ ਭਾਈ ਜਗਤਾਰ ਸਿੰਘ ਤਾਰਾ ਵੀਹਵੀਂ ਸਦੀ ਦੇ ਮਹਾਨ ਸ਼ਹੀਦ ਸਤਿਕਾਰਯੋਗ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਵਲੋਂ ਅਰੰਭੇ ਹੋਏ ਕੌਮੀ ਅਜਾਦੀ ਦੇ ਸੰਘਰਸ਼ ਦਾ ਨਾਇਕ ਹੈ ਜਿਸ ਨੇ ਆਪਣੀ ਸੁੱਖਾਂ ਭਰੀ ਜਿੰਦਗੀ ਦਾ ਤਿਆਗ ਕਰਕੇ ਕੌਮੀ ਸੇਵਾ ਵਿੱਚ ਯੋਗਦਾਨ ਪਾਉਣ ਦਾ ਤਹੱਈਆ ਕੀਤਾ । ਦੂਜੇ ਲਫਜ਼ਾਂ ਵਿੱਚ ਉਸ ਨੇ ਫੁੱਲਾਂ ਦੀ ਸੇਜ ਤਿਆਗ ਕੇ ਕੰਡਿਆਂ ਦਾ ਵਿਛਾਉਣਾ ਕੀਤਾ । ਇਹੋ ਜਿਹੇ ਯੋਧਿਆਂ ਤੇ ਸਿੱਖ ਕੌਮ ਨੂੰ ਨਾਜ਼ ਹੈ । ਅਰਸੇ ਤੋਂ ਬਿਖੜੇ ਪੈਂਡਿਆਂ ਦਾ ਸਫਰ ਤਹਿ ਕਰ ਰਹੇ ਭਾਈ ਜਗਤਾਰ ਸਿੰਘ ਤਾਰਾ ਤੇ ਸਿੱਖ ਕੌਮ ਨੂੰ ਨਾਜ਼ ਹੈ । ਭਾਰਤ ਦਾ ਅਦਾਲਤੀ ਢਾਂਚਾ ਪੂਰੀ ਤਰਾਂ ਹਿੰਦੂਤਵ ਦੀਆਂ ਨੀਤੀਆਂ ਨੂੰ ਅਮਲ ਵਿੱਚ ਲਿਆ ਰਿਹਾ ਹੈ ਅਤੇ ਸਿੱਖਾਂ ਸਮੇਤ ਘੱਟ ਗਿਣਤੀਆਂ ਪ੍ਰਤੀ ਇਸਦਾ ਦਾ ਚਿਹਰਾ ਕਰੂਪਤਾ, ਧੱਕੜ ਅਤੇ ਭੇਦਭਾਵ ਵਾਲਾ ਹੀ ਰਿਹਾ ਹੈ । ਗੌਰਤਲਬ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਬੇਅੰਤੇ ਦੇ ਕਤਲ ਕੇਸ ਵਿੱਚ ਭਾਈ ਬਲਵੰਤ ਸਿੰਘ ਰਾਜੋਆਣਾ ਨੂੰ ਫਾਸੀਂ ਦੀ ਸਜ਼ਾ ਸੁਣਾਈ ਜਾ ਚੁੱਕੀ ਹੈ । ਭਾਈ ਜਗਤਾਰ ਸਿੰਘ ਹਾਵਾਰਾ ਨੂੰ ਮੌਤ ਤੱਕ ਉਮਰ ਕੈਦ ਅਤੇ ਭਾਈ ਪਰਮਜੀਤ ਸਿੰਘ ਭਿਉਰਾ, ਭਾਈ ਲਖਵਿੰਦਰ ਸਿੰਘ, ਭਾਈ ਗੁਰਮੀਤ ਸਿੰਘ ਉਮਰ ਕੈਦ ਦੀਆਂ ਸਜਾਵਾਂ ਭੁਗਤ ਰਹੇ ਹਨ । ਭਾਵੇਂ ਕਿ ਉਹਨਾਂ ਦੀ ਕੈਦ ਨੂੰ 22 ਸਾਲ ਤੋਂ ਜਿਆਦਾ ਵਕਤ ਹੋ ਚੁੱਕਾ ਹੈ ਪਰ ਅਜੇ ਤੱਕ ਪੱਕੀ ਰਿਹਾਈ ਦੀ ਆਸ ਨਹੀਂ ਬੱਝ ਰਹੀ । ਭਾਈ ਪਰਮਜੀਤ ਸਿੰਘ ਭਿਉਰਾ ਨੂੰ ਉਸਦੀ ਬਿਰਧ ਮਾਤਾ ਨਾਲ ਮਿਲਣ ਤੋਂ ਰੋਕਣਾ ਭਾਰਤ ਸਰਕਾਰ, ਪ੍ਰਸਾਸ਼ਨ ਅਤੇ ਅਦਾਲਤੀ ਢਾਚੇ ਦੇ ਪੱਖਪਾਤੀ ਦੀ ਰਵੱਈਏ ਦੀ ਤਾਜਾ ਮਿਸਾਲ ਹੈ । ਜਦਕਿ ਰਾਜੀਵ ਗਾਂਧੀ ਕਤਲ ਕੇਸ ਵਿੱਚ ਉਮਰ ਕੈਦ ਭੁਗਤਣ ਵਾਲਿਆਂ ਨੂੰ ਪੈਰੋਲ ਦਿੱਤੀ ਜਾ ਚੁੱਕੀ ਹੈ, ਬੰਬ ਧਮਾਕਿਆਂ ਵਿੱਚ ਨਿਰਦੋਸ਼ ਵਿਆਕਤੀਆਂ ਨੂੰ ਮਾਰਨ ਦੇ ਕੇਸਾਂ ਵਿੱਚ ਗ੍ਰਿਫਤਾਰ ਕੀਤੀ ਸਾਧਵੀ ਪ੍ਰਗਿੱਆ ਠਾਕਰ ਵਰਗੇ ਹਿੰਦੂਤਵੀ ਅੱਤਵਾਦੀਆਂ ਖਿਲਾਫ ਨਰਮ ਧਰਾਵਾਂ ਲਗਾ ਕੇ ਜਮਾਨਤਾਂ ਦਿੱਤੀਆਂ ਹਨ ਪਰ ਸਿੱਖਾਂ ਸਮੇਤ ਘੱਟ ਗਿਣਤੀਆਂ ਨੂੰ ਆਏ ਦਿਨ ਗੁਲਾਮੀਂ ਦਾ ਅਹਿਸਾਸ ਕਰਵਾਇਆ ਜਾ ਰਿਹਾ ਹੈ ।


JESSIE TAX SERVICES

We Provide Comprehensive Tax Services



JASWANT S. JESSIE

Enrolled Agent (EA), NTPI Fellow

Specializing in:

- Comprehensive Tax Return Preparation (including international income)
- Individual & All Business Tax Returns (Multiple States)
- Creation of Partnership, LLC & Corporation
- F-BAR, OVDPI & Streamline Filings
- Book keeping, Payroll & Sales Tax
- Audit Representations to IRS, Franchise Tax Board, EDD & Sales Tax

1491 S. Wolfe Road, Sunnyvale, CA 94087 | *By Appointment Only*

Phone (408) 736-2451 | Fax (408) 736-8626

Email: jessie@jessietax.com

www.jessietax.com



# ਅਮਰਿੰਦਰ ਸਰਕਾਰ ਦਾ ਇੱਕ ਸਾਲ: ਵਾਅਦੇ, ਦਾਅਵੇ ਅਤੇ ਹਕੀਕਤਾਂ

**ਚੰਡੀਗੜ੍ਹ/ਹਮੀਰ ਸਿੰਘ:** ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿੱਚ ਕਾਂਗਰਸ ਪਾਰਟੀ ਨੇ ਆਪਣੇ ਚੋਣ ਮਨੋਰਥ ਪੱਤਰ ਰਾਹੀਂ ਬਹੁਤ ਵੱਡੇ ਵਾਅਦੇ ਕਰਕੇ ਸੂਬੇ ਦੀ ਹਰ ਸਮੱਸਿਆ ਨੂੰ ਸਮਾਂਬੱਧ ਤੌਰ 'ਤੇ ਹੱਲ ਕਰਨ ਦਾ ਭਰੋਸਾ ਦਿਵਾਇਆ ਸੀ। ਵਿੱਤੀ ਸੰਕਟ ਨਾਲ ਜੂਝ ਰਹੀ ਸਰਕਾਰ, ਪ੍ਰਸ਼ਾਸਨਿਕ ਢਾਂਚੇ ਵਿੱਚ ਵੀ ਕੋਈ ਨਵੀਂ ਰੂਹ ਫੂਕਣ ਦੇ ਅਸਮਰੱਥ ਨਜ਼ਰ ਆਉਂਦੀ ਹੈ। ਲਗਪਗ ਵੀਹ ਤਰ੍ਹਾਂ ਦੇ ਮਾਫ਼ੀਏ ਅਤੇ ਘੁਟਾਲਿਆਂ ਦੀ ਗੱਲ ਹੋਈ ਪਰ ਠੋਸ ਕਾਰਵਾਈ ਦੀ ਪਹਿਲਕਦਮੀ ਕਿਤੇ ਦਿਖਾਈ ਨਹੀਂ ਦਿੱਤੀ।

ਚੋਣ ਮਨੋਰਥ ਪੱਤਰ ਵਿੱਚ ਕਾਂਗਰਸ ਪਾਰਟੀ ਨੇ ਅਕਾਲੀ-ਭਾਜਪਾ ਸਰਕਾਰ ਦੌਰਾਨ ਚੱਲ ਰਹੇ ਕਥਿਤ ਮਾਫ਼ੀਆ ਰਾਜ ਦੀ ਜੋ ਸੂਚੀ ਬਣਾ ਕੇ ਲੋਕਾਂ ਦੇ ਸਾਹਮਣੇ ਰੱਖੀ, ਉਸ ਮੁਤਾਬਕ ਅੱਧੀ ਦਰਜਨ ਤੋਂ ਵੱਧ ਭਾਵ ਨਸ਼ਾ, ਮਾਈਨਿੰਗ, ਸ਼ਰਾਬ, ਭੂ-ਮਾਫੀਆ, ਕੇਬਲ, ਟਰਾਂਸਪੋਰਟ, ਲਾਟਰੀ ਮਾਫ਼ੀਆ ਦੀ ਜਕੜ ਤੋੜਨ ਦਾ ਵਾਅਦਾ ਕੀਤਾ ਗਿਆ ਸੀ। ਇਸ ਤੋਂ ਇਲਾਵਾ ਸਫਾਈ, ਅਨਾਜ, ਮਕਾਨ, ਭਰਤੀ, ਸਿੱਖਿਆ ਸਮੇਤ ਘੁਟਾਲਿਆਂ ਦਾ ਪਰਦਾਫਾਸ਼ ਕਰਨ ਦੇ ਵਾਅਦੇ ਪ੍ਰਮੁੱਖ ਸਨ। ਕਿਸਾਨਾਂ ਦਾ ਸਮੁੱਚਾ ਕਰਜ਼ਾ ਮੁਆਫ਼ ਕਰਨਾ, ਫਸਲਾਂ ਦੇ ਨੁਕਸਾਨ ਦੀ ਭਰਪਾਈ ਲਈ 20 ਹਜ਼ਾਰ ਪ੍ਰਤੀ ਏਕੜ ਮੁਆਵਜ਼ਾ, ਹਰ ਘਰ ਵਿੱਚ ਰੁਜ਼ਗਾਰ, ਰੁਜ਼ਗਾਰ ਨਾ ਮਿਲਣ ਤਕ 2500 ਰੁਪਏ ਬੇਰੁਜ਼ਗਾਰੀ ਭੱਤਾ, ਮਜ਼ਦੂਰਾਂ ਨੂੰ ਪੰਜ ਮਰਲੇ ਦੇ ਪਲਾਟ ਅਤੇ ਘਰ ਬਣਾਉਣ ਲਈ ਇੱਕ ਲੱਖ ਰੁਪਏ ਦੀ ਗਰਾਂਟ ਦੇਣ ਦੇ ਵਾਅਦੇ ਲਿਖਤੀ ਤੌਰ 'ਤੇ ਕੀਤੇ ਗਏ ਸਨ। ਚੋਣ ਮਨੋਰਥ ਪੱਤਰ ਅਸਲ ਵਿੱਚ ਲੋਕਾਂ ਅਤੇ ਪਾਰਟੀਆਂ ਜਾਂ ਉਮੀਦਵਾਰਾਂ ਦਰਮਿਆਨ ਇਕਰਾਰਨਾਮਾ ਹੁੰਦਾ ਹੈ। ਵਾਅਦੇ ਪੂਰੇ ਕਰਨ ਵਿੱਚ ਦੇਰੀ ਦੇ ਮੁੱਦੇ 'ਤੇ ਕੈਪਟਨ ਅਮਰਿੰਦਰ ਸਿੰਘ ਦਾ ਕਹਿਣਾ ਹੈ ਕਿ ਸਰਕਾਰ ਨੂੰ ਮਾਲੂਮ ਨਹੀਂ ਸੀ ਕਿ ਸੂਬੇ ਦੀ ਵਿੱਤੀ ਹਾਲਤ ਇੰਨੀ ਗੰਭੀਰ ਹੈ। ਜੇਕਰ ਇਹ ਗੱਲ ਸੱਚ ਹੈ ਤਾਂ ਚੋਣ ਮਨੋਰਥ ਪੱਤਰ ਵਿੱਚ ਇਹ ਕਿਵੇਂ ਲਿਖ ਦਿੱਤਾ ਗਿਆ ਕਿ ਪੰਜਾਬ ਵਿੱਤੀ ਐਮਰਜੈਂਸੀ ਵਰਗੇ ਹਾਲਾਤ ਵਿੱਚੋਂ ਗੁਜ਼ਰ ਰਿਹਾ ਹੈ। ਇਸ ਦੇ ਬਾਵਜੂਦ ਗੁਟਕਾ ਸਾਹਿਬ ਉੱਤੇ ਹੱਥ ਰੱਖ ਕੇ ਚਾਰ ਹਫ਼ਤਿਆਂ ਵਿੱਚ ਨਸ਼ਾ ਖ਼ਤਮ ਕਰ ਦੇਣ, ਕਿਸਾਨੀ ਕਰਜ਼ੇ ਮੁਆਫ਼ ਕਰਨ ਸਮੇਤ ਹੋਰ ਵਾਅਦੇ ਪੂਰੇ ਕਰਨ ਦਾ ਐਲਾਨ ਕੀਤਾ ਗਿਆ। ਕੈਪਟਨ ਅਮਰਿੰਦਰ ਸਿੰਘ ਕਰਜ਼ਾ ਮੁਆਫ਼ੀ ਦਾ ਵਾਅਦਾ ਨਿਭਾਉਣ ਦੀ ਗੱਲ ਤਾਂ ਦੁਹਰਾ ਰਹੇ ਹਨ ਪਰ ਹਕੀਕਤ ਵੱਖ ਦਿਖਾਈ ਦੇ ਰਹੀ ਹੈ।



## ਕਿਸਾਨੀ ਕਰਜ਼ੇ ਦੇ ਵਾਅਦੇ 'ਤੇ ਅਮਲ:

ਪੰਜਾਬ ਸਰਕਾਰ ਮੁਤਾਬਕ ਕਿਸਾਨਾਂ ਸਿਰ 31 ਮਾਰਚ 2017 ਤਕ ਕਰਜ਼ਾ 73772 ਕਰੋੜ ਰੁਪਏ ਹੈ। ਇਸ ਵਿੱਚੋਂ ਫਸਲੀ ਕਰਜ਼ਾ 59621 ਕਰੋੜ ਰੁਪਏ ਦਾ ਹੈ। ਇਸ ਤੋਂ ਇਲਾਵਾ 14151 ਕਰੋੜ ਰੁਪਏ ਮਿਆਦੀ ਕਰਜ਼ਾ ਹੈ। ਸਰਕਾਰ ਨੇ ਇਸ ਦਾ ਹੱਲ ਕੱਢਣ ਲਈ ਡਾ. ਟੀ ਹੱਕ ਦੀ ਅਗਵਾਈ ਵਿੱਚ ਕਮੇਟੀ ਬਣਾਈ ਜਿਸ ਨੇ ਜੂਨ 2017 ਤੱਕ ਆਪਣੀ ਰਿਪੋਰਟ ਦੇ ਦਿੱਤੀ। ਮੁੱਖ ਮੰਤਰੀ ਨੇ ਹੱਕ ਕਮੇਟੀ ਦੀ ਅੰਤ੍ਰਿਮ ਰਿਪੋਰਟ ਦੇ ਆਧਾਰ 'ਤੇ ਪੰਜ ਏਕੜ ਤਕ ਵਾਲੇ ਕਿਸਾਨਾਂ ਦਾ ਦੋ ਲੱਖ ਰੁਪਏ ਦਾ ਫਸਲੀ ਕਰਜ਼ਾ, ਢਾਈ ਏਕੜ ਤਕ ਵਾਲਿਆਂ ਦੇ ਕੁੱਲ ਕਰਜ਼ੇ ਚੋਂ ਦੋ ਲੱਖ ਰੁਪਏ ਮੁਆਫ਼ ਕਰਨ ਅਤੇ ਖ਼ੁਦਕੁਸ਼ੀ ਪੀੜਤ ਕਿਸਾਨ-ਮਜ਼ਦੂਰ ਪਰਿਵਾਰਾਂ ਦਾ ਸਮੁੱਚਾ ਕਰਜ਼ਾ ਮੁਆਫ਼ ਕਰਨ ਦਾ ਐਲਾਨ ਕਰ ਦਿੱਤਾ। ਇਸ ਨਾਲ 10.25 ਲੱਖ ਖਾਤਿਆਂ 'ਚੋਂ 9500 ਕਰੋੜ ਰੁਪਏ ਦੀ ਮੁਆਫ਼ੀ ਦਾ ਅਨੁਮਾਨ ਪੇਸ਼ ਕੀਤਾ ਗਿਆ। ਬਜਟ ਵਿੱਚ ਕਰਜ਼ਾ ਮੁਆਫ਼ੀ ਲਈ 1500 ਕਰੋੜ ਵਿੱਚੋਂ ਪੰਜ ਸੌ ਕਰੋੜ ਖ਼ੁਦਕੁਸ਼ੀ ਪੀੜਤ ਪਰਿਵਾਰਾਂ ਲਈ ਵੀ ਸੀ। ਖੇਤ ਮਜ਼ਦੂਰਾਂ ਦੇ ਅੰਕੜੇ ਨਾ ਹੋਣ ਦਾ ਬਹਾਨਾ ਬਣਾ ਕੇ ਫਿਲਹਾਲ ਉਨ੍ਹਾਂ ਲਈ ਕੁਝ ਨਹੀਂ ਕੀਤਾ ਗਿਆ ਹੈ। ਮਿਆਦੀ ਕਰਜ਼ਿਆਂ ਬਾਰੇ ਵੀ ਉਨ੍ਹਾਂ ਖਾਮੋਸ਼ੀ ਧਾਰੀ ਹੋਈ ਹੈ। ਇਸੇ ਤਰ੍ਹਾਂ ਸਹਾਇਕ ਧੰਦਿਆਂ ਦੇ ਕਰਜ਼ਿਆਂ ਬਾਰੇ ਕੋਈ ਗੱਲ ਨਹੀਂ ਹੋਈ। ਇੱਕ ਸਾਲ ਅੰਦਰ ਹੁਣ ਤਕ ਮਾਨਸਾ ਅਤੇ ਨਕੋਦਰ ਵਿੱਚ ਦੋ ਸਮਾਗਮ ਕਰਕੇ ਕ੍ਰਮਵਾਰ 167 ਕਰੋੜ ਅਤੇ 129 ਕਰੋੜ ਰੁਪਏ ਭਾਵ ਕੁੱਲ 296 ਰੁਪਏ ਦੀ ਰਾਹਤ ਦਿੱਤੀ ਗਈ ਹੈ।

**ਵਿਧਾਨ ਸਭਾ ਦੀ ਕਮੇਟੀ:** ਮਜ਼ਦੂਰਾਂ ਅਤੇ ਖ਼ੁਦਕੁਸ਼ੀ ਪੀੜਤ ਕਿਸਾਨਾਂ ਦੀ ਹਾਲਤ ਅਤੇ ਕਰਜ਼ੇ ਦਾ ਅਨੁਮਾਨ ਲਗਾਉਣ ਲਈ ਪਿਛਲੇ ਸਾਲ ਜੂਨ ਦੇ ਵਿਧਾਨ ਸਭਾ ਸੈਸ਼ਨ ਦੌਰਾਨ ਹੀ ਕਾਂਗਰਸ ਵਿਧਾਇਕ ਸੁਖਬਿੰਦਰ ਸਿੰਘ ਸੁੱਖ ਸਰਕਾਰੀਆ ਦੀ ਅਗਵਾਈ ਹੇਠ ਕਮੇਟੀ ਬਣਾਈ ਗਈ ਸੀ। ਕਮੇਟੀ ਨੇ ਅਜੇ ਤੱਕ ਰਿਪੋਰਟ ਨਹੀਂ ਸੌਂਪੀ ਹੈ। ਖ਼ੁਦਕੁਸ਼ੀਆਂ ਦਾ ਰੁਝਾਨ ਵੀ ਰੁਕਣ ਦਾ ਨਾਮ ਨਹੀਂ ਲੈ ਰਿਹਾ ਅਤੇ ਮਜ਼ਦੂਰਾਂ ਨੂੰ ਵੀ ਫਿਲਹਾਲ ਕੁਝ ਨਹੀਂ ਮਿਲਿਆ।

**ਸ਼ਾਹੂਕਾਰਾ ਕਰਜ਼ਾ:** ਚੋਣ ਮਨੋਰਥ ਪੱਤਰ ਵਿੱਚ ਸ਼ਾਹੂਕਾਰਾ ਕਰਜ਼ੇ ਨਾ ਮੋੜ ਸਕਣ ਕਰਕੇ ਜ਼ਮੀਨ ਵੇਚਣ ਅਤੇ ਕੁਰਕੀ ਨੂੰ ਰੋਕਣ ਵਾਸਤੇ ਇੱਕ ਠੋਸ ਕਾਨੂੰਨ ਬਣਾਉਣ ਦਾ ਵਾਅਦਾ ਕੀਤਾ ਗਿਆ ਸੀ। ਇਸ ਲਈ ਮੰਤਰੀ ਨਵਜੋਤ ਸਿੰਘ ਸਿੱਧੂ, ਵਿੱਤ ਮੰਤਰੀ ਮਨਪ੍ਰੀਤ ਬਾਦਲ ਅਤੇ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ 'ਤੇ ਆਧਾਰਿਤ ਸਬ ਕਮੇਟੀ ਬਣੀ ਹੋਈ ਹੈ ਪਰ ਰਿਪੋਰਟ ਬਾਰੇ ਫਿਲਹਾਲ ਖਾਮੋਸ਼ੀ ਧਾਰੀ ਹੋਈ ਹੈ।

**ਹਰ ਘਰ ਨੌਕਰੀ:** ਇਸ ਵਾਅਦੇ ਨੇ ਨੌਜਵਾਨਾਂ ਅੰਦਰ ਨਵੀਂ ਉਮੀਦ ਜਗਾਈ ਸੀ ਪਰ ਅਮਰਿੰਦਰ ਸਰਕਾਰ ਦੀ ਆਲੋਚਨਾ ਇਸ ਲਈ ਹੁੰਦੀ ਆ ਰਹੀ ਹੈ ਕਿ ਉਸ ਨੇ ਸਾਬਕਾ ਮੁੱਖ ਮੰਤਰੀ ਮਰਹੂਮ ਬੇਅੰਤ ਸਿੰਘ ਦੇ ਪੋਤੇ ਨੂੰ ਤਾਂ ਨਿਯਮਾਂ ਵਿੱਚ ਵੱਡੀਆਂ ਛੋਟਾਂ ਦੇ ਕੇ ਡੀਐਸਪੀ ਲਗਾ ਦਿੱਤਾ ਪਰ ਹੋਰ ਨੌਜਵਾਨਾਂ ਲਈ ਬਹੁਤਾ ਕੁਝ ਨਹੀਂ ਕੀਤਾ। ਸਰਕਾਰ ਨੂੰ ਬੇਰੁਜ਼ਗਾਰਾਂ ਦੀ ਗਿਣਤੀ ਹੀ ਪਤਾ ਨਹੀਂ ਹੈ ਪਰ ਕ੍ਰਿਡ ਦੇ ਇੱਕ ਸਰਵੇਖਣ ਮੁਤਾਬਕ 22 ਲੱਖ ਨੌਜਵਾਨ ਬੇਰੁਜ਼ਗਾਰ ਹਨ। ਰੁਜ਼ਗਾਰ ਮੇਲਿਆਂ ਰਾਹੀਂ ਰੁਜ਼ਗਾਰ ਦੇਣ ਦੇ ਦਾਅਵਿਆਂ 'ਤੇ ਵੀ ਸੁਆਲ ਖੜ੍ਹੇ ਹੋ ਰਹੇ ਹਨ।

**ਡਰੱਗ ਮਾਫ਼ੀਆ:** ਨਸ਼ਾ ਚਾਰ ਹਫ਼ਤਿਆਂ ਵਿੱਚ ਖ਼ਤਮ ਕਰਨ ਦੇ ਵਾਅਦੇ ਸਬੰਧੀ ਵਿਸ਼ੇਸ਼ ਟਾਸਕ ਫੋਰਸ ਬਣਾ ਦਿੱਤੀ ਗਈ। ਕਮੇਟੀ ਦੀ ਰਿਪੋਰਟ ਹਾਈ ਕੋਰਟ ਕੋਲ ਹੈ ਪਰ ਪੰਜਾਬ ਸਰਕਾਰ ਨੇ ਰਿਪੋਰਟ ਨੂੰ ਨਸ਼ਰ ਕਰਨ ਅਤੇ ਉਸ ਉਪਰ ਕੋਈ ਕਾਰਵਾਈ ਕਰਨ ਤੋਂ ਬਿਨਾਂ ਹੀ ਪ੍ਰਚਾਰਨਾ ਸ਼ੁਰੂ ਕਰ ਦਿੱਤਾ ਕਿ ਨਸ਼ਾ ਨਾਮਾਤਰ ਰਹਿ ਗਿਆ ਹੈ। ਅਕਾਲੀ-ਭਾਜਪਾ ਉੱਤੇ ਵੱਡੀਆਂ ਮੱਛੀਆਂ ਤੋਂ ਦੂਰ ਰਹਿਣ ਦਾ ਜੋ ਦੋਸ਼ ਲਗਦਾ ਸੀ ਉਹ ਕੈਪਟਨ ਸਰਕਾਰ ਉੱਤੇ ਵੀ ਕਾਇਮ ਹੈ। ਹਾਲਾਂਕਿ ਨਸ਼ੇ ਦੇ ਬਹੁਪੱਖ ਹਨ ਪਰ ਜਿਨ੍ਹਾਂ ਨਸ਼ੇੜੀਆਂ ਦਾ ਨਸ਼ਾ ਛੁਡਾਇਆ ਗਿਆ ਹੈ ਉਹ ਕਿੱਥੇ ਇਲਾਜ ਕਰਵਾ ਰਹੇ ਹਨ ਅਤੇ ਉਨ੍ਹਾਂ ਦਾ ਮੁੜ ਵਸੇਬਾ ਕਿਵੇਂ ਹੋਇਆ, ਫਿਲਹਾਲ ਲੋਕਾਂ ਨੂੰ ਇਸ ਬਾਰੇ ਕੋਈ ਜਾਣਕਾਰੀ ਨਹੀਂ ਹੈ।

**ਮਾਈਨਿੰਗ ਮਾਫ਼ੀਆ:** ਮਾਈਨਿੰਗ ਨੇ ਤਾਂ ਕੈਪਟਨ ਦੇ ਨਜ਼ਦੀਕੀ ਮੰਤਰੀ ਦੀ ਇੱਕ ਤਰ੍ਹਾਂ ਨਾਲ ਸਿਆਸੀ ਬਲੀ ਲੈ ਲਈ। ਕੇਬਲ ਮਾਫ਼ੀਆ ਬਾਰੇ ਕੋਈ ਜ਼ਾਹਿਰਾ ਕਾਰਵਾਈ ਸਾਹਮਣੇ ਨਹੀਂ ਆਈ। ਜਿੰਨੇ ਘੁਟਾਲਿਆਂ ਦੀ ਗੱਲ ਹੋਈ ਹੈ ਕਿਸੇ ਖਿਲਾਫ਼ ਕੋਈ ਜਾਂਚ ਦਾ ਹੁਕਮ ਜਾਰੀ ਨਹੀਂ ਹੋਇਆ। ਟਰਾਂਸਪੋਰਟ ਖੇਤਰ ਵਿੱਚ ਵੀ ਕਿਸੇ ਨਿੱਜੀ ਖਿਡਾਰੀ ਨੂੰ ਸੇਕ ਤੱਕ ਨਹੀਂ ਲੱਗਿਆ।

ਕੈਪਟਨ ਨੇ ਆਉਂਦਿਆਂ ਹੀ ਲਾਲਬੱਤੀ ਹਟਾਉਣ, ਉਦਘਾਟਨੀ ਪੱਥਰ ਨਾ ਰੱਖਣ ਵਰਗੇ ਕੁਝ ਕਦਮ ਉਠਾਏ। ਪਰ ਐਮਰਜੈਂਸੀ ਤੋਂ ਬਿਨਾਂ ਹੈਲੀਕਾਪਟਰ ਦਾ ਇਸਤੇਮਾਲ ਨਾ ਕਰਨ ਵਰਗੇ ਵਾਅਦੇ ਪਹਿਲੇ ਦਿਨ ਤੋਂ ਹੀ ਹਵਾ- ਹਵਾਈ ਹੋ ਗਏ। ਜੇਕਰ ਦੇਖਿਆ ਜਾਵੇ ਤਾਂ ਹੈਲੀਕਾਪਟਰ ਤੋਂ ਹੀ ਅਮਰਿੰਦਰ ਸਿੰਘ ਨੂੰ ਮਾਈਨਿੰਗ ਦਿਖਾਈ ਦਿੱਤੀ।

# ਸਾਲ ਬਾਅਦ ਵੀ ਭਾਂ-ਭਾਂ ਕਰ ਰਿਹੈ ਸਰਕਾਰੀ ਖ਼ਜ਼ਾਨਾ

**ਚੰਡੀਗੜ੍ਹ/ਬਿਊਰੋ ਨਿਊਜ਼:**

ਕੈਪਟਨ ਸਰਕਾਰ ਨੇ ਆਪਣੇ ਕਾਰਜਕਾਲ ਦਾ ਇਕ ਸਾਲ ਪੂਰਾ ਕਰ ਲਿਆ ਹੈ, ਪਰ ਅਜੇ ਤੱਕ ਸੂਬੇ ਦੀ ਵਿੱਤੀ ਹਾਲਤ ਨਹੀਂ ਸੁਧਰੀ ਹੈ। ਸਰਕਾਰ ਨੂੰ ਮੁਲਾਜ਼ਮਾਂ ਨੂੰ ਤਨਖ਼ਾਹਾਂ ਦੇਣ ਵਿੱਚ ਵੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕਾਂਗਰਸ ਪਾਰਟੀ ਨੇ ਸੂਬੇ ਦੇ ਲੋਕਾਂ ਨੂੰ ਚੋਣਾਂ ਵੇਲੇ ਜਿਹੜੇ ਸੁਫ਼ਨੇ ਦਿਖਾਏ ਸਨ, ਉਹ ਹਕੀਕਤ ਵਿੱਚ ਨਹੀਂ ਬਦਲ ਸਕੇ।

ਕਾਂਗਰਸ ਪਾਰਟੀ ਨੇ ਸੱਤਾ ਸੰਭਾਲਦਿਆਂ ਹੀ ਪਿਛਲੀ ਸਰਕਾਰ ਵੱਲੋਂ ਵਿਕਾਸ ਕੰਮਾਂ ਲਈ ਜਾਰੀ ਕੀਤੀਆਂ ਗ੍ਰਾਂਟਾਂ ਤੇ ਫੰਡ ਵਰਤਣ 'ਤੇ ਰੋਕ ਲਾ ਦਿੱਤੀ ਸੀ, ਇਸ ਕਰਕੇ ਵਿਕਾਸ ਕੰਮਾਂ 'ਤੇ ਬਰੇਕਾਂ ਲੱਗ ਗਈਆਂ ਸਨ। ਸੂਬੇ ਦੀ ਵਿੱਤੀ ਹਾਲਤ ਬਾਰੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਪਿਛਲੀ ਸਰਕਾਰ ਨੇ ਸੂਬੇ ਦੀ ਵਿੱਤੀ ਹਾਲਤ ਇੰਨੀ ਖ਼ਰਾਬ ਕਰ ਦਿੱਤੀ ਸੀ ਕਿ ਭਾਰਤੀ ਰਿਜ਼ਰਵ ਬੈਂਕ ਨੇ 70 ਸਾਲ ਵਿੱਚ ਪਹਿਲੀ ਵਾਰ ਪੰਜਾਬ ਦਾ ਖ਼ਜ਼ਾਨਾ ਬੰਦ ਕਰ ਦਿੱਤਾ ਸੀ। ਇਹ ਕਦਮ ਬਹੁਤ ਜ਼ਿਆਦਾ ਓਵਰਡਰਾਫਟ ਹੋਣ ਕਰਕੇ ਚੁੱਕਿਆ ਗਿਆ ਸੀ, ਪਰ ਜਿਸ ਸਮੇਂ ਸੂਬੇ ਦਾ ਖ਼ਜ਼ਾਨਾ ਬੰਦ ਕੀਤਾ ਗਿਆ ਸੀ, ਉਸ ਤੋਂ ਥੋੜ੍ਹੇ ਦਿਨ ਪਹਿਲਾਂ ਕੈਪਟਨ ਨੇ ਸੂਬੇ ਦੀ ਵਾਗਡੋਰ ਸੰਭਾਲ ਲਈ ਸੀ। ਉਸ ਤੋਂ ਬਾਅਦ ਵੀ ਓਵਰਡਰਾਫਟ ਹੋਇਆ ਹੈ, ਪਰ ਪਿਛਲੀ ਸਰਕਾਰ ਵਾਲੀ ਹਾਲਤ ਨਹੀਂ ਹੋਈ।

ਕਾਂਗਰਸ ਸਰਕਾਰ ਨੇ ਸੱਤਾ ਸੰਭਾਲਣ ਤੋਂ ਬਾਅਦ ਲੋਕਾਂ ਨੂੰ ਸੂਬੇ ਦੀ ਵਿੱਤੀ ਸਥਿਤੀ ਤੋਂ ਜਾਣੂ ਕਰਵਾਉਣ ਲਈ 'ਵ੍ਹਾਈਟ ਪੇਪਰ' ਛਾਪਿਆ ਸੀ, ਜਿਸ ਵਿੱਚ ਦੱਸਿਆ ਗਿਆ ਕਿ ਸੂਬੇ ਸਿਰ ਕਰਜ਼ਾ 2.07 ਲੱਖ ਕਰੋੜ ਰੁਪਏ ਹੋ ਚੁੱਕਾ ਹੈ। ਜਿਸ ਪਾਸਿਓਂ ਰਾਜ ਸਰਕਾਰ ਨੂੰ ਕਰਜ਼ਾ ਮਿਲਣ ਦੀ ਉਮੀਦ ਸੀ, ਉਸ ਥਾਂ ਤੋਂ ਪਿਛਲੀ ਸਰਕਾਰ ਨੇ ਅਗਲੇ ਚਾਰ ਪੰਜ ਸਾਲ ਹੋਣ ਵਾਲੀ ਆਮਦਨ ਵਿਰੁੱਧ ਕਰਜ਼ੇ ਲੈ ਲਏ ਸਨ। ਇਸ ਕਰਕੇ ਕਾਂਗਰਸ ਸਰਕਾਰ ਨੂੰ ਨਵੇਂ ਕਰਜ਼ੇ ਲੈਣ ਵਿੱਚ ਵੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਭਲਾਈ ਸਕੀਮਾਂ ਲਈ ਪੈਸਾ ਜੁਟਾਉਣਾ ਮੁਸ਼ਕਿਲ ਹੋ ਰਿਹਾ ਹੈ। ਕੈਪਟਨ ਸਰਕਾਰ ਅਤੇ ਕਿਸਾਨਾਂ ਦੀ ਖ਼ੁਸ਼ਕਿਸਮਤੀ ਹੈ ਕਿ ਪਿਛਲੇ ਇਕ ਸਾਲ ਵਿੱਚ ਕਣਕ, ਝੋਨੇ ਅਤੇ ਨਰਮੇ ਤੇ ਕਪਾਹ ਦਾ ਝਾੜ ਵੱਧ ਹੋਣ ਕਰਕੇ ਸੂਬੇ ਦੇ ਅਰਥਚਾਰੇ ਵਿੱਚ ਦਸ ਤੋਂ ਪੰਦਰਾਂ ਹਜ਼ਾਰ ਕਰੋੜ ਰੁਪਏ ਆਏ ਹਨ, ਇਸ ਨਾਲ ਖੇਤੀ ਖੇਤਰ ਨੂੰ ਕੁਝ ਰਾਹਤ ਮਿਲੀ ਹੈ। ਵਿੱਤ ਮੰਤਰੀ ਨੇ ਦੱਸਿਆ ਕਿ ਸੂਬਾ ਸਰਕਾਰ ਲਈ ਪਹਿਲਾ ਸਾਲ ਹੀ ਔਖਾ ਸੀ ਤੇ ਹੁਣ ਚੁੱਕੇ ਕਦਮਾਂ ਨਾਲ ਹਾਲਤ ਵਿੱਚ ਸੁਧਾਰ ਆਵੇਗਾ। ਸੂਬੇ ਦੀ ਵਿੱਤੀ ਹਾਲਤ ਸੁਧਾਰਨ ਲਈ ਕਈ ਕਦਮ ਚੁੱਕੇ ਹਨ, ਜਿਨ੍ਹਾਂ ਦੇ ਚੰਗੇ ਨਤੀਜੇ ਆਏ ਹਨ। ਪਹਿਲੇ ਕਦਮ ਤਹਿਤ 13,000 ਕਰੋੜ ਦੀਆਂ ਦੇਣਦਾਰੀਆਂ ਨੂੰ ਘਟਾ ਕੇ 75,00 ਕਰੋੜ ਰੁਪਏ ਕੀਤਾ ਗਿਆ ਹੈ ਤੇ ਅਗਲੇ ਤਿੰਨ ਸਾਲਾਂ ਵਿੱਚ ਇਨ੍ਹਾਂ ਨੂੰ ਬਰਾਬਰ ਕਰ ਦਿੱਤਾ ਜਾਵੇਗਾ। ਝੋਨੇ ਤੇ ਕਣਕ ਦੀ ਖ਼ਰੀਦ 'ਤੇ ਸੂਬਾ ਸਰਕਾਰ ਨੂੰ ਹਰ ਸਾਲ 1800 ਕਰੋੜ ਰੁਪਏ ਦਾ ਨੁਕਸਾਨ ਹੁੰਦਾ ਸੀ, ਜਿਸ ਬਾਰੇ ਕੁਝ ਕਦਮ ਚੁੱਕੇ ਗਏ ਹਨ, ਜਿਸ ਨਾਲ ਇਕ ਹਜ਼ਾਰ ਕਰੋੜ ਰੁਪਏ ਬਚਾ ਲਏ ਗਏ ਹਨ। ਇਸ ਨਾਲ ਘਾਟੇ ਨੂੰ ਖ਼ਤਮ ਕੀਤਾ ਜਾਵੇਗਾ। ਇਸ ਦੇ ਨਾਲ ਰਾਜ ਸਰਕਾਰ ਨੇ ਆਪਣੇ ਬਹੁਤ ਸਾਰੇ ਦਫ਼ਤਰ ਆਪਣੀਆਂ ਹੀ ਇਮਾਰਤਾਂ ਵਿੱਚ ਤਬਦੀਲ ਕਰ ਲਏ ਹਨ, ਜਿਸ ਨਾਲ ਲਗਪਗ ਚਾਰ ਸੌ ਕਰੋੜ ਰੁਪਏ ਦੀ ਬੱਚਤ ਹੋਈ ਹੈ ਤੇ ਹੋਰ ਵੀ ਦਫ਼ਤਰ ਬਦਲੇ ਜਾਣਗੇ।

ਕਾਂਗਰਸੀ ਵਿਧਾਇਕਾਂ ਦੀਆਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਕੁਝ ਮੰਤਰੀਆਂ ਨਾਲ ਪਿਛਲੇ ਦਿਨੀਂ ਹੋਈਆਂ ਮੀਟਿੰਗਾਂ ਤੋਂ ਬਾਅਦ ਸੂਬਾ ਸਰਕਾਰ ਨੇ ਗ੍ਰਾਂਟਾਂ ਤੇ ਫੰਡਾਂ ਦੇ ਰੋਕੇ 600 ਕਰੋੜ ਰੁਪਏ ਜਾਰੀ ਦਿੱਤੇ ਹਨ। ਵਿੱਤ ਮੰਤਰੀ ਨੇ ਦੱਸਿਆ ਕਿ ਪੰਜਾਬੀ ਯੂਨੀਵਰਸਿਟੀ ਸਮੇਤ ਸੂਬੇ ਦੀਆਂ ਹੋਰ ਯੂਨੀਵਰਸਿਟੀਆਂ ਨੂੰ ਵੱਧ ਪੈਸਾ ਜਾਰੀ ਕੀਤਾ ਜਾਵੇਗਾ ਤਾਂ ਜੋ ਉਹ ਵਿੱਤੀ ਸੰਕਟ ਵਿੱਚੋਂ ਉਭਰ ਸਕਣ।

# ਅਕਾਲੀਆਂ ਦੀ ਬਜਾਏ ਮੁਲਾਜ਼ਮਾਂ ਵਲ ਚਲਿਆ ਕੈਪਟਨ ਦਾ ਖੂੰਡਾ

**ਬਠਿੰਡਾ/ਬਿਊਰੋ ਨਿਊਜ਼:**

ਐਤਕੀਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦਾ 'ਸਿਆਸੀ ਖੂੰਡਾ' ਵੱਡੇ ਲੀਡਰਾਂ 'ਤੇ ਨਹੀਂ ਚੱਲਿਆ ਜਦੋਂ ਕਿ ਛੋਟੇ ਮੁਲਾਜ਼ਮ ਵਾਹਣੀਂ ਪਾਏ ਹੋਏ ਹਨ। ਕੈਪਟਨ ਅਮਰਿੰਦਰ ਸਿੰਘ ਦੀ ਪਹਿਲੀ ਪਾਰੀ ਅਤੇ ਦੂਸਰੀ ਪਾਰੀ ਦੇ ਪਹਿਲੇ ਵਰ੍ਹੇ ਦੀ 'ਕੁਰੱਪਸ਼ਨ ਖ਼ਿਲਾਫ਼ ਜੰਗ' 'ਚ ਜ਼ਮੀਨ-ਅਸਮਾਨ ਦਾ ਫ਼ਰਕ ਹੈ। ਚੋਣਾਂ ਤੋਂ ਪਹਿਲਾਂ ਕੈਪਟਨ ਨੇ ਗੱਠਜੋੜ ਦੇ ਵੱਡੇ ਲੀਡਰਾਂ ਖ਼ਿਲਾਫ਼ ਪੰਜਾਬ ਨੂੰ ਲੁੱਟਣ ਦੇ ਇਲਜ਼ਾਮ ਲਾਏ ਸਨ। ਚਾਰ ਮਹੀਨਿਆਂ 'ਚ ਸਭਨਾਂ ਨੂੰ ਅੰਦਰ ਕਰਨ ਦੇ ਵਾਅਦੇ ਕੀਤੇ ਗਏ। ਜਦੋਂ ਹੁਣ ਕੈਪਟਨ ਹਕੂਮਤ ਦੇ ਪਹਿਲੇ ਵਰ੍ਹੇ ਦੇ ਵਿਜੀਲੈਂਸ ਕੇਸਾਂ ਦੇ ਵਰਕੇ ਫਰੋਲੇ ਗਏ ਤਾਂ ਉਨ੍ਹਾਂ 'ਚ ਵੱਡੀ ਗਿਣਤੀ ਛੋਟੇ ਮੁਲਾਜ਼ਮਾਂ ਦੀ ਨਜ਼ਰ ਆਈ ਅਤੇ 'ਮਗਰਮੱਛ' ਕਿਧਰੇ ਨਜ਼ਰੀਂ ਨਹੀਂ ਪਏ। ਇਸੇ ਕਰਕੇ ਅਕਾਲੀ ਖ਼ੁਸ਼ ਅਤੇ ਕਾਂਗਰਸੀ ਦੁਖੀ ਜਾਪਦੇ ਹਨ।

ਵਿਜੀਲੈਂਸ ਬਿਊਰੋ ਦੇ ਸਰਕਾਰੀ ਤੱਥਾਂ ਅਨੁਸਾਰ ਪੰਜਾਬ ਵਿੱਚ ਗੱਠਜੋੜ ਸਰਕਾਰ ਦੇ ਆਖ਼ਰੀ ਵਰ੍ਹੇ ਸਾਲ 2016 ਦੌਰਾਨ 314 ਅਫ਼ਸਰਾਂ, ਮੁਲਾਜ਼ਮਾਂ ਅਤੇ ਹੋਰ ਵਿਅਕਤੀਆਂ ਖ਼ਿਲਾਫ਼ 167 ਕੇਸ ਦਰਜ ਹੋਏ ਜਦੋਂ ਕਿ ਕੈਪਟਨ ਰਾਜ ਦੇ ਸਾਲ 2017 ਦੌਰਾਨ 291 ਵਿਅਕਤੀਆਂ ਖ਼ਿਲਾਫ਼ 159 ਕੇਸ ਦਰਜ ਹੋਏ। ਪੜਤਾਲਾਂ ਦੇ ਆਧਾਰ 'ਤੇ ਦਰਜ ਹੋਣ ਵਾਲੇ ਕੇਸ ਜਿਨ੍ਹਾਂ 'ਚ ਪ੍ਰਾਈਵੇਟ ਵਿਅਕਤੀ/ਸਿਆਸੀ ਵਿਅਕਤੀ ਵੀ ਸ਼ਾਮਲ ਹੁੰਦੇ ਹਨ, 'ਤੇ ਨਜ਼ਰ ਮਾਰੀਏ ਤਾਂ ਸਾਲ 2016 ਵਿੱਚ 54 ਵਿਜੀਲੈਂਸ ਕੇਸ ਦਰਜ ਹੋਏ ਜਦੋਂ ਕਿ ਕੈਪਟਨ ਦੇ ਸਾਲ 2017 ਦੇ ਵਰ੍ਹੇ ਦੌਰਾਨ ਇਹ ਗਿਣਤੀ ਘੱਟ ਕੇ 36 ਰਹਿ ਗਈ। ਇਸੇ ਵਰ੍ਹੇ 'ਚ ਵਸੀਲਿਆਂ ਤੋਂ ਵੱਧ ਜਾਇਦਾਦ ਬਣਾਏ ਜਾਣ ਦੇ ਸਿਰਫ਼ ਪੰਜ ਕੇਸ ਦਰਜ ਹੋਏ ਹਨ। ਵਰ੍ਹਾ 2017 ਦੌਰਾਨ ਟਰੈਪ ਕੇਸ ਜ਼ਰੂਰ ਵਧੇ ਹਨ ਜਿਨ੍ਹਾਂ ਵਿੱਚ ਜ਼ਿਆਦਾ ਛੋਟੇ ਮੁਲਾਜ਼ਮ ਸ਼ਾਮਿਲ ਹਨ। ਸਾਲ 2016 ਵਿੱਚ 109 ਟਰੈਪ ਕੇਸਾਂ ਵਿੱਚ 130 ਮੁਲਾਜ਼ਮ ਅਤੇ ਅਧਿਕਾਰੀ ਫੜੇ ਗਏ ਜਦੋਂ ਕਿ ਕੈਪਟਨ ਹਕੂਮਤ ਨੇ ਪਹਿਲੇ ਵਰ੍ਹੇ ਵਿੱਚ 118 ਕੇਸ ਦਰਜ ਕਰਕੇ 149 ਮੁਲਾਜ਼ਮ ਅਤੇ ਅਧਿਕਾਰੀ ਫੜੇ ਹਨ। ਮਤਲਬ ਕਿ ਕੈਪਟਨ ਸਰਕਾਰ ਨੇ ਛੋਟੀਆਂ ਮੱਛੀਆਂ ਫੜਨ ਵਿੱਚ ਬਾਜ਼ੀ ਮਾਰੀ ਹੈ। ਵਿਜੀਲੈਂਸ ਨੇ ਜਨਵਰੀ ਤੇ ਫਰਵਰੀ 2018 ਦੌਰਾਨ 28 ਕੇਸ ਦਰਜ ਕੀਤੇ ਹਨ। ਕੈਪਟਨ ਰਾਜ ਦੇ ਪਹਿਲੇ ਵਰ੍ਹੇ ਦੌਰਾਨ ਵਿਜੀਲੈਂਸ ਨੇ 128 ਵਿਅਕਤੀਆਂ ਖ਼ਿਲਾਫ਼ ਵਿਜੀਲੈਂਸ ਪੜਤਾਲਾਂ ਦਰਜ ਕੀਤੀਆਂ ਹਨ ਜਦੋਂ ਕਿ ਇਸ ਤੋਂ ਜ਼ਿਆਦਾ ਤਾਂ ਅਕਾਲੀ ਰਾਜ ਦੇ ਸਾਲ 20 16 ਦੌਰਾਨ 201 ਪੜਤਾਲਾਂ ਦਰਜ ਹੋਈਆਂ ਸਨ। ਅਕਾਲੀ ਰਾਜ ਦੇ 2016 ਦੌਰਾਨ 61 ਪ੍ਰਾਈਵੇਟ ਵਿਅਕਤੀਆਂ (ਸਮੇਤ ਸਿਆਸੀ ਵਿਅਕਤੀਆਂ) ਖ਼ਿਲਾਫ਼ ਪੜਤਾਲਾਂ ਦਰਜ ਹੋਈਆਂ ਸਨ ਜਦੋਂ ਕਿ ਹੁਣ 2017 ਵਿੱਚ ਸਿਰਫ਼ 30 ਵਿਅਕਤੀਆਂ ਖ਼ਿਲਾਫ਼ ਪੜਤਾਲਾਂ ਦਰਜ ਹੋਈਆਂ ਹਨ। ਜਦੋਂ ਕੈਪਟਨ ਦੀ ਪਹਿਲੀ ਪਾਰੀ (2002-2007) ਸੀ ਤਾਂ ਉਦੋਂ ਪਹਿਲੇ ਵਰ੍ਹੇ ਦੌਰਾਨ ਹੀ ਸਿਆਸੀ ਖੂੰਡਾ ਚਲਾ ਕੇ ਦਰਜਨਾਂ ਲੀਡਰਾਂ ਨੂੰ ਜੇਲ੍ਹ ਦੀ ਹਵਾ ਖੁਆ ਦਿੱਤੀ ਸੀ। ਸਾਲ 2002-2003 ਦੌਰਾਨ ਰਿਕਾਰਡ ਕੇਸ ਦਰਜ ਹੋਏ ਸਨ। ਹੁਣ ਦੂਸਰੀ ਪਾਰੀ ਦੇ ਪਹਿਲੇ ਵਰ੍ਹੇ ਦੌਰਾਨ ਕਿਸੇ ਸਿਆਸੀ ਲੀਡਰ ਨੂੰ ਤੱਤੀ ਵਾਅ ਨਹੀਂ ਲੱਗੀ ਹੈ।

ਵਿਜੀਲੈਂਸ ਨੇ ਸਿੰਜਾਈ ਘੁਟਾਲਾ, ਮੰਡੀ ਬੋਰਡ ਦੇ ਐਕਸੀਅਨ ਦਾ ਕੇਸ, ਪੀਟੀਯੂ ਕੇਸ ਅਤੇ ਝਿਊਰਹੇੜੀ ਕੇਸ ਦੇ ਮਾਮਲੇ ਦਰਜ ਕੀਤੇ ਹਨ ਜਿਨ੍ਹਾਂ 'ਚੋਂ ਨੇਤਾ ਲੋਕ ਬਚ ਗਏ ਹਨ। ਸਿਆਸੀ ਭੇਤੀ ਆਖਦੇ ਹਨ ਕਿ ਇਹ 'ਦੋਸਤਾਨਾ ਖੇਡ' ਦਾ ਨਤੀਜਾ ਹੈ ਜਦੋਂ ਕਿ ਵਿਰੋਧੀ ਧਿਰਾਂ ਦੇ ਲੀਡਰ ਆਖਦੇ ਹਨ ਕਿ ਵਿਜੀਲੈਂਸ ਹੁਣ ਬਦਲਾਖੋਰੀ ਤੋਂ ਗੁਰੇਜ਼ ਕਰ ਰਹੀ ਹੈ। ਹਾਕਮ ਧਿਰ ਆਖ ਰਹੀ ਹੈ ਕਿ ਮੈਰਿਟ 'ਤੇ ਸਭ ਕੁੱਝ ਹੋ ਰਿਹਾ ਹੈ। ਇੱਕ ਵਿਜੀਲੈਂਸ ਅਧਿਕਾਰੀ ਨੇ ਦੱਸਿਆ ਕਿ ਉਪਰੋਂ ਹਰੀ ਝੰਡੀ ਨਹੀਂ ਮਿਲੀ ਜਿਸ ਕਰਕੇ ਉਹ ਬੇਵੱਸ ਹਨ। ਵਿਜੀਲੈਂਸ ਪੰਜਾਬ ਨੇ ਲੰਘੇ ਪੰਜ ਵਰ੍ਹਿਆਂ (20 13-2017) ਦੌਰਾਨ 1279 ਵਿਅਕਤੀਆਂ (ਸਰਕਾਰੀ/ਗ਼ੈਰਸਰਕਾਰੀ) 'ਤੇ ਕੁੱਲ 722 ਕੇਸ ਦਰਜ ਕੀਤੇ ਹਨ ਜਿਨ੍ਹਾਂ 'ਚੋਂ 500 ਕੇਸ ਰੰਗੇ ਹੱਥੀਂ ਵੱਢੀ ਲੈਣ ਵਾਲਿਆਂ ਦੇ ਹਨ ਜਦੋਂ ਕਿ 186 ਕੇਸ ਪੜਤਾਲਾਂ ਕਰਨ ਮਗਰੋਂ ਦਰਜ ਕੀਤੇ ਗਏ ਹਨ। ਸਿਰਫ਼ ਤਿੰਨ ਦਰਜਨ ਕੇਸ ਵਸੀਲਿਆਂ ਤੋਂ ਵੱਧ ਆਮਦਨ ਵਾਲੇ ਦਰਜ ਹੋਏ ਹਨ। ਇਨ੍ਹਾਂ ਪੰਜ ਵਰ੍ਹਿਆਂ ਦੌਰਾਨ 54 ਅਫ਼ਸਰਾਂ, 263 ਮੁਲਾਜ਼ਮਾਂ ਅਤੇ 136 ਪ੍ਰਾਈਵੇਟ ਵਿਅਕਤੀਆਂ ਨੂੰ ਅਦਾਲਤਾਂ ਵਿੱਚ ਸਜ਼ਾ ਹੋਈ ਹੈ। ਜਨਵਰੀ ਤੇ ਫਰਵਰੀ 2018 ਵਿੱਚ ਦਰਜਨ ਵਿਅਕਤੀਆਂ ਨੂੰ ਸਜ਼ਾ ਹੋਈ ਹੈ।

## ਸਿੰਜਾਈ ਘੁਟਾਲੇ 'ਚ ਵਕਤ ਲੱਗਿਆ: ਡਾਇਰੈਕਟਰ

ਵਿਜੀਲੈਂਸ ਦੇ ਡਾਇਰੈਕਟਰ ਜੀ ਨਗੇਸ਼ਵਰਾ ਰਾਓ ਦਾ ਕਹਿਣਾ ਸੀ ਕਿ ਵਿਜੀਲੈਂਸ ਦੀ ਪਿਛਲੇ ਇਕ ਸਾਲ ਦੌਰਾਨ ਬਿਹਤਰ ਕਾਰਗੁਜ਼ਾਰੀ ਰਹੀ ਹੈ ਅਤੇ ਟਰੈਪ ਕੇਸ ਪਿਛਲੇ ਵਰ੍ਹੇ ਨਾਲੋਂ ਵਧੇ ਹਨ। ਪੁਰਾਣੇ 'ਨੌਕਰੀ ਘੁਟਾਲੇ' ਦੇ ਵੱਡੇ ਦੋਸ਼ੀ ਫੜੇ ਹਨ ਅਤੇ ਐਕਸੀਅਨ ਸੁਰਿੰਦਰਪਾਲ ਭਲਵਾਨ ਤੇ ਤਿੰਨ ਹੋਰ ਕੇਸ ਦਰਜ ਕੀਤੇ ਹਨ। ਉਨ੍ਹਾਂ ਕਿਹਾ ਕਿ ਸਿੰਜਾਈ ਘੁਟਾਲਾ ਹੀ ਬਹੁਤ ਸਮਾਂ ਖਾ ਗਿਆ ਜਿਸ ਕਰਕੇ ਪੜਤਾਲਾਂ ਦੀ ਗਿਣਤੀ ਘਟੀ ਹੈ। ਜਦੋਂ ਲੀਡਰਾਂ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਇਸ 'ਤੇ ਕੋਈ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ।

# ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ 'ਚ ਸਾਰੇ ਮੰਤਰੀ ਨਿਕੰਮੇ-ਵਿਜੈ ਸਾਂਪਲਾ

## ਸੁਖਬੀਰ ਨੂੰ ਕਿਹਾ ਇਕੱਠ ਵੇਖ ਲੈ, ਫੇਰ ਨਾ ਕਹਿਣਾ ਕਿ ਭਾਜਪਾ ਦੇ ਪੱਲੇ ਕੱਖ ਨੀ

**ਜਲੰਧਰ/ਬਿਊਰੋ ਨਿਊਜ਼:** ਪੰਜਾਬ ਭਾਜਪਾ ਨੇ ਕੈਪਟਨ ਸਰਕਾਰ ਵਿਰੁੱਧ 'ਵਜਾਓ ਢੋਲ- ਖੋਲ੍ਹੋ ਪੋਲ' ਰੈਲੀ ਕਰਕੇ ਆਪਣੇ ਸਿਆਸੀ ਭਾਈਵਾਲ ਸ਼੍ਰੋਮਣੀ ਅਕਾਲੀ ਦਲ ਅੱਗੇ ਵੀ ਤਾਕਤ ਦਾ ਮੁਜ਼ਾਹਰਾ ਕੀਤਾ ਹੈ। ਭਾਜਪਾ ਦੇ ਸੂਬਾ ਪ੍ਰਧਾਨ ਵਿਜੈ ਸਾਂਪਲਾ ਨੇ ਰੈਲੀ 'ਚ ਹਾਜ਼ਰ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਮੁਖਾਤਿਬ ਹੁੰਦਿਆਂ ਕਿਹਾ ਕਿ ਉਹ ਹੁਣ ਇਹ ਨਾ ਕਿਹਾ ਕਰਨ ਕਿ ਭਾਜਪਾ ਦੇ ਪੱਲੇ ਕੁੱਝ ਨਹੀਂ ਹੈ। ਉਨ੍ਹਾਂ ਕਿਹਾ ਕਿ ਭਾਜਪਾ, ਸ਼੍ਰੋਮਣੀ ਅਕਾਲੀ ਦਲ ਦਾ ਦਿਮਾਗ ਤਾਂ ਨਹੀਂ ਹੋ ਸਕਦੀ ਪਰ ਦਿਲ ਜ਼ਰੂਰ ਹੈ। ਰੈਲੀ ਦੀ ਸ਼ੁਰੂਆਤ ਕੇਂਦਰੀ ਮੰਤਰੀ ਵਿਜੈ ਸਾਂਪਲਾ ਤੇ ਸੁਖਬੀਰ ਬਾਦਲ ਨੇ ਢੋਲ ਵਜਾ ਕੇ ਕੀਤੀ। ਦੋਹਾਂ ਧਿਰਾਂ ਨੇ ਸਿਆਸੀ ਗੱਠਜੋੜ ਜਾਰੀ ਰੱਖਣ 'ਤੇ ਸਭ ਤੋਂ ਵੱਧ ਜ਼ੋਰ ਦਿੱਤਾ। ਕੇਂਦਰੀ ਰਾਜ ਮੰਤਰੀ ਵਿਜੈ ਸਾਂਪਲਾ ਨੇ ਕਿਹਾ ਕਿ ਕੈਪਟਨ ਸਰਕਾਰ ਵਿੱਚ ਇੱਕ ਵੀ ਕਾਬਿਲ ਮੰਤਰੀ ਨਹੀਂ ਹੈ। ਲੋਕ ਸਭਾ ਚੋਣਾਂ ਦੇ ਨਾਲ ਹੀ ਪੰਜਾਬ ਵਿਧਾਨ ਸਭਾ ਚੋਣਾਂ ਇਕੱਠੀਆਂ ਕਰਵਾਉਣ ਦੀਆਂ ਉੱਠ ਰਹੀਆਂ ਆਵਾਜ਼ਾਂ 'ਤੇ ਟਿੱਪਣੀ ਕਰਦਿਆਂ ਉਨ੍ਹਾਂ ਕਿਹਾ ਕਿ ਸ਼ਾਇਦ ਇਹ ਇਕੱਠੀਆਂ ਹੋ ਜਾਣ। ਕੇਂਦਰ ਸਰਕਾਰ ਇਸ ਬਾਰੇ ਸੋਚ-ਵਿਚਾਰ ਕਰ ਰਹੀ ਹੈ। ਸ੍ਰੀ ਸਾਂਪਲਾ ਨੇ ਸ਼੍ਰੋਮਣੀ ਅਕਾਲੀ ਦਲ ਵੱਲੋਂ 20 ਮਾਰਚ ਨੂੰ ਪੰਜਾਬ ਵਿਧਾਨ ਸਭਾ ਦੇ ਘਿਰਾਓ ਵਾਲੇ ਪ੍ਰੋਗਰਾਮ ਵਿੱਚ ਪਾਰਟੀ ਵਰਕਰਾਂ ਨੂੰ ਵੱਧ-ਚੜ੍ਹ ਕੇ ਹਿੱਸਾ ਲੈਣ ਦਾ ਐਲਾਨ ਕੀਤਾ। ਰੈਲੀ ਨੂੰ ਸੰਬੋਧਨ ਕਰਦਿਆਂ ਸੁਖਬੀਰ ਬਾਦਲ ਨੇ ਕਿਹਾ ਕਿ ਹਿੰਦੋਸਤਾਨ ਰਹੇ ਭਾਵੇਂ ਨਾ ਰਹੇ ਪਰ ਅਕਾਲੀ ਦਲ ਤੇ ਭਾਜਪਾ ਦਾ ਗੱਠਜੋੜ ਜ਼ਰੂਰ ਕਾਇਮ ਰਹੇਗਾ। ਉਨ੍ਹਾਂ ਭਾਜਪਾ ਨੂੰ ਅਕਾਲੀ ਦਲ ਦਾ ਦਿਲ ਕਰਾਰ ਦਿੱਤਾ। ਉਨ੍ਹਾਂ ਭਾਜਪਾ ਲੀਡਰਸ਼ਿਪ ਨੂੰ ਅਪੀਲ ਕੀਤੀ ਕਿ ਉਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਕਹਿ ਕੇ ਪੰਜਾਬ ਦੀਆਂ ਚੋਣਾਂ ਵੀ ਲੋਕ ਸਭਾ ਦੇ ਨਾਲ ਕਰਵਾ ਦੇਣ ਤਾਂ 13 ਦੀਆਂ 13 ਲੋਕ ਸਭਾ ਸੀਟਾਂ 'ਤੇ ਜਿੱਤ ਹਾਸਲ ਕਰਾਂਗੇ ਅਤੇ ਪੰਜਾਬ 'ਚ ਗੱਠਜੋੜ ਸਰਕਾਰ ਬਣਾਵਾਂਗੇ। ਸ੍ਰੀ ਬਾਦਲ ਨੇ ਵਿਧਾਨ ਸਭਾ ਦਾ ਸੈਸ਼ਨ 6 ਦਿਨ ਦਾ ਰੱਖੇ ਜਾਣ ਦੀ ਨਿੰਦਾ ਕਰਦਿਆਂ ਕਿਹਾ ਕਿ ਇਹ ਇੱਕ ਮਹੀਨੇ ਦਾ ਰੱਖਣਾ ਚਾਹੀਦਾ ਸੀ। ਉਨ੍ਹਾਂ ਕਾਂਗਰਸ ਨੂੰ ਪੰਜਾਬ ਦੀ ਅਸਲ ਦੁਸ਼ਮਣ ਦੱਸਿਆ



ਜਲੰਧਰ ਵਿੱਚ 'ਪੋਲ ਖੋਲ੍ਹੋ' ਰੈਲੀ ਦੌਰਾਨ ਢੋਲ ਵਜਾਉਂਦੇ ਹੋਏ ਸੁਖਬੀਰ ਸਿੰਘ ਬਾਦਲ ਅਤੇ ਭਾਜਪਾ ਆਗੂ ਵਿਜੈ ਸਾਂਪਲਾ।

ਅਤੇ ਦੋਸ਼ ਲਾਇਆ ਕਿ ਕੈਪਟਨ ਸਰਕਾਰ ਨੇ ਇੱਕ ਸਾਲ ਵਿੱਚ ਹੀ ਪੰਜਾਬ ਦਾ ਬੁਰਾ ਹਾਲ ਕਰਕੇ ਰੱਖ ਦਿੱਤਾ ਹੈ। ਉਨ੍ਹਾਂ ਕਿਹਾ ਕਿ ਪੰਜ ਸਾਲਾਂ ਵਿੱਚ ਤਾਂ ਉਹ ਪੰਜਾਬ ਨੂੰ ਤਬਾਹ ਕਰਕੇ ਰੱਖ ਦੇਣਗੇ ਸੁਖਬੀਰ ਬਾਦਲ ਨੇ ਕਿਹਾ ਕਿ ਕਾਂਗਰਸ ਤੇ 'ਆਪ' ਵਾਲੇ ਬਿਕਰਮ ਸਿੰਘ ਮਜੀਠੀਆ ਅਤੇ ਪੰਜਾਬ ਨੂੰ ਬਦਨਾਮ ਕਰਨ ਵਿੱਚ ਲੱਗੇ ਰਹੇ। 'ਆਪ' ਨੇ ਤਾਂ ਮੁਆਫ਼ੀ ਮੰਗ ਲਈ ਹੈ, ਹੁਣ ਕੈਪਟਨ ਸਰਕਾਰ ਦੱਸੇ ਕਿ 70 ਫੀਸਦੀ ਪੰਜਾਬੀਆਂ ਨੂੰ ਨਸ਼ੇੜੀ ਕਹਿਣ ਵਾਲਿਆਂ ਨੇ ਕੀ ਇੱਕ ਸਾਲ 'ਚ ਸੂਬੇ ਵਿੱਚੋਂ ਨਸ਼ਾ ਮੁਕਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਦੱਸਣ ਕਿ ਚਿੱਟਾ ਵੇਚਣ ਵਾਲਾ ਕਿਹੜਾ ਬਦਮਾਸ਼ ਫੜ ਕੇ ਅੰਦਰ ਕੀਤਾ ਹੈ? ਕਿਹੜੇ ਹਸਪਤਾਲਾਂ ਵਿੱਚ ਨਸ਼ੇੜੀਆਂ ਦਾ ਇਲਾਜ ਕਰਵਾਇਆ ਜਾ ਰਿਹਾ ਹੈ? ਅਕਾਲੀ ਦਲ ਦੇ ਪ੍ਰਧਾਨ ਨੇ ਕਿਹਾ ਕਿ ਕਾਂਗਰਸ ਦੇ ਰਾਜ ਵਿੱਚ ਤਾਂ ਚਿੱਟਾ ਆਮ ਹੋ ਗਿਆ ਹੈ ਜਦ ਕਿ ਲੋਕਾਂ ਦੀ ਜ਼ਰੂਰਤ ਵਾਲਾ ਰੇਤਾ-ਬੱਜਰੀ ਕਾਂਗਰਸੀਆਂ ਹੱਥੋਂ ਨੀਲਾਮ ਹੋਇਆ ਹੈ। ਉਨ੍ਹਾਂ ਕਿਹਾ ਕਿ ਖਜ਼ਾਨਾ ਖਾਲੀ ਹੋਣ ਦਾ ਬਹਾਨਾ ਲਾਇਆ ਜਾ ਰਿਹਾ ਹੈ ਜਦ ਕਿ ਜੀਐਸਟੀ ਨਾਲ ਸਾਢੇ 26 ਕਰੋੜ ਰੁਪਏ ਮਿਲੇ ਹਨ। ਸ੍ਰੀ ਬਾਦਲ ਨੇ ਦੋਸ਼ ਲਾਇਆ ਕਿ ਮੁੱਖ ਮੰਤਰੀ ਦਫਤਰ ਤੱਕ ਨਹੀਂ ਜਾਂਦੇ, ਕੰਮ ਤਾਂ ਕੀ ਹੋਣੇ ਹਨ। ਉਨ੍ਹਾਂ ਕਿਹਾ ਕਿ ਦੋ ਮਹੀਨਿਆਂ ਲਈ ਸਰਕਾਰ ਅਕਾਲੀ ਦਲ-ਭਾਜਪਾ ਦੇ ਹਵਾਲੇ ਕਰ ਦਿੱਤੀ ਜਾਵੇ ਤਾਂ ਸਾਰਿਆਂ ਦੇ ਕੰਮ ਹੋ ਜਾਣਗੇ। ਭਾਜਪਾ ਦੇ ਕੌਮੀ ਮੀਤ ਪ੍ਰਧਾਨ ਅਵਿਨਾਸ਼ ਰਾਏ ਖੰਨਾ ਨੇ ਕਿਹਾ ਕਿ ਕੈਪਟਨ ਸਰਕਾਰ ਨੇ ਆਪਣਾ ਪਹਿਲਾ ਸਾਲ ਐਸ਼ਪ੍ਰਸਤੀ ਵਿੱਚ ਹੀ ਲੰਘਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਨਸ਼ਾ ਬੰਦ ਕਰਨ ਲਈ ਗੁਟਕਾ ਸਾਹਿਬ ਨੂੰ ਹੱਥ ਵਿੱਚ ਲੈ ਕੇ ਸਹੁੰ ਚੁੱਕਣ ਵਾਲੇ ਮੁੱਖ ਮੰਤਰੀ ਇੱਕ ਸਾਲ ਵਿੱਚ ਹੀ ਆਪਣੀ ਸਹੁੰ ਭੁੱਲ ਗਏ ਹਨ। ਰੈਲੀ ਨੂੰ ਹੋਰਨਾਂ ਤੋਂ ਇਲਾਵਾ ਭਾਜਪਾ ਦੇ ਰਾਸ਼ਟਰੀ ਸਕੱਤਰ ਤਰੁਣ ਚੁੱਘ, ਮਦਨ ਮੋਹਨ ਮਿੱਤਲ, ਸਾਬਕਾ ਮੰਤਰੀ ਮਨੋਰੰਜਨ ਤੇ ਹੋਰਨਾਂ ਨੇ ਸੰਬੋਧਿਤ ਕੀਤਾ।

### ਝੋਟਾ ਮਰ ਗਿਆ

ਸਾਬਕਾ ਮਾਲ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਕੇਜਰੀਵਾਲ ਵੱਲੋਂ ਮੰਗੀ ਮੁਆਫ਼ੀ 'ਤੇ ਟਿੱਪਣੀ ਕਰਦਿਆਂ ਕਿਹਾ ਝੂਠ ਦੀ ਸਿਆਸਤ ਕਰਨ ਵਾਲਿਆਂ ਦਾ ਇਹੋ ਹਾਲ ਹੁੰਦਾ ਹੈ। 'ਆਪ' ਦੇ ਰਾਜ ਸਭਾ ਮੈਂਬਰ ਸੰਜੇ ਸਿੰਘ ਦਾ ਨਾਂ ਲਏ ਬਿਨਾਂ ਸ੍ਰੀ ਮਜੀਠੀਆ ਨੇ ਕਿਹਾ ਕਿ ਲੋਕ ਉਸ ਨੂੰ ਪੁੱਛਦੇ ਹਨ ਕਿ ਉਹਨੇ ਤਾਂ ਮੁਆਫ਼ੀ ਮੰਗੀ ਨਹੀਂ ਹੈ? ਮਜੀਠੀਆ ਨੇ ਕਿਹਾ ਕਿ ਜਦੋਂ ਝੋਟਾ ਮਰ ਗਿਆ ਤਾਂ ਜੂੰਆਂ ਆਪੇ ਮਰ ਜਾਂਦੀਆਂ ਨੇ।

## ਸੁਖਬੀਰ ਬਾਦਲ ਦੇ ਭਾਸ਼ਨ ਮੌਕੇ ਭਾਜਪਾ ਦਾ ਪੰਡਾਲ ਖਾਲੀ

**ਜਲੰਧਰ/ਬਿਊਰੋ ਨਿਊਜ਼:** ਪੰਜਾਬ ਭਾਜਪਾ ਵੱਲੋਂ ਕੀਤੀ ਗਈ 'ਵਜਾਓ ਢੋਲ-ਖੋਲ੍ਹੋ ਪੋਲ' ਰੈਲੀ ਵਿੱਚ ਭਾਜਪਾ ਦੀ ਆਪਣੀ ਹੀ ਪੋਲ ਖੁੱਲ੍ਹ ਗਈ। ਰੈਲੀ ਦੇ ਅਖ਼ੀਰ ਵਿੱਚ ਜਦੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਸੰਬੋਧਨ ਕਰ ਰਹੇ ਸਨ ਤਾਂ ਪੰਡਾਲ ਦਾ ਪਿਛਲਾ ਸਾਰਾ ਪਾਸਾ ਖਾਲੀ ਸੀ। ਭਾਜਪਾ ਦੇ ਪ੍ਰਬੰਧਕਾਂ ਵੱਲੋਂ ਵਾਰ-ਵਾਰ ਜ਼ੋਰ ਲਗਾਉਣ 'ਤੇ ਵੀ ਕੁਰਸੀਆਂ ਨਹੀਂ ਸੀ ਭਰ ਰਹੀਆਂ। ਪੰਡਾਲ ਤੋਂ ਬਾਹਰ ਵਰਤਾਏ ਜਾ ਰਹੇ ਲੰਗਰ ਨੂੰ ਵੀ ਰੋਕਣ ਦੀਆਂ ਹਦਾਇਤਾਂ ਦਿੱਤੀਆਂ ਗਈਆਂ ਤਾਂ ਜੋ ਪੰਡਾਲ ਭਰ ਜਾਵੇ ਪਰ ਰੈਲੀ ਦੇ ਪ੍ਰਬੰਧਕਾਂ ਦੀਆਂ ਸਾਰੀਆਂ ਕੋਸ਼ਿਸ਼ਾਂ ਬੇਕਾਰ ਗਈਆਂ।

ਉਂਜ ਸੁਖਬੀਰ ਬਾਦਲ ਦੇ ਬੋਲਣ ਤੋਂ ਪਹਿਲਾਂ ਭਾਜਪਾ ਦੇ ਸੂਬਾ ਪ੍ਰਧਾਨ ਵਿਜੈ ਸਾਂਪਲਾ ਨੇ ਮਿਹਣਾ ਮਾਰਿਆ ਸੀ ਕਿ ਰੈਲੀ ਦਾ ਇਕੱਠ ਦੇਖ ਲਵੋ, ਫਿਰ ਨਾ ਕਹਿਣਾ ਕਿ ਭਾਜਪਾ ਦੇ ਪੱਲੇ ਕੁਝ ਨਹੀਂ ਹੈ। ਸ੍ਰੀ ਸਾਂਪਲਾ ਦੇ ਵਿਰੋਧੀਆਂ ਨੂੰ ਵੀ ਸਟੇਜ ਦੇ ਨੇੜੇ ਤੱਕ ਨਹੀਂ ਫਟਕਣ ਦਿੱਤਾ ਗਿਆ। ਪੰਜ ਸਾਲ ਤੱਕ ਸ਼ਹਿਰ ਦੇ



ਮੇਅਰ ਰਹੇ ਸੁਨੀਲ ਜੋਤੀ ਨੂੰ ਮੁੱਖ ਸਟੇਜ 'ਤੇ ਨਹੀਂ ਜਾਣ ਦਿੱਤਾ ਗਿਆ ਅਤੇ ਉਹ ਆਮ ਇਕੱਠ ਵਿੱਚ ਹੀ ਬੈਠੇ ਰਹੇ ਤੇ ਬਾਅਦ ਵਿੱਚ ਰੈਲੀ ਵਿਚਾਲੇ ਛੱਡ ਕੇ ਚਲੇ ਗਏ।

ਇਸੇ ਤਰ੍ਹਾਂ ਸਾਬਕਾ ਟਰਾਂਸਪੋਰਟ ਮੰਤਰੀ ਮਾਸਟਰ ਮੋਹਨ ਲਾਲ ਨੂੰ ਮੁੱਖ ਸਟੇਜ 'ਤੇ ਥਾਂ ਨਹੀਂ ਮਿਲੀ ਅਤੇ ਉਹ ਆਮ ਲੋਕਾਂ ਵਿੱਚ ਬੈਠ ਕੇ ਸੁੱਤੇ ਹੀ ਰਹੇ। ਪੰਜਾਬ ਸਰਕਾਰ ਦੇ ਸੂਹੀਆ ਤੰਤਰ ਨੇ ਭਾਜਪਾ ਵੱਲੋਂ ਕੀਤੇ ਗਏ ਇਕੱਠ ਨੂੰ 2 ਹਜ਼ਾਰ ਤੱਕ ਦੱਸਿਆ ਜਦਕਿ ਭਾਜਪਾ ਵਾਲੇ ਇਹ ਦਾਅਵਾ ਕਰ ਰਹੇ ਸਨ ਕਿ ਇਹ ਇਕੱਠ 35 ਤੋਂ 40 ਹਜ਼ਾਰ ਦੇ ਵਿਚਕਾਰ ਸੀ। ਭਾਜਪਾ ਦੇ ਸਕੱਤਰ ਵਿਨੀਤ ਜੋਸ਼ੀ ਨੇ ਦੱਸਿਆ ਕਿ ਪੰਡਾਲ ਵਿੱਚ ਜਿਸ ਥਾਂ 'ਤੇ ਧੁੱਪ ਸੀ ਉਥੋਂ ਲੋਕ ਜ਼ਰੂਰ ਉਠੇ ਸਨ ਪਰ ਵੱਡੀ ਗਿਣਤੀ ਵਿੱਚ ਲੋਕ ਬਾਹਰ ਹੀ ਘੁੰਮਦੇ ਰਹੇ।

# ਕੈਪਟਨ ਸਰਕਾਰ ਨਹੀਂ ਕਰ ਸਕੀ ਪੰਜਾਬ ਨੂੰ ਨਸ਼ਾ ਮੁਕਤ

## ਹਾਲੇ ਤੱਕ ਕੋਈ ਵੱਡਾ ਸਮੱਗਲਰ ਨਹੀਂ ਗ੍ਰਿਫ਼ਤਾਰ ਕਰ ਸਕੀ ਪੰਜਾਬ ਪੁਲੀਸ

**ਚੰਡੀਗੜ੍ਹ/ਬਿਊਰੋ ਨਿਊਜ਼:** ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਪੰਜਾਬ ਦੀ ਕਾਂਗਰਸੀ ਸਰਕਾਰ ਆਪਣਾ ਇੱਕ ਵਰ੍ਹਾਂ ਮੁਕੰਮਲ ਹੋਣ 'ਤੇ ਜਸ਼ਨ ਮਨਾ ਰਹੀ ਹੈ ਪਰ ਉਹ ਆਪਣੇ ਚਾਰ ਹਫਤਿਆਂ ਵਿੱਚ ਪੰਜਾਬ ਨੂੰ ਨਸ਼ਾ ਮੁਕਤ ਕਰਨ ਦੇ ਦਾਅਵੇ ਨੂੰ ਭੁਲੀ ਬੈਠੇ ਹੈ। ਕਿੰਨੀਆਂ ਮੁਟਿਆਰਾਂ ਭਰ ਜਵਾਨੀ ਵਿੱਚ ਵਿਧਵਾ ਹੋ ਗਈਆਂ ਹਨ। ਇਹ ਅਵਾਜ਼ਾਂ ਵੀ ਉਠ ਰਹੀਆਂ ਹਨ, ਕੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਉਨ੍ਹਾਂ ਮਾਂਵਾਂ ਦੇ ਘਰ ਜਾ ਕੇ ਹੱਥ ਜੋੜ ਕੇ ਮੁਆਫ਼ੀ ਮੰਗਣਗੇ ਕਿ ਉਹ ਹੱਥ ਵਿੱਚ ਗੁਟਕਾ ਫੜ ਕੇ ਖਾਧੀ ਸਹੁੰ ਨੂੰ ਨਿਭਾਅ ਨਹੀਂ ਸਕੇ। ਪੰਜਾਬ ਵਿੱਚ 16 ਮਾਰਚ 2017 ਤੋਂ 16 ਮਾਰਚ 2018 ਤੱਕ ਨਸ਼ਿਆਂ ਕਾਰਨ 16 ਨੌਜਵਾਨਾਂ ਦੀ ਮੌਤ ਹੋਈ ਹੈ। ਇਹ ਉਹ ਅੰਕੜਾ ਹੈ ਜਿਹੜਾ ਕਿਸੇ ਨਾ ਕਿਸੇ ਤਰ੍ਹਾਂ ਪੁਲੀਸ ਦੇ ਰਿਕਾਰਡ ਵਿੱਚ ਦਰਜ ਹੈ। ਕਿਹਾ ਇਹ ਜਾ ਰਿਹਾ ਹੈ ਕਿ ਨਸ਼ਿਆਂ ਕਾਰਨ ਮੌਤਾਂ ਦੀ ਗਿਣਤੀ ਦਾ ਅੰਕੜਾ ਜ਼ਿਆਦਾ ਹੈ, ਕਿਉਂਕਿ ਕਈ ਮਾਪੇ ਆਪਣੇ ਪੁੱਤਾਂ ਦੀਆਂ ਨਸ਼ੇ ਵਾਲੀਆਂ ਆਦਤਾਂ ਜਗ ਜ਼ਾਹਿਰ ਨਹੀਂ ਕਰਨਾ ਚਾਹੁੰਦੇ। ਕੈਪਟਨ ਅਮਰਿੰਦਰ ਸਿੰਘ ਦੇ ਨਸ਼ਾ ਮੁਕਤ ਕਰਨ ਦੇ ਵਾਅਦੇ ਤੋਂ ਬਾਅਦ ਜਿਹੜੇ 16 ਨੌਜਵਾਨ ਨਸ਼ਿਆਂ ਕਾਰਨ ਇਸ ਸੰਸਾਰ ਨੂੰ ਅਲਵਿਦਾ ਕਹਿ ਗਏ ਉਨ੍ਹਾਂ ਵਿੱਚ ਤਿੰਨ ਜਲੰਧਰ ਦੇ, ਤਿੰਨ ਹੁਸ਼ਿਆਰਪੁਰ ਦੇ, ਤਿੰਨ ਲੁਧਿਆਣਾ ਦੇ,ਚਾਰ ਮੋਗਾ ਦੇ, ਇੱਕ-ਇੱਕ ਅੰਮ੍ਰਿਤਸਰ, ਤਰਨਤਾਰਨ,ਅਤੇ ਮੰਡੀ ਗੋਬਿੰਦਗੜ੍ਹ ਦਾ ਹੈ ਪ੍ਰਾਪਤ ਵੇਰਵਿਆਂ ਮੁਤਾਬਕ ਅਜਿਹੇ ਵਿਚ ਜੋ ਸਖ਼ਤੀ ਪੁਲਿਸ ਵਲੋਂ ਕੀਤੀ ਗਈ, ਉਸ ਕਾਰਨ ਨਸ਼ੇ ਦੀਆਂ ਕੀਮਤਾਂ ਵਿਚ ਵਾਧਾ ਹੋ ਕੇ 500 ਰੁਪਏ ਵਿਚ ਮਿਲਣ ਵਾਲੀ ਸਮੈਕ ਦਾ ਇਕ ਨਗ 1500 ਤੋਂ 2000 ਹਜ਼ਾਰ ਰੁਪਏ ਤੱਕ ਜ਼ਰੂਰ ਹੋ ਗਿਆ। ਤਾਜ਼ਾ ਅੰਕੜਿਆਂ ਅਨੁਸਾਰ 10 ਤੋਂ 18 ਸਾਲ ਵਰਗ ਉਮਰ ਦੇ ਬੱਚਿਆਂ ਵਿਚੋਂ 23 ਫ਼ੀਸਦੀ ਬੱਚੇ ਨਸ਼ਿਆਂ ਦੇ ਆਦੀ ਹੋ ਚੁੱਕੇ ਹਨ, ਇਥੇ ਹੀ ਬੱਸ ਨਹੀਂ ਜੇ ਅਜਿਹੇ ਹੀ ਹਲਾਤ ਰਹੇ ਤਾਂ ਇਹ ਗਿਣਤੀ ਦਾ ਅੰਕੜਾ ਆਉਣ ਵਾਲੇ ਪੰਜ ਸਾਲਾਂ ਵਿਚ 40 ਫ਼ੀਸਦੀ ਨੂੰ ਪਾਰ ਕੀਤੇ ਜਾਣ ਦੀ ਸੰਭਾਵਨਾ ਹੈ। ਨਸ਼ਿਆਂ ਦਾ ਪ੍ਰਭਾਵ ਕੇਵਲ ਦੇਸ਼ ਦੀ



ਅਰਥ-ਵਿਵਸਥਾ 'ਤੇ ਹੀ ਨਹੀਂ ਸਗੋਂ ਸਿੱਖਿਆ, ਸਿਹਤ, ਪਰਿਵਾਰ, ਵਿਆਹ ਸਬੰਧਾਂ, ਰੁਜ਼ਗਾਰ, ਵਿਅਕਤੀਤਵ ਵਿਕਾਸ, ਕਾਨੂੰਨ ਦੀ ਉਲੰਘਣਾ, ਅਨੁਸ਼ਾਸਨਹੀਣਤਾ ਆਦਿ 'ਤੇ ਵੀ ਪੈ ਰਿਹਾ ਹੈ। ਸੰਯੁਕਤ ਰਾਸ਼ਟਰ ਦੀ ਆਲਮੀ ਡਰੱਗਜ਼ ਰਿਪੋਰਟ ਅਨੁਸਾਰ ਏਸ਼ੀਆ ਵਿਚ ਭਾਰਤ ਡਰੱਗਜ਼ ਦਾ ਵੱਡਾ ਖ਼ਪਤਕਾਰ ਹੈ, ਜਦਕਿ ਪੰਜਾਬ ਇਸ ਮਾਮਲੇ ਵਿਚ ਮੁਲਕ ਦਾ ਸਭ ਤੋਂ ਵੱਧ ਪ੍ਰਭਾਵਿਤ ਸੂਬਾ ਬਣ ਚੁਕਿਆ ਹੈ। ਸਰਕਾਰ ਵਲੋਂ ਖੋਲ੍ਹੇ ਗਏ ਨਸ਼ਾ ਛਡਾਓ ਕੇਂਦਰਾਂ ਵਿਚ ਮਨੋਰੋਗ ਮਾਹਿਰ ਡਾਕਟਰਾਂ ਦੀ ਘਾਟ ਹੈ, ਜਦਕਿ ਨਸ਼ੇੜੀਆਂ ਨੂੰ ਨਸ਼ਾ ਮੁਕਤ ਕਰਨ ਤੋਂ ਉਪਰੰਤ ਉਨ੍ਹਾਂ ਦੇ ਮੁੜ ਵਸੇਬੇ ਲਈ ਜਿਹੜੇ ਕੇਂਦਰ ਖੋਲ੍ਹੇ ਗਏ ਹਨ, ਉਨ੍ਹਾਂ ਵਿਚ ਵੀ ਸਟਾਫ਼ ਦੀ ਭਾਰੀ ਕਮੀ ਹੈ। ਵਿਧਾਨ ਸਭਾ ਚੋਣਾਂ ਵਿਚ ਕੀਤੇ ਵਾਅਦੇ ਅਨੁਸਾਰ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪਿਛਲੇ ਸਾਲ ਆਪਣੀ ਪਹਿਲੀ ਕੈਬਿਨਟ ਮੀਟਿੰਗ ਵਿਚ ਹੀ ਨਸ਼ੇ ਦੇ ਖ਼ਿਲਾਫ਼ ਲੜਾਈ ਲਈ ਐੱਸਟੀਐੱਫ ਬਣਾਉਣ ਦੀ ਮਨਜ਼ੂਰੀ ਦੇ ਦਿੱਤੀ ਸੀ। ਕੈਪਟਨ ਅਮਰਿੰਦਰ ਸਿੰਘ ਦਾ ਦਾਅਵਾ ਸੀ ਕਿ ਉਨ੍ਹਾਂ ਦੀ ਸਰਕਾਰ ਚਾਰ ਹਫ਼ਤੇ ਵਿਚ ਹੀ ਸੂਬੇ ਤੋਂ ਨਸ਼ੇ ਦਾ ਸਫਾਇਆ ਕਰ ਦੇਵੇਗੀ। ਪਰ ਐੱਸ. ਟੀ. ਐੱਫ. ਦੀਆਂ ਪ੍ਰਾਪਤੀਆਂ 'ਤੇ ਨਜ਼ਰ ਮਾਰੀ ਜਾਵੇ, ਤਾਂ ਬੀਤੇ ਇਕ ਸਾਲ ਵਿਚ ਉਸ ਨੂੰ ਸਫਲਤਾ ਨਹੀਂ ਮਿਲ ਸਕੀ। ਹਾਲਾਂ ਕਿ ਮੁੱਖ ਮੰਤਰੀ ਨੇ ਐੱਸ. ਟੀ. ਐੱਫ. ਬਣਾਉਂਦੇ ਏ ਉਸ ਨੂੰ ਐਕਸ਼ਨ ਦੀ ਖੁੱਲ੍ਹੀ ਛੂਟ ਵੀ ਦਿੱਤੀ ਹੈ। ਨਸ਼ਾ ਸਮੱਗਲਰਾਂ ਦੇ ਕੁਨੈਕਸ਼ਨ ਦੀ ਜਾਂਚ ਕਰਦੇ ਹੋਏ ਐੱਸ. ਟੀ. ਐੱਫ. ਪੰਜਾਬ ਪੁਲੀਸ ਦੇ ਕੁਝ ਅਧਿਕਾਰੀਆਂ ਤੱਕ ਤਾਂ ਪੁੱਜੀ, ਪਰ ਨਸ਼ੇ ਦਾ ਕੋਈ ਵੱਡਾ ਸਮੱਗਲਰ ਹੁਣ ਤੱਕ ਹੱਥ ਨਹੀਂ ਲੱਗਿਆ। ਇਸ ਦੌਰਾਨ ਪੰਜਾਬ ਵਿਚ ਨਸ਼ੇ ਦੇ ਕਾਰੋਬਾਰ ਵਿਚ ਮਾਮੂਲੀ ਕਮੀ ਵੀ ਦਰਜ ਕੀਤੀ ਗਈ ਹੈ। ਪੂਰੀ ਤਰ੍ਹਾਂ ਨਸ਼ੇ ਦਾ ਖ਼ਾਤਮਾ ਨਹੀਂ ਹੋ ਸਕਿਆ। ਮੁੱਖ ਮੰਤਰੀ ਵੱਲੋਂ ਏਡੀਜੀਪੀ ਹਰਪ੍ਰੀਤ ਸਿੰਘ ਸਿੱਧੂ ਦੀ ਅਗਵਾਈ ਵਿਚ ਐੱਸ. ਆਈ. ਟੀ. ਦਾ ਗਠਨ ਕੀਤੇ ਜਾਣ ਦੇ ਤੁਰੰਤ ਬਾਅਦ ਨਸ਼ੇ ਦੇ ਖ਼ਿਲਾਫ਼ ਕਾਰਵਾਈ ਵਿਚ ਤੇਜ਼ੀ ਦਿਖਾਈ ਦਿੱਤੀ ਤੇ ਪਿਛਲੇ ਸਾਲ 16 ਤੋਂ 27 ਮਾਰਚ ਵਿਚਾਲੇ ਕੁਲ 485 ਲੋਕਾਂ ਨੂੰ ਨਸ਼ੇ ਨਾਲ ਜੁੜੇ ਮਾਮਲਿਆਂ ਵਿਚ ਗ੍ਰਿਫ਼ਤਾਰ ਕੀਤਾ ਗਿਆ। ਇਸੇ ਸਮੇਂ ਦੌਰਾਨ 387 ਕੇਸ ਦਰਜ ਕਰਦੇ ਹੋਏ ਕੁਲ 3 ਕਿਲੋ 900 ਗ੍ਰਾਮ ਹੈਰੋਇਨ ਤੋਂ ਇਲਾਵਾ ਕਈ ਤਰ੍ਹਾਂ ਦੇ ਹੋਰ ਨਸ਼ੀਲੇ ਪਦਾਰਥ ਬਰਾਮਦ ਕੀਤੇ ਗਏ।

### ਐੱਸਆਈਟੀ ਦੇ ਹੱਥ ਨਹੀਂ ਆਈ ਕੋਈ ਵੱਡੀ ਮੱਛੀ

ਪਿਛਲੇ ਇੱਕ ਸਾਲ ਵਿਚ ਪੰਜਾਬ ਪੁਲੀਸ ਨੇ ਐੱਨਡੀਪੀਐੱਸ ਨਿਯਮ ਤਹਿਤ 12,546 ਦਰਜ ਮਾਮਲਿਆਂ ਵਿਚ 13,880 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਉੱਥੇ ਐੱਨ. ਡੀ. ਪੀ. ਐੱਸ. ਨਿਯਮ ਤਹਿਤ ਰਜਿਸਟਰਡ 939 ਮਾਮਲਿਆਂ ਵਿਚ ਐੱਸਟੀਐੱਫ ਨੇ 1473 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ। ਇਸ ਦੌਰਾਨ ਪੁਲੀਸ ਤੇ ਡਰੱਗ ਸਮੱਗਲਰਾਂ ਵਿਚ ਗਠਜੋੜ ਦਾ ਖੁਲਾਸਾ ਹੋਇਆ, ਤਾਂ ਉਨ੍ਹਾਂ ਦੀ ਵੀ ਗ੍ਰਿਫ਼ਤਾਰੀ ਹੋਈ। ਸਰਕਾਰ ਨੇ ਨਸ਼ਾ ਤੋਂ ਛੁਟਕਾਰਾ ਦਿਵਾਉਣ ਲਈ ਹਰ ਪਿੰਡ ਨੂੰ ਕਵਰ ਕਰਨ ਲਈ ਤਿੰਨ ਜ਼ਿਲ੍ਹਿਆਂ-ਅੰਮ੍ਰਿਤਸਰ, ਤਰਨਤਾਰਨ ਤੇ ਮੋਗਾ ਵਿਚ ਟਰੀਟਮੈਂਟ ਕੇਂਦਰ ਸ਼ੁਰੂ ਕੀਤੇ। ਇਨ੍ਹਾਂ ਕੇਂਦਰਾਂ 'ਤੇ ਲੱਗਭੱਗ 3000 ਮਰੀਜ਼ਾਂ ਦਾ ਇਲਾਜ ਕੀਤਾ ਜਾ ਰਿਹਾ ਹੈ। ਇੱਕ ਸਾਲ ਬਾਅਦ ਇਹ ਵੀ ਸਾਹਮਣੇ ਆ ਰਿਹਾ ਹੈ ਕਿ ਐੱਸਟੀਐੱਫ ਵੀ ਪੁਲੀਸ ਦੀ ਅੰਦਰੂਨੀ ਰਾਜਨੀਤੀ ਦਾ ਸ਼ਿਕਾਰ ਹੋ ਰਹੀਆਂ ਹਨ। ਫਾਸਟ ਟਰੈਕ ਜ਼ਿਲ੍ਹਾ ਅਦਾਲਤਾਂ ਨੂੰ ਐੱਨਡੀਪੀਐੱਸ ਦੇ ਮਾਮਲਿਆਂ ਨੂੰ 30 ਦਿਨਾਂ ਦੇ ਅੰਦਰ ਨਿਪਟਾਉਣ ਲਈ ਕਿਹਾ ਗਿਆ ਸੀ, ਪਰ ਹੋਇਆ ਕੁਝ ਵੀ ਨਹੀਂ। ਪੀਜੀਆਈ ਦੇ ਹਾਲੀਆ ਇੱਕ ਅਧਿਐਨ ਦੇ ਮੁਤਾਬਕ ਸੂਬੇ ਵਿਚ 3 ਲੱਖ ਤੋਂ ਵੱਧ ਲੋਕ ਅੱਜ ਵੀ ਪਾਬੰਦੀਸ਼ੁਦਾ ਦਵਾਈਆਂ ਲੈ ਰਹੇ ਹਨ।

## ਜ਼ਬਤ ਡਰੱਗਸ ਨਾਲ ਲੋਕਾਂ ਨੂੰ ਕਿਵੇਂ ਦਿੱਤੀ ਜਾ ਸਕਦੀ ਏ ਜ਼ਿੰਦਗੀ

### *ਪੁਲੀਸ ਵੱਲੋਂ ਫੜੀ ਡਰੱਗ ਮੁੜ ਮਾਰਕੀਟ 'ਚ ਵਿਕਦੀ ਏ*

**ਚੰਡੀਗੜ੍ਹ/ਬਿਊਰੋ ਨਿਊਜ਼:** ਨਸ਼ੇ ਦੀ ਜ਼ਬਤ ਖੇਪ ਕਿਸ ਤਰ੍ਹਾਂ ਲੋਕਾਂ ਦੀ ਜ਼ਿੰਦਗੀ ਬਚਾਉਣ ਵਾਲੀ ਸੰਜੀਵਨੀ ਸਾਬਤ ਹੋ ਸਕਦੀ ਹੈ ਤੇ ਕਿਵੇਂ ਇਹ ਸੂਬਾ ਦੇ ਲਈ ਮਾਲੀਏ ਦਾ ਜ਼ਰੀਆ ਬਣ ਸਕਦੀ ਹੈ। ਪੰਜਾਬ ਹਰਿਆਣਾ ਹਾਈ ਕੋਰਟ ਨੇ ਇਸ ਸਬੰਧੀ ਦਿੱਤੇ ਗਏ ਸੁਝਾਅ 'ਤੇ ਐਡਵੋਕੇਟ ਰਾਜ ਕੁਮਾਰ ਗੁਪਤਾ ਤੋਂ ਸੁਝਾਅ ਮੰਗਿਆ ਹੈ। ਇਸ ਬਾਰੇ ਅਗਲੀ ਸੁਣਵਾਈ ਦੌਰਾਨ ਹਾਈ ਕੋਰਟ ਚਰਚਾ ਕਰੇਗਾ। ਮਾਮਲਾ ਪੰਜਾਬ ਵਿਚ ਹਜ਼ਾਰਾਂ ਕਰੋੜਾਂ ਦੇ ਡਰੱਗ ਵਪਾਰ ਦੀ ਜਾਂਚ ਨਾਲ ਜੁੜਿਆ ਹੈ। ਸੁਣਵਾਈ ਦੌਰਾਨ ਐਡਵੋਕੇਟ ਰਾਜ ਕੁਮਾਰ ਗੁਪਤਾ ਨੇ ਕਿਹਾ ਕਿ ਇਸ ਤਰ੍ਹਾਂ ਵੱਖ-ਵੱਖ ਮਾਮਲਿਆਂ ਨੂੰ ਸੁਣਿਆ ਜਾਵੇ, ਪਰ ਸਭ ਤੋਂ ਜ਼ਰੂਰੀ ਕੰਮ ਨਸ਼ੇ ਦੀ ਸਮੱਸਿਆ ਦਾ ਸਹੀ ਢੰਗ ਨਾਲ ਹਲ ਹੋਵੇ। ਉਨ੍ਹਾਂ ਕਿਹਾ ਕਿ ਜਿਹੜੀ ਵੀ ਡਰੱਗ ਫੜੀ ਜਾਂਦੀ ਹੈ। ਉਸ ਨੂੰ ਮਾਲਖਾਨਿਆਂ ਵਿਚ ਰੱਖਿਆ ਜਾਂਦਾ ਹੈ। ਅਕਸਰ ਦੇਖਣ ਵਿਚ ਆਉਂਦਾ ਕਿ ਇਸ ਨੂੰ ਬਦਲ ਦਿੱਤਾ ਜਾਂਦਾ ਹੈ ਤੇ ਡਰੱਗ ਮੁੜ ਮਾਰਕੀਟ ਵਿਚ ਆ ਜਾਂਦੀ ਹੈ। ਉਨ੍ਹਾਂ ਕਿਹਾ ਕਿ ਜੇਕਰ ਇਸ ਦਾ ਸਿਸਟੇਮੈਟਿਕ ਹੱਲ ਕੀਤਾ ਜਾਵੇ, ਤਾਂ ਇਨ੍ਹਾਂ ਡਰੱਗ ਨੂੰ ਨਸ਼ੇ ਤੋਂ ਜੀਵਨ ਦੇਣ ਵਾਲੀਆਂ ਦਵਾਈਆਂ ਵਿਚ ਬਦਲਿਆ ਜਾ ਸਕਦਾ ਹੈ। ਨਸ਼ੇ ਲਈ ਵਰਤਣ ਵਾਲੀ ਸਮੱਗਰੀ ਦੇ ਤੌਰ 'ਤੇ ਇਸਤੇਮਾਲ ਕੀਤੀਆਂ ਜਾ ਰਹੀਆਂ ਚੀਜ਼ਾਂ ਅਸਲ ਵਿਚ ਕੁਝ ਦੇਸਾਂ ਵਿਚ ਦਵਾਈਆਂ ਦੇ ਰੂਪ ਵਿਚ ਪ੍ਰਯੋਗ ਹੁੰਦੀਆਂ ਹਨ। ਇਨ੍ਹਾਂ ਨੂੰ ਜ਼ਬਤ ਕਰਨ ਤੋਂ ਬਾਅਦ ਇਨ੍ਹਾਂ ਦੀਆਂ ਦਵਾਈਆਂ ਦੇ ਰੂਪ ਵਿਚ ਲੋਕਾਂ ਨੂੰ ਨਵਾਂ ਜੀਵਨ ਦੇਣ ਲਈ ਪ੍ਰਯੋਗ ਕੀਤਾ ਜਾ ਸਕਦਾ ਹੈ। ਇਸ ਤੋਂ ਨਾ ਕੇਵਲ ਦਵਾਈਆਂ ਲਈ ਜ਼ਰੂਰੀ ਸਮੱਗਰੀ ਦੀ ਕਮੀ ਨੂੰ ਪੂਰਾ ਕੀਤਾ ਜਾ ਸਕੇਗਾ, ਸਗੋਂ ਨਾਲ ਹੀ ਇਸ ਤੋਂ ਇਹ ਵੀ ਨਿਸ਼ਚਤ ਹੋ ਸਕੇਗਾ ਕਿ ਫੜੀ ਗਈ ਨਸ਼ਾ ਸਮੱਗਰੀ ਨੂੰ ਸਹੀ ਢੰਗ ਨਾਲ ਦਵਾਈ ਦੀ ਵਰਤੋਂ ਲਈ ਭੇਜਿਆ ਗਿਆ ਹੈ ਤੇ ਇਸ ਨੂੰ ਬਦਲਿਆ ਨਹੀਂ ਗਿਆ ਹੈ। ਇਸ ਲਈ ਕੋਈ ਏਜੰਸੀ ਜਾਂ ਵਿਵਸਥਾ ਤਿਆਰ ਕੀਤੀ ਜਾਵੇ, ਤਾਂ ਕਿ ਜ਼ਹਿਰ ਦੇ ਰੂਪ ਵਿਚ ਮੌਜੂਦ ਡਰੱਗ ਨੂੰ ਦਵਾਈਆਂ ਦੇ ਰੂਪ ਵਿਚ ਬਦਲਣ ਲਈ ਦਵਾਈ ਕੰਪਨੀਆਂ ਨੂੰ ਦੇ ਦਿੱਤਾ ਜਾਵੇ।

# ਕੈਪਟਨ ਕਹਿੰਦਾ : 4 ਸਾਲ ਵਿਚ ਬੇਰੋਜ਼ਗਾਰੀ ਦੀ ਸਮੱਸਿਆ ਮਿਟਾ ਦਿਆਂਗੇ

**ਪੰਜਾਬ ਦੇ ਮੁੱਖ ਮੰਤਰੀ ਅਮਰਿੰਦਰ ਸਿੰਘ ਨਾਲ ਵਿਸ਼ੇਸ਼ ਮੁਲਾਕਾਤ ਉੱਤੇ ਆਧਰਿਤ**



ਠੀਕ ਇਕ ਸਾਲ ਪਹਿਲਾਂ ਅੱਜ ਦੀ ਤਰੀਕ 16 ਮਾਰਚ ਨੂੰ ਪੰਜਾਬ ਦੀ ਸੱਤਾ ਵਿਚ ਵੱਡੀ ਤਬਦੀਲੀ ਹੋਈ। ਲਗਾਤਾਰ 10 ਸਾਲ ਤਕ ਪੰਜਾਬ 'ਤੇ ਕਾਬਜ਼ ਰਹੇ ਅਕਾਲੀ-ਭਾਜਪਾ ਗਠਜੋੜ ਨੂੰ ਹਰਾ ਕੇ ਇਕਪਾਸੜ ਜਿੱਤ ਦਰਜ ਕਰਨ ਵਾਲੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿਚ ਕਾਂਗਰਸ ਦੀ ਸਰਕਾਰ ਨੇ ਸਹੁੰ ਚੁੱਕ ਲਈ। ਕੈਪਟਨ ਸਰਕਾਰ ਦੇ ਪਹਿਲੇ ਸਾਲ ਵਿਚ ਸੂਬੇ ਵਿਚ ਕੀ ਸਾਮਾਜਿਕ-ਆਰਥਿਕ ਬਦਲਾਵ ਹੋਏ, ਜਨਤਾ ਦੀਆਂ ਆਸਾਂ 'ਤੇ ਸਰਕਾਰ ਕਿੰਨੀ ਖਰੀ ਉਤਰੀ? ਪਾਠਕਾਂ ਤੋਂ ਆਏ ਸਵਾਲਾਂ ਨੂੰ ਲੈ ਕੇ ਕੈਪਟਨ ਅਮਰਿੰਦਰ ਸਿੰਘ ਤੋਂ ਪੁੱਛਿਆ, ਜਾਣੋ ਉਨ੍ਹਾਂ ਦੇ ਜਵਾਬ-

**ਸੁਆਲ-ਜੀਐੱਸਟੀ, ਐਕਸਾਈਜ਼, ਮਾਈਨਿੰਗ, ਸਟਾਂਪ ਡਿਊਟੀ ਸਮੇਤ ਕਈ ਸਰੋਤਾਂ ਤੋਂ ਮਾਲੀਆ ਆ ਰਿਹਾ ਹੈ। ਬਾਵਜੂਦ ਇਸ ਦੇ ਕਈ ਕਲਿਆਣਕਾਰੀ ਯੋਜਨਾਵਾਂ ਦੀ ਗੱਲ ਆਉਂਦੇ ਹੀ ਕਿਹਾ ਜਾਂਦਾ ਹੈ ਕਿ ਖ਼ਜ਼ਾਨਾ ਖ਼ਾਲੀ ਹੈ? ਮੁਲਾਜ਼ਮਾਂ ਨੂੰ ਤਨਖ਼ਾਹ ਦੇਣ ਵਿਚ ਵੀ ਦੇਰੀ ਹੋਈ ਹੈ?**

ਜੁਆਬ-ਪੰਜਾਬ ਵਿਧਾਨ ਸਭਾ ਦੇ ਚਾਲੂ ਸ਼ੈਸ਼ਨ 'ਚ ਪੰਜਾਬ ਦਾ ਬਜਟ ਪੇਸ਼ ਹੋਣ ਜਾ ਰਿਹਾ ਹੈ। ਤੁਹਾਨੂੰ ਪਤਾ ਲੱਗੇਗਾ ਕਿ ਰੈਵੇਨਿਊ ਤੇ ਖ਼ਰਚ ਵਿਚਾਲੇ ਕਿੰਨਾ ਡੂੰਘਾ ਪਾੜਾ ਹੈ? ਕੋਈ ਦੋ ਰਾਏ ਨਹੀਂ, ਬਹੁਤ ਸਾਰੇ ਤਰੀਕਿਆਂ ਨਾਲ ਰੈਵੇਨਿਊ ਵਧ ਰਿਹਾ ਹੈ। ਪਰ ਸਰਕਾਰ ਦੀਆਂ ਦੇਣਦਾਰੀਆਂ ਦਾ ਖ਼ਜ਼ਾਨੇ 'ਤੇ ਭਾਰੀ ਬੋਝ ਹੈ। ਹਾਲਾਂ ਕਿ, ਨਾਨ ਟੈਕਸ ਰੈਵੇਨਿਊ ਘੱਟ ਹੋਇਆ ਹੈ, ਜਿਸ ਦਾ ਖ਼ਰਾਬ ਅਸਰ ਹੈ। ਬਿਜਲੀ ਸਬਸਿਡੀ ਤੇ ਕਰਜ਼ ਮਾਫ਼ੀ 'ਤੇ ਖ਼ਰਚ ਵੀ ਸਰਕਾਰੀ ਖ਼ਜ਼ਾਨੇ 'ਤੇ ਪੈ ਰਿਹਾ ਹੈ। ਕੁਝ ਉਪਾਅ ਕੀਤੇ ਜਾ ਰਹੇ ਹਨ, ਜਲਦੀ ਹੀ ਮਾਲੀ ਹਾਲਾਤ 'ਤੇ ਕਾਬੂ ਪਾ ਲਵਾਂਗੇ।

**ਸੁਆਲ-ਸਰਕਾਰ ਦੇ ਇਕ ਸਾਲ ਦੇ ਪ੍ਰਦਰਸ਼ਨ ਨੂੰ ਕਿਸ ਤਰ੍ਹਾਂ ਦੇਖਦੇ ਹਾਂ? ਕੀ ਸਰਕਾਰ ਡਰੱਗਜ਼ ਕੰਟਰੋਲ ਕਰਨ, ਕਰਜ਼ ਮਾਫ਼ੀ, ਹਰ ਘਰ ਰੋਜ਼ਗਾਰ ਦੇ ਮੋਰਚੇ 'ਤੇ ਫੇਲ੍ਹ ਹੋ ਰਹੀ ਹੈ?**

ਜੁਆਬ-ਇਹ ਪੂਰੀ ਤਰ੍ਹਾਂ ਨਾਲ ਵਿਰੋਧੀ ਧਿਰ ਦਾ ਕੀਤਾ ਕਰਾਇਆ ਹੈ, ਜਿਹੜਾ ਲੋਕਾਂ ਨੂੰ ਭਰਮਾ ਰਿਹਾ ਹੈ। ਆਰਥਿਕ ਤੰਗੀ ਦੇ ਬਾਵਜੂਦ ਹਰ ਮੋਰਚੇ 'ਤੇ ਸਰਕਾਰ ਨੇ ਬਹੁਤ ਸਾਰਾ ਕੰਮ ਕੀਤਾ ਹੈ। ਜਨਤਾ ਨੇ ਸਾਨੂੰ ਸਰਕਾਰ ਬਣਾਉਣ ਦਾ ਮੌਕਾ ਇੰਝ ਹੀ ਨਹੀਂ ਦਿੱਤਾ। ਭਾਵੇਂ ਡਰੱਗਜ਼ ਕੰਟਰੋਲ ਹੋਵੇ, ਕਰਜ਼ ਮਾਫ਼ੀ ਜਾਂ ਰੋਜ਼ਗਾਰ, ਕੁਝ ਹੀ ਮਹੀਨਿਆਂ ਵਿਚ ਬਿਹਤਰ ਕੰਮ ਹੋਇਆ ਹੈ। 10.25 ਲੱਖ ਕਿਸਾਨਾਂ ਦੀ ਕਰਜ਼ਾ ਮਾਫ਼ੀ ਨਵੰਬਰ ਤੱਕ ਹੋ ਜਾਵੇਗੀ। ਡਰੱਗਸ ਦੇ ਮਾਮਲੇ ਵਿਚ 1 ਅਪ੍ਰੈਲ ਤੋਂ 20 ਫਰਵਰੀ 2018 ਤੱਕ 897 ਮਾਮਲੇ ਦਰਜ ਕੀਤੇ ਹਨ। 1419 ਗ੍ਰਿਫ਼ਤਾਰੀਆਂ ਹੋਈਆਂ ਹਨ। 1.61 ਲੱਖ ਨੌਜਵਾਨਾਂ ਨੂੰ ਰੋਜ਼ਗਾਰ ਮਿਲਿਆ ਹੈ, ਜਿਨ੍ਹਾਂ ਵਿਚ ਕੈਂਪਸ ਪਲੇਸਮੈਂਟ ਵੀ ਸ਼ਾਮਲ ਹਨ।

**ਸੁਆਲ-ਘਰ-ਘਰ ਰੋਜ਼ਗਾਰ ਦਾ ਵਾਅਦਾ ਕੀਤਾ ਸੀ। ਵਿਭਾਗਾਂ ਵਿਚ ਬਹੁਤ ਘੱਟ ਭਰਤੀਆਂ ਹੋਈਆਂ ਹਨ। ਪ੍ਰਾਈਵੇਟ ਜਾਬ ਫੇਅਰਜ਼ ਨੂੰ ਆਪ ਘਰ-ਘਰ ਰੋਜ਼ਗਾਰ ਦਾ ਹਿੱਸਾ ਦੱਸ ਰਹੇ ਹੋ?**

ਜਵਾਬ-ਘਰ-ਘਰ ਰੋਜ਼ਗਾਰ ਕੇਵਲ ਸਰਕਾਰੀ ਖੇਤਰ ਵਿਚ ਰੋਜ਼ਗਾਰ ਦੀ ਸਕੀਮ ਨਹੀਂ ਹੈ। ਹਰੇਕ ਘਰ ਰੋਜ਼ਗਾਰ ਮਿਲੇ, ਸਾਡੀ ਕੋਸ਼ਿਸ਼ ਹੈ। ਇਸ ਨੂੰ ਪੂਰਾ ਕਰਨ ਲਈ ਅਸੀਂ ਇੰਡਸਟਰੀਆਂ ਦੇ ਨਾਲ ਗੱਲਬਾਤ ਕਰ ਰਹੇ ਹਾਂ।

**ਸੁਆਲ-ਬੇਰੋਜ਼ਗਾਰ ਕੈਨੇਡਾ, ਆਸਟਰੇਲੀਆ ਤੇ ਹੋਰਨਾਂ ਦੇਸਾਂ 'ਚ ਜਾ ਰਹੇ ਹਨ। ਇੱਥੇ ਬੇਰੋਜ਼ਗਾਰੀ ਵੱਡੀ ਸਮੱਸਿਆ ਹੈ। ਇਸ ਲਈ ਅਪਰਾਧ ਵਧ ਰਹੇ ਹਨ?**

ਜੁਆਬ-ਬੇਰੋਜ਼ਗਾਰੀ ਜਿਹੀ ਵੱਡੀ ਸਮੱਸਿਆ ਵੀ ਸਾਨੂੰ ਅਕਾਲੀ ਸਰਕਾਰ ਤੋਂ ਵਿਰਾਸਤ ਵਿਚ ਮਿਲੀ ਹੈ। ਜਦੋਂ ਸਾਡੀ ਸਰਕਾਰ ਬਣੀ ਉਦੋਂ ਪੰਜਾਬ ਵਿਚ 9 ਲੱਖ ਨੌਜਵਾਨ ਬੇਰੋਜ਼ਗਾਰ ਸਨ। ਸਹੀ ਹੈ, ਉਨ੍ਹਾਂ ਵਿਚੋਂ ਕਈ ਵਿਦੇਸ਼ਾਂ ਤੇ ਹੋਰਨਾਂ ਇਲਾਕਿਆਂ ਵਿਚ ਜਾ ਰਹੇ ਹਨ। ਹੁਣ ਸਾਡੀ ਘਰ-ਘਰ ਰੋਜ਼ਗਾਰ ਸਕੀਮ ਠੀਕ ਤਰ੍ਹਾਂ ਚੱਲ ਪਈ ਹੈ। ਹਾਲਾਤ ਸੁਧਰਨਗੇ। ਨੌਕਰੀ ਮੇਲਿਆਂ ਤੋਂ ਇਲਾਵਾ ਸਮਾਲ ਸਕੇਲ ਇੰਡਸਟਰੀ ਨਾਲ ਗਠਜੋੜ ਕੀਤਾ ਹੈ। 15,000 ਤੋਂ ਵੱਧ ਇੰਡਸਟਰੀਆਂ ਨੇ ਵਿਭਾਗ ਦੇ ਕੋਲ ਰਜਿਸਟ੍ਰੇਸ਼ਨ ਕਰਵਾ ਕੇ 9,000 ਨੌਜਵਾਨਾਂ ਨੂੰ ਰੋਜ਼ਗਾਰ ਦੇਣਾ ਸ਼ੁਰੂ ਕਰ ਦਿੱਤਾ ਹੈ। ਮੈਂ ਵਾਅਦਾ ਕਰਦਾ ਹਾਂ, ਅਗਲੇ 4 ਸਾਲ ਵਿਚ ਬੇਰੋਜ਼ਗਾਰੀ ਦੀ ਸਮੱਸਿਆ ਮਿਟਾ ਦਿੱਤੀ ਜਾਵੇਗੀ।

**ਸੁਆਲ-ਹੁਣੇ ਜਿਹੇ ਤੁਸੀਂ ਨਾਜਾਇਜ਼ ਰੇਤ ਪੁਟਾਈ ਅੱਖੀਂ ਵੇਖੀ, ਇਸ ਵਿਚ ਕਈ ਵਿਧਾਇਕ ਤੇ ਇਕ ਮੰਤਰੀ ਦਾ ਨਾਂ ਵੀ ਉਛਲਿਆ। ਇੰਟੈਲੀਜੈਂਸ ਤੇ ਰੇਤ ਪੁਟਾਈ ਵਿਭਾਗ ਨੇ ਵੀ ਤੁਹਾਨੂੰ ਕੁਝ ਨੇਤਾਵਾਂ ਦੀ ਸੂਚੀ ਸੌਂਪੀ। ਮਾਫੀਏ ਦੇ ਕਾਰਨ ਰੇਤ ਦੇ ਭਾਅ ਵੀ ਅਸਮਾਨ ਛੂਹ ਰਹੇ ਹਨ? ਗੁੰਡਾ ਟੈਕਸ ਵਸੂਲੀ ਬਦਸਤੂਰ ਜਾਰੀ ਹੈ?**

ਜੁਆਬ-ਹਾਲੇ ਤੱਕ ਅਜਿਹੀ ਕੋਈ ਸੂਚੀ ਮੇਰੇ ਕੋਲ ਨਹੀਂ ਹੈ। ਜੇਕਰ ਸੂਚੀ ਮਿਲਦੀ ਹੈ, ਤਾਂ ਮੈਂ ਅਜਿਹੇ ਲੋਕਾਂ ਨੂੰ ਉਜਾਗਰ ਕਰਨ ਲਈ ਜਾਂਚ ਕੀਤੀ ਜਾਵੇਗੀ ਤੇ ਕਾਰਵਾਈ ਵੀ ਹੋਵੇਗੀ। ਮੈਂ ਨਿਰਦੇਸ਼ ਦਿੱਤੇ ਹਨ ਕਿ ਜਾਂਚ ਵਿਚ ਕਿਸੇ ਦਾ ਵੀ ਰਾਜਨੀਤਕ ਦਖ਼ਲਅੰਦਾਜ਼ੀ ਬਰਦਾਸ਼ਤ ਨਹੀਂ ਕੀਤੀ ਜਾਵੇ। ਗੁੰਡਾ ਟੈਕਸ ਨਾਜਾਇਜ਼ ਪੁਟਾਈ 'ਤੇ ਕਾਬੂ ਪਾਉਣ ਲਈ ਪੁਲੀਸ ਤੇ ਜ਼ਿਲ੍ਹਾ ਪ੍ਰਸ਼ਾਸਨ ਮਿਲ ਕੇ ਕੰਮ ਕਰ ਰਹੇ ਹਨ। ਨਾਜਾਇਜ਼ ਰੇਤ ਪੁਟਾਈ ਮਾਮਲੇ ਵਿਚ 4000 ਤੋਂ ਵੱਧ ਐੱਫਆਈਆਰ ਦਰਜ ਹੋ ਚੁੱਕੀ ਹੈ। ਹਰੇਕ ਐੱਫਆਈਆਰ 'ਤੇ ਕਾਰਵਾਈ ਹੋਵੇਗੀ।

**ਸੁਆਲ-ਚੋਣ ਮਨੋਰਥ ਪੱਤਰ ਵਿਚ ਨੌਜਵਾਨ ਨੂੰ 2500 ਰੁਪਏ ਮਹੀਨਾ ਬੇਰੁਜ਼ਗਾਰੀ ਭੱਤਾ ਤੇ ਸਮਾਰਟ ਫੋਨ ਦਾ ਵਾਅਦਾ ਪੂਰਾ ਨਹੀਂ ਹੋਇਆ?**

ਜੁਆਬ-ਸਪੱਸ਼ਟ ਕਰ ਦਿਆਂ ਕਿ ਅਸੀਂ ਯੂਥ ਨੂੰ 2500 ਰੁਪਏ ਬੇਰੁਜ਼ਗਾਰੀ ਭੱਤੇ ਤੇ ਸਮਾਰਟ ਫੋਨ ਦਾ ਵਾਅਦਾ ਕੀਤਾ ਸੀ ਪਰ ਇਕ ਸਾਲ ਵਿਚ ਹੀ ਸਭ ਕੁਝ ਹੋਵੇਗਾ। ਅਜਿਹਾ ਵਾਅਦਾ ਨਹੀਂ ਸੀ। ਇਨ੍ਹਾਂ ਨੂੰ ਪੂਰਾ ਕਰਨਗੇ। ਸਮਾਰਟ ਫੋਨ ਵੰਡਣ ਦਾ ਕੰਮ ਇਸ ਸਾਲ ਸ਼ੁਰੂ ਹੋਵੇਗਾ।

**ਸੁਆਲ-ਗੁਟਕਾ ਸਾਹਿਬ ਦੀ ਸਹੁੰ ਚੁੱਕ ਕੇ ਕਿਹਾ ਸੀ ਕਿ ਚਾਰ ਹਫ਼ਤੇ ਵਿਚ ਨਸ਼ੇ ਨੂੰ ਜੜ੍ਹੋਂ ਪੁੱਟ ਦਿਆਂਗਾ? ਚਾਰ ਹਫ਼ਤੇ ਵਿਚ ਖ਼ਾਤਮੇ ਦੀ ਸਹੁੰ ਕੀ ਸੋਚ ਕੇ ਖਾਧੀ ਸੀ, ਜਦ ਕਿ ਸਾਲ ਬੀਤਣ ਨੂੰ ਆਇਆ, ਕੁਝ ਹੋਇਆ ਨਹੀਂ?**

ਜੁਆਬ-ਮੈਂ ਨਹੀਂ ਜਾਣਦਾ ਠੋਸ ਨਤੀਜਾ ਨਾ ਆਉਣ ਤੋਂ ਤੁਹਾਡਾ ਕੀ ਮਤਲਬ ਹੈ? ਨਸ਼ੇ ਦੀਆਂ ਜੜ੍ਹਾਂ ਬਹੁਤ ਡੂੰਘੀਆਂ ਹਨ। ਮਿਟਾਉਣ ਵਿਚ ਸਮਾਂ ਤਾਂ ਲੱਗੇਗਾ ਹੀ।

**ਸੁਆਲ-ਭ੍ਰਿਸ਼ਟਾਚਾਰ ਦੇ ਮਾਮਲੇ 'ਤੇ ਤੁਹਾਡੀ ਸਰਕਾਰ ਜ਼ੀਰੋ ਟਾਲਰੈਂਸ ਪਾਲਿਸੀ ਕਲੇਮ ਕਰਦੀ ਹੈ। ਪਟਵਾਰੀ ਤੋਂ ਲੈ ਕੇ ਮੁਣਸ਼ੀ ਭ੍ਰਿਸ਼ਟਾਚਾਰ ਕਰ ਰਿਹਾ ਹੈ। ਕੰਟਰੋਲ ਕਿਵੇਂ ਹੋਊ?**

ਜੁਆਬ-ਭ੍ਰਿਸ਼ਟਾਚਾਰ 'ਤੇ ਜ਼ੀਰੋ ਟਾਲਰੈਂਸ ਪਾਲਿਸੀ ਸਾਡਾ ਏਜੰਡਾ ਵੀ ਹੈ। ਮਾਈਨਿੰਗ, ਟਰਾਂਸਪੋਰਟ ਮਾਫੀਆ 'ਤੇ ਨੱਥ ਪਾਉਣ ਦੀ ਵੱਡੇ ਪੈਮਾਨੇ 'ਤੇ ਤਿਆਰੀ ਹੈ। ਸਰਕਾਰੀ ਸਿਸਟਮ ਵਿਚ ਪੂਰੀ ਤਰ੍ਹਾਂ ਨਾਲ ਪਾਰਦਰਸ਼ਿਤਾ ਲਿਆਉਣ ਲਈ ਈ ਗਵਰਨੈਂਸ ਤੇ ਡਿਜੀਟਲਾਈਜੇਸ਼ਨ ਕੀਤਾ ਜਾ ਰਿਹਾ ਹੈ। ਅਫਸਰਾਂ ਨੂੰ ਸਾਫ਼ ਸ਼ਬਦਾਂ ਵਿਚ ਦੱਸ ਦਿੱਤਾ ਹੈ ਕਿ ਭ੍ਰਿਸ਼ਟਾਚਾਰ ਸਹਿਣ ਨਹੀਂ ਹੋਵੇਗਾ।

**ਸੁਆਲ-ਵਧੀ ਹੋਈ ਬੁਢਾਪਾ ਤੇ ਵਿਧਵਾ ਪੈਨਸ਼ਨ ਨਹੀਂ ਮਿਲ ਰਹੀ?**

ਜੁਆਬ-2018 ਦੀ ਕੋਈ ਪੈਨਸ਼ਨ ਬਕਾਇਆ ਨਹੀਂ ਹੈ। ਖਾਤਿਆਂ ਵਿਚ ਜਾ ਰਹੀ ਹੈ। ਹਰੇਕ ਮਹੀਨੇ 128 ਕਰੋੜ ਰੁਪਏ ਦੀ ਵੰਡ ਕਰ ਦਿੱਤੀ ਹੈ। ਪਿਛਲੇ ਸਾਲ ਦੀ ਬਕਾਇਆ ਪੈਨਸ਼ਨ ਵੀ ਜਲਦ ਜਾਰੀ ਰਹੇਗੀ।

**ਸੁਆਲ-ਲੜਕੀਆਂ ਨੂੰ ਪੀਐੱਚਡੀ ਤੱਕ ਮੁਫ਼ਤ ਸਿੱਖਿਆ ਦਾ ਵੀ ਵਾਅਦਾ ਸੀ?**

ਜੁਆਬ-ਸਿੱਖਿਆ ਵਿਚ ਸੁਧਾਰ ਲਈ ਕਈ ਕਦਮ ਚੁੱਕੇ ਹਨ। ਪ੍ਰੀ ਪ੍ਰਾਇਮਰੀ ਜਮਾਤਾਂ ਲਈ 2 ਕਰੋੜ ਫੰਡ ਪ੍ਰਿੰਟਿੰਗ ਮਟੀਰੀਅਲ, ਫਰਨੀਚਰ ਤੇ ਸਟੇਸ਼ਨਰੀ ਲਈ ਜਾਰੀ ਕੀਤਾ ਗਿਆ ਹੈ। ਮੁਫ਼ਤ ਐਜੂਕੇਸ਼ਨ ਦੇ ਮਾਡਲ 'ਤੇ ਵੀ ਵਿਚਾਰ ਕਰ ਰਹੇ ਹਨ।

**ਸੁਆਲ-ਸਰਕਾਰੀ ਨੌਕਰੀਆਂ ਵਿਚ ਭਰਤੀ ਕਿਸਾਨਾਂ ਦੀ ਕਰਜ਼ਾ ਮਾਫ਼ੀ ਤੇ ਵਪਾਰੀਆਂ ਨੂੰ ਕਾਰੋਬਾਰ ਵਿਚ ਅਸਾਨੀ ਦੀ ਦਿਸ਼ਾ ਵਿਚ ਕੀ ਰੋਡਮੈਪ ਹੈ?**

ਜੁਆਬ-ਕਈ ਮੋਰਚਿਆਂ 'ਤੇ ਸਰਕਾਰ ਬਹੁਤ ਸਾਰੀ ਨਵੀਂ ਪਹਿਲ ਕਰਨ ਜਾ ਰਹੀ ਹੈ। 10 ਸਾਲ ਰਹੀ ਅਕਾਲੀ ਸਰਕਾਰ ਵੱਲੋਂ ਪੈਦਾ ਕੀਤੀਆਂ ਸਮੱਸਿਆਵਾਂ 12 ਮਹੀਨੇ ਵਿਚ ਕਿਵੇਂ ਦੂਰ ਕੀਤੀਆਂ ਜਾ ਸਕਦੀਆਂ ਹਨ?

**ਸੁਆਲ-ਪੰਜਾਬ ਵਿਚ ਨੇੜੇ ਭਵਿੱਖ ਵਿਚ ਆਉਣ ਵਾਲੇ ਕਿਨ੍ਹਾਂ 5 ਵੱਡੇ ਪ੍ਰੋਜੈਕਟਾਂ ਬਾਰੇ ਦੱਸਣਾ ਚਾਹੁਣਗੇ?**

ਜੁਆਬ-860 ਕਰੋੜ ਰੁਪਏ ਦੇ ਸੋਲਰ ਪ੍ਰਾਜੈਕਟ ਬਠਿੰਡਾ ਤੇ ਮਾਨਸਾ ਵਿਚ ਆ ਰਹੇ ਹਨ। 262 ਕਰੋੜ ਰੁਪਏ ਦਾ ਫਾਈਵ ਸਟਾਰ ਹੋਟਲ ਮੋਹਾਲੀ ਵਿਚ ਬਣਨ ਜਾ ਰਿਹਾ ਹੈ। 2200 ਕਰੋੜ ਰੁਪਏ ਦੀ ਇਨਵੈਸਟਮੈਂਟ ਦੇ ਵੱਡੇ ਪ੍ਰੋਜੈਕਟ ਸਾਲ ਦੇ ਅੰਦਰ ਸ਼ੁਰੂ ਹੋਣ ਜਾ ਰਹੇ ਹਨ।

## ਸਰਕਾਰ ਨੂੰ 26,500 ਕਰੋੜ ਦੀ ਕਮਾਈ ਤਾਂ ਜੀਐੱਸਟੀ ਤੋਂ ਹੀ : ਸੁਖਬੀਰ ਬਾਦਲ



**1. ਕੈਪਟਨ ਸਰਕਾਰ ਦਾ ਇਕ ਸਾਲ, ਤੁਹਾਡੀ ਨਜ਼ਰ ਵਿਚ ਕੋਈ ਇੱਕ ਕੰਮ ਜੋ ਚੰਗਾ ਹੋਵੇ?**

-ਲੋਕਤੰਤਰ ਨਹੀਂ ਰਿਹਾ। ਪੂਰੀ ਤਰ੍ਹਾਂ ਨਾਲ ਅਫਸਰਸ਼ਾਹੀ ਤੰਤਰ ਹੈ। ਸਲਾਹਕਾਰਾਂ ਨਾਲ ਘਿਰੇ ਕੈਪਟਨ ਜਨਤਾ ਹੀ ਨਹੀਂ, ਆਪਣੇ ਵਿਧਾਇਕਾਂ ਦੀ ਪਹੁੰਚ ਤੋਂ ਵੀ ਦੂਰ ਹਨ। ਇਕ ਵੀ ਕੰਮ ਲੋਕ ਹਿੱਤ ਦਾ ਨਹੀਂ ਹੋਇਆ।

**2. ਤੁਹਾਡੇ ਸਮੇਂ ਬਣੀਆਂ ਯਾਦਗਾਰਾਂ ਨੂੰ ਬਰਬਾਦੀ ਦੱਸਣ ਵਾਲੇ ਕੈਪਟਨ ਜੰਗ-ਏ-ਅਜ਼ਾਦੀ ਸਮਾਰਕ ਦਾ ਉਦਘਾਟਨ ਕਰਕੇ 25 ਕਰੋੜ ਰੁਪਏ ਹੋਰ ਦੇਣ ਦਾ ਐਲਾਨ ਕਰ ਆਏ?**

-ਜੰਗ-ਏ-ਅਜ਼ਾਦੀ ਸਾਡੀ ਪਹਿਲ ਸੀ। ਬਾਦਲ ਸਾਹਿਬ ਨੇ ਉਦਘਾਟਨ ਕੀਤਾ ਸੀ। ਦੁਬਾਰਾ ਕੈਪਟਨ ਨੇ ਕਰ ਦਿੱਤਾ ਹੈ।

**3. ਆਪ ਪੋਲ ਖੋਲ੍ਹ ਰੈਲੀਆਂ ਕਰਕੇ ਚੋਣ ਜਿਹਾ ਮਾਹੌਲ ਬਣਾ ਰਹੇ ਹੋ? ਚੋਣਾਂ ਨੂੰ ਹਾਲੇ 4 ਸਾਲ ਬਾਕੀ ਹਨ?**

-ਜਨਤਾ ਦੀਆਂ ਸਮੱਸਿਆਵਾਂ ਸੁਣਨ ਲਈ ਕੈਪਟਨ ਤਾਂ ਨਿਕਲਦੇ ਨਹੀਂ, ਸਾਨੂੰ ਹੀ ਜਨਤਾ ਵਿਚਾਲੇ ਜਾਣਾ ਪਿਆ। 77 ਸੀਟਾਂ ਜਿੱਤਣ ਵਾਲੀ ਕਾਂਗਰਸ ਅੱਜ 8 ਸੀਟਾਂ ਨਹੀਂ ਜਿੱਤ ਸਕੇਗੀ। ਨਿਗਮ ਚੋਣਾਂ ਵੀ ਗੁੰਡਾਗਰਦੀ ਕਰਕੇ ਜਿੱਤੇ ਹਨ।

**4. ਤੁਹਾਡੀ ਸਰਕਾਰ 2 ਲੱਖ ਕਰੋੜ ਰੁਪਏ ਦਾ ਕਰਜ਼ਾ ਛੱਡ ਗਈ, ਖਜ਼ਾਨਾ ਪੂਰੀ ਤਰ੍ਹਾਂ ਖ਼ਾਲੀ ਸੀ।**

-ਖਾਲੀ ਖਜ਼ਾਨੇ ਦਾ ਰੋਣਾ ਰੋ ਕੇ ਪੱਲਾ ਨਹੀਂ ਝਾੜ ਸਕਦੇ। ਜੀਐੱਸਟੀ ਤੋਂ ਹੀ 26,500 ਕਰੋੜ ਰੁਪਏ ਦੀ ਸਾਲਾਨਾ ਕਮਾਈ ਹੋਵੇਗੀ। ਸਾਡੇ ਵਕਤ ਵੈਟ ਨਾਲ ਸਿਰਫ਼ 20,000 ਕਰੋੜ ਰੁਪਏ ਆਉਂਦੇ ਹਨ।

**5. ਕਾਂਗਰਸ ਸਰਕਾਰ ਨੇ ਇਕ ਸਾਲ ਵਿਚ ਹੀ ਗੌਂਡਰ ਸਮੇਤ ਕਈ ਗੈਂਗਸਟਰਾਂ ਦਾ ਸਫਾਇਆ ਕਰ ਦਿੱਤਾ?**

-ਜਿਸ ਐੱਸਆਈਟੀ ਨੇ ਗੈਂਗਸਟਰਾਂ ਨੂੰ ਫੜੇ ਉਹ ਸਾਡੀ ਹੀ ਬਣਾਈ ਸੀ। ਅਸੀਂ ਹੀ ਇਕ ਸਾਲ ਲਈ ਐੱਲਓਸੀ ਖੁੱਲ੍ਹਵਾਈ ਸੀ।

# ਸਿੱਖਾਂ ਦੇ ਕਾਤਲ ਸੱਜਣ ਕੁਮਾਰ ਵਲੋਂ ਐਸ ਆਈ ਟੀ ਸਾਹਮਣੇ ਉਸ ਦੀ ਨਿਸ਼ਾਨਦੇਹੀ ਕਰਦੇ ਗਵਾਹ ਹਰਵਿੰਦਰ ਨਾਲ ਬਦਤਮੀਜ਼ੀ

***ਕੈਪਟਨ ਸਰਕਾਰ ਵਲੋਂ ਮੁੱਖ ਗਵਾਹ ਦੀ ਸੁਰਖਿਆ ਮੁੜ ਬਹਾਲ ਕੀਤੀ ਜਾਏ: ਜਸਵਿੰਦਰ ਜੌਲੀ***

**ਨਵੀਂ ਦਿੱਲੀ/ਮਨਪ੍ਰੀਤ ਸਿੰਘ ਖਾਲਸਾ):**
ਸੰਨ ਦੇ 1984 ਸਿੱਖ ਕਤਲੇਆਮ ਦੌਰਾਨ ਉੱਤਮ ਨਗਰ ਵਿਖੇ 2 ਸਿੱਖਾਂ ਦੇ ਹੋਏ ਕਤਲ ਦੇ ਮਾਮਲੇ 'ਚ ਗਵਾਹ ਸ. ਹਰਵਿੰਦਰ ਸਿੰਘ ਕੋਹਲੀ ਨੇ ਕਾਂਗਰਸੀ ਆਗੂ ਸੱਜਣ ਕੁਮਾਰ ਦੀ ਕਾਤਲ ਦੇ ਤੌਰ 'ਤੇ ਨਿਸ਼ਾਨਦੇਹੀ ਕੀਤੀ ਹੈ। ਕੇਂਦਰ ਸਰਕਾਰ ਦੀ ਐਸ.ਆਈ.ਟੀ. ਵੱਲੋਂ ਕੋਹਲੀ ਅਤੇ ਸੱਜਣ ਨੂੰ ਆਹਮੋ-ਸਾਹਮਣੇ ਬਿਠਾ ਕੇ ਤਫ਼ਤੀਸ਼ ਕੀਤੀ ਗਈ। ਹਰਵਿੰਦਰ ਸਿੰਘ ਕੋਹਲੀ ਦੇ ਪਿਤਾ ਸੋਹਨ ਸਿੰਘ, ਜ਼ੀਜਾ ਅਵਤਾਰ ਸਿੰਘ ਦੇ ਕਤਲ ਅਤੇ ਗੁਆਂਢੀ ਗੁਰਚਰਨ ਸਿੰਘ ਨੂੰ ਜਲਾਉਣ ਦੇ ਮਾਮਲੇ 'ਚ ਦੁਆਰਕਾ ਕੋਰਟ 'ਚ ਸੁਣਵਾਈ ਚਲ ਰਹੀ ਹੈ। ਸੱਜਣ ਕੁਮਾਰ ਨੇ ਇਸ ਮਾਮਲੇ 'ਚ ਪਹਿਲੇ ਦੁਆਰਕਾ ਕੋਰਟ ਅਤੇ ਫਿਰ ਦਿੱਲੀ ਹਾਈ ਕੋਰਟ 'ਚੋਂ ਵੀ ਅਗਾਊ ਜਮਾਨਤ ਪ੍ਰਾਪਤ ਕੀਤੀ ਹੋਈ ਹੈ। ਐਸ.ਆਈ.ਟੀ. ਅਧਿਕਾਰੀਆਂ ਨੇ ਗਵਾਹ ਅਤੇ ਆਰੋਪੀ ਨੂੰ ਆਹਮੋ-ਸਾਹਮਣੇ ਬਿਠਾ ਕੇ ਪੁੱਛਗਿੱਛ ਕੀਤੀ। ਮੀਡੀਆ ਨੂੰ ਇਸ ਬਾਰੇ ਜਾਣਕਾਰੀ ਦਿੰਦੇ ਹੋਏ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਾਨੂੰਨੀ ਵਿਭਾਗ ਦੇ ਮੁਖੀ ਜਸਵਿੰਦਰ ਸਿੰਘ ਜੌਲੀ ਨੇ ਦੱਸਿਆ ਕਿ ਸੱਜਣ ਕੁਮਾਰ ਨੇ ਕੋਹਲੀ ਦੇ ਨਾਲ ਪੁੱਛਗਿੱਛ







ਦੌਰਾਨ ਬਦਤਮੀਜ਼ੀ ਕਰਕੇ ਡਰਾਉਣ ਦੀ ਕੋਸ਼ਿਸ਼ ਕੀਤੀ ਸੀ ਪਰ ਕੋਹਲੀ ਨੇ ਬੇਬਾਕੀ ਨਾਲ ਸਾਰੀ ਘਟਨਾ ਬਾਰੇ ਜਾਂਚ ਏਜੰਸੀ ਨੂੰ ਆਪਣਾ ਪੱਖ ਰਿਕਾਰਡ ਕਰਾਉਣ ਦੇ ਨਾਲ ਹੀ ਸੱਜਣ ਕੁਮਾਰ ਦੀ ਕਾਤਲ ਦੇ ਤੌਰ 'ਤੇ ਪਛਾਣ ਕੀਤੀ ਹੈ। ਜਦਕਿ ਸੱਜਣ ਕੁਮਾਰ ਨੇ ਆਪਣੇ 'ਤੇ ਲੱਗੇ ਸਾਰੇ ਦੋਸ਼ਾ ਨੂੰ ਸਿਰੇ ਤੋਂ ਖਾਰਿਜ ਕਰਦੇ ਹੋਏ ਗਵਾਹ ਨੂੰ ਹੀ ਝੂਠਾ ਦੱਸ ਦਿੱਤਾ। ਕੋਹਲੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਦੱਸਿਆ ਕਿ ਲਗਭਗ ਡੇਢ ਘੰਟੇ ਤਕ ਚਲੀ ਪੁੱਛਗਿੱਛ ਦੌਰਾਨ ਸੱਜਣ ਕੁਮਾਰ ਨੇ ਲਗਾਤਾਰ ਉਨ੍ਹਾਂ ਨਾਲ ਬਦਤਮੀਜ਼ੀ ਕੀਤੀ। ਸੱਜਣ ਦੀ ਕੋਸ਼ਿਸ਼ ਸੀ ਕਿ ਸ਼ਾਇਦ ਬਦਤਮੀਜ਼ੀ ਬਾਅਦ ਮੈਂ ਜਾਂਚ ਪ੍ਰਕਿਰਿਆ ਨੂੰ ਛੱਡ ਕੇ ਚਲਾ ਜਾਵਾਂਗਾ ਪਰ ਮੈਂ ਡੱਟ ਕੇ ਜਾਂਚ ਏਜੰਸੀ ਦੇ ਸਾਹਮਣੇ ਸਾਰੇ ਤੱਥ ਰੱਖੇ ਤਾਂ ਕਿ ਆਰੋਪੀ ਦੇ ਖਿਲਾਫ਼ ਪੁਖ਼ਤਾ ਚਾਰਜਸ਼ੀਟ ਅਦਾਲਤ 'ਚ ਪੇਸ਼ ਹੋ ਸਕੇ।

ਜੌਲੀ ਨੇ ਦੱਸਿਆ ਕਿ ਕੋਹਲੀ ਨੂੰ ਪਹਿਲੇ ਅਕਾਲੀ ਦਲ ਦੀ ਸਰਕਾਰ ਵੇਲੇ ਪੰਜਾਬ ਸਰਕਾਰ ਵੱਲੋਂ ਸੁਰੱਖਿਆ ਦਿੱਤੀ ਗਈ ਸੀ। ਕੈਪਟਨ ਸਰਕਾਰ ਬਣਨ ਦੇ ਚੌਥੇ ਦਿਨ ਹੀ ਕੋਹਲੀ ਦੀ ਸੁਰੱਖਿਆ ਵਾਪਸ ਲੈ ਲਈ ਗਈ ਸੀ। ਜੌਲੀ ਨੇ ਸਵਾਲ ਪੁੱਛਿਆ ਕਿ ਇੱਕ ਪਾਸੇ ਤਾਂ ਕੈਪਟਨ ਅਮਰਿੰਦਰ ਸਿੰਘ ਖੁਦ ਮੰਨਦੇ ਹਨ ਕਿ ਸੱਜਣ ਕੁਮਾਰ ਦੀ ਸਿੱਖ ਕਤਲੇਆਮ 'ਚ ਸਮੂਲੀਅਤ ਸੀ ਅਤੇ ਦੂਜੇ ਪਾਸੇ ਖੁਦ ਹੀ ਸੱਜਣ ਕੁਮਾਰ ਦੇ ਖਿਲਾਫ਼ ਗਵਾਹ ਨੂੰ ਮਿਲੀ ਸੁਰੱਖਿਆ ਹਟਾਉਂਦੇ ਹਨ। ਕੀ ਇਹ ਕਥਨੀ ਅਤੇ ਕਰਨੀ ਦਾ ਅੰਤਰ ਨਹੀਂ ? ਜਦਕਿ ਗਵਾਹ ਨੂੰ ਇਸ ਵੇਲੇ ਸੁਰੱਖਿਆ ਦੀ ਸਖ਼ਤ ਲੋੜ ਹੈ।

ਜੌਲੀ ਨੇ ਖੁਲਾਸਾ ਕੀਤਾ ਕਿ ਐਸ.ਆਈ.ਟੀ. ਨੇ ਜਦੋਂ ਕੋਹਲੀ ਨੂੰ ਬੁਲਾਵਾ ਭੇਜਿਆ ਤਾਂ ਦਿੱਲੀ ਵਿਖੇ ਇੱਕਲੇ ਆਉਣ ਨੂੰ ਉਹ ਘਬਰਾ ਰਹੇ ਸਨ। ਇਸ ਕਰਕੇ ਹੀ ਕਮੇਟੀ ਵੱਲੋਂ ਕੋਹਲੀ ਨੂੰ ਦਿੱਲੀ ਵਿਖੇ ਕਾਨੂੰਨੀ ਟੀਮ ਉਪਲਬੱਧ ਕਰਵਾਉਣ ਦੇ ਨਾਲ ਹੀ ਗੱਡੀ ਅਤੇ ਸੁਰੱਖਿਆ ਦੇਣ ਦਾ ਵੀ ਇੰਤਜਾਮ ਕੀਤਾ ਗਿਆ ਸੀ। ਜੌਲੀ ਨੇ ਕਿਹਾ ਕਿ ਜੇਕਰ ਸੱਜਣ ਕੁਮਾਰ ਜਾਂਚ ਏਜੰਸੀਆਂ ਦੇ ਸਾਹਮਣੇ ਗਵਾਹਾ ਨੂੰ ਦੱਬਕਾ ਦੇ ਸਕਦਾ ਹੈ ਤਾਂ ਬਿਨਾ ਸੁਰੱਖਿਆ ਦੇ ਘੁੰਮ ਰਹੇ ਗਵਾਹ ਨਾਲ ਕੋਈ ਵੀ ਅਣਸੁਖਾਵੀ ਘਟਨਾ ਵੀ ਕਰਵਾ ਸਕਦਾ ਹੈ। ਜੌਲੀ ਨੇ ਐਸ.ਆਈ.ਟੀ. ਨੂੰ ਸੱਜਣ ਕੁਮਾਰ ਦਾ ਨਾਰਕੋ ਟੈਸਟ ਕਰਾਉਣ ਦੀ ਮੰਗ ਵੀ ਕੀਤੀ।

ਅੰਮ੍ਰਿਤਸਰ ਟਾਈਮਜ਼ AMRITSAR TIMES

21 ਮਾਰਚ 2018 ਤੋਂ 27 ਮਾਰਚ 2018

## ਅਪਣੀਆਂ ਹੀ ਜੜ੍ਹਾਂ ਵੱਢ ਰਹੇ ਨੇ 'ਆਪ' ਦੇ ਰਖ਼ਵਾਲੇ

ਅਪਣੇ ਜਨਮ ਤੋਂ ਲੈ ਕੇ ਲਗਾਤਾਰ ਚਰਚਾ ਅਤੇ ਵਿਵਾਦਾਂ ਵਿੱਚ ਘਿਰੀ ਆ ਰਹੀ ਆਮ ਆਦਮੀ ਪਾਰਟੀ (ਆਪ) ਦੇ ਸੰਸਥਾਪਕ ਅਤੇ ਦਿੱਲੀ ਦੇ ਮੁੱਖ ਮੰਤਰੀ ਸ੍ਰੀ ਅਰਵਿੰਦ ਕੇਜਰੀਵਾਲ ਵਲੋਂ ਮਾਨ-ਹਾਨੀ ਦੇ ਇੱਕ ਮਾਮਲੇ 'ਚ ਪੰਜਾਬ ਦੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਤੋਂ ਲਿਖਤੀ ਮਾਫ਼ੀ ਮੰਗਣ ਬਾਅਦ ਇਸਦੀ ਪੰਜਾਬ ਇਕਾਈ ਵਲੋਂ ਪਾਰਟੀ ਦੀ ਹਾਈਮਕਾਂਡ ਵਿਰੁਧ ਬਗਾਵਤ ਤੋਂ ਇਸਦੇ ਵਿਰੋਧੀਆਂ ਦਾ ਖੁਸ਼ੀ ਵਿੱਚ ਕੱਛਾਂ ਵਜਾਉਣਾ ਸੁਭਾਵਕ ਹੈ। ਵੈਸੇ ਤਾਜ਼ਾ ਸੰਕੇਤਾਂ ਅਨੁਸਾਰ ਭਾਰਤ ਦੀ ਰਾਜਧਾਨੀ ਵਾਲੇ ਕੇਂਦਰ ਸ਼ਾਸ਼ਤ ਪ੍ਰਦੇਸ਼ ਦਿੱਲੀ ਦੀਆਂ ਸੰਨ 2015 ਵਿੱਚ ਹੋਈਆਂ ਵਿਧਾਨ ਸਭਾ ਚੋਣਾਂ 'ਚ ਮੁੱਖ ਕੌਮੀ ਪਾਰਟੀਆਂ ਭਾਰਤੀ ਜਨਤਾ ਪਾਰਟੀ ਤੇ ਕਾਂਗਰਸ ਪਾਰਟੀ ਦਾ ਦਿੱਲੀ ਖੇਤਰ ਵਿਚੋਂ ਸਫ਼ਾਇਆ ਕਰਨ ਬਾਅਦ ਭਾਰਤੀ ਰਾਜਨੀਤੀ ਦੇ ਸ਼ੇਰ ਸਮਝੇ ਜਾਂਦੇ ਕੇਜਰੀਵਾਲ ਨੂੰ ਮੁਆਫ਼ੀਨਾਮਾ ਕਾਂਡ ਨੇ ਉਸਦੇ ਪ੍ਰਸੰਸਕਾਂ ਅਤੇ ਹਮਾਇਤੀਆਂ ਦੀਆਂ ਨਜ਼ਰਾਂ ਵਿੱਚ ਕਾਗਜੀ ਸ਼ੇਰ ਬਣਾ ਕੇ ਰੱਖ ਦਿੱਤਾ ਹੈ। ਪੰਜਾਬ ਵਿਧਾਨ ਸਭਾ ਦੀਆਂ ਪਿਛਲੇ ਸਾਲ ਹੋਈਆਂ ਚੋਣਾਂ ਦੌਰਾਨ ਸੂਬੇ ਦੇ ਤੂਫਾਨੀ ਦੌਰੇ ਮੌਕੇ ਜਿਸ ਸਖ਼ਸ਼ ਨੂੰ ਵੇਖਣ-ਸੁਨਣ ਲਈ ਥਾਂ ਥਾਂ ਉਮੜਦੇ ਲੋਕਾਂ ਦੇ ਹੜ੍ਹ ਨੂੰ ਵੇਖਦਿਆਂ ਧੁਨੰਤਰ ਰਾਜਸੀ ਵਿਸ਼ਲੇਸ਼ਕ ਵੀ ਉਸਦੀ ਮਸੀਹਾਈ ਪ੍ਰਤਿਭਾ ਦੇ ਸੋਹਲੇ ਗਾਉਣ ਲਈ ਮਜਬੂਰ ਸਨ, ਉਸੇ ਕੇਜਰੀਵਾਲ ਨੇ ਮੁਆਫ਼ੀ ਮੰਗ ਕੇ ਰਾਜਸੀ ਤੌਰ ਉੱਤੇ ਕੌਮੀ ਤੇ ਸੂਬਾਈ ਪੱਧਰ ਉੱਤੇ ਅਪਣੇ ਤੇ ਪਾਰਟੀ ਦੇ ਵੱਕਾਰ ਨੂੰ ਮਿੱਟੀ ਘੱਟੇ ਰੋਲਣ ਵਾਲਾ ਕੰਮ ਕੀਤਾ ਹੈ। ਬੇਸ਼ੱਕ ਮੌਕੇ ਤੇ ਪ੍ਰਸਥਿੱਤੀਆਂ ਅਨੁਸਾਰ ਅਪਣੇ ਪੈਂਤੜੇ ਬਦਲਣੇ ਤੇ ਸਮਝੌਤੇ ਕਰਨੇ ਰਾਜਨੀਤੀ ਦਾ ਹਿੱਸਾ ਹੁੰਦੇ ਹਨ ਪਰ ਕੋਈ ਵੀ ਅਹਿਮ ਕਦਮ ਚੁੱਕਣ ਤੋਂ ਪਹਿਲਾਂ ਸਾਰੇ ਪੱਖਾਂ ਨੂੰ ਧਿਆਨ ਵਿੱਚ ਰੱਖ ਕੇ ਚੱਲੀ ਚਾਲ ਬੇਹਤਰ ਸਮਝੀ ਜਾਂਦੀ ਤੇ ਚੰਗੇ ਸਿੱਟੇ ਸਾਹਮਣੇ ਲਿਆਉਂਦੀ ਹੈ। ਮੌਜੂਦਾ ਮਾਮਲੇ ਵਿੱਚ ਕਾਹਲੀ ਤੋਂ ਵੱਧ ਫੈਸਲੇ ਨੂੰ ਅਪਣਿਆਂ ਤੋਂ ਲੁਕਾਉਣ ਦੀ ਚਾਲ ਨੇ ਕੇਜਰੀਵਾਲ ਦੀ ਬਾਣੀਆ ਬਿਰਤੀ ਨੂੰ ਸ਼ਰੇਆਮ ਨੰਗਿਆਂ ਕੀਤਾ ਹੈ। ਇਸੇ ਲਈ ਇਸ ਮੁਆਫ਼ੀ ਪਿੱਛੇ ਹੋਰ ਨਿੱਜੀ ਹਿੱਤ ਛੁਪੇ ਹੋਣ ਦੇ ਸ਼ੰਕਿਆਂ ਨੂੰ ਸ਼ਹਿ ਮਿਲ ਰਹੀ ਹੈ। ਅੰਨਾ ਹਜ਼ਾਰੇ ਦੇ ਭ੍ਰਿਸ਼ਟਾਚਾਰ ਵਿਰੋਧੀ ਦੇਸ਼ ਵਿਆਪੀ ਅੰਦਲਨ ਬਾਅਦ ਆਮ ਆਦਮੀ ਪਾਰਟੀ ਦਾ ਸਾਰਾ ਦਾਰੋ-ਮਦਾਰ ਭਾਰਤ ਦੀਆਂ ਮੁੱਖ ਵਿਰੋਧੀ ਪਾਰਟੀਆਂ ਦੇ ਆਗੂਆਂ ਵਲੋਂ ਭ੍ਰਿਸ਼ਟਾਚਾਰੀਆਂ ਨੂੰ ਸ਼ਹਿ ਦੇਣ ਅਤੇ ਖੁਦ ਭ੍ਰਿਸ਼ਟ ਤਰੀਕਿਆਂ ਨਾਲ ਮੱਚਾਈ ਚਲੀ ਆ ਰਹੀ ਲੁੱਟ ਨੂੰ ਖ਼ਤਮ ਕਰਨ ਦਾ ਸੀ। ਇਸੇ ਲਈ ਕੇਜਰੀਵਾਲ ਅਤੇ ਉਸਦੇ ਸਾਥੀਆਂ ਨੇ ਢੋਲ ਵਜਾ ਵਜਾ ਕੇ ਇਸ ਮੁਹਿੰਮ ਨੂੰ ਦਿਨੋਂ ਦਿਨ ਤੇਜ ਕੀਤਾ। ਇਸ ਲਈ ਜਰੂਰੀ ਸੀ ਕਿ ਪਾਰਟੀਆਂ ਅਤੇ ਆਗੂਆਂ ਦੇ ਨਾਂਅ ਸ਼ਰੇਆਮ ਉਜਾਗਰ ਕੀਤੇ ਜਾਂਦੇ। ਕੇਜਰੀਵਾਲ ਤੇ ਉਸਦੇ ਸਹਿਯੋਗੀ ਜੇ ਉਸ ਵੇਲੇ ਇਹ ਪਹਿਲੂ ਵੀ ਧਿਆਨ ਵਿੱਚ ਰਖਦੇ ਕਿ ਅਜਿਹੇ ਦੋਸ਼ ਉਲਟੇ ਵੀ ਪੈ ਸਕਦੇ ਹਨ ਤਾਂ ਅੱਜ ਗੋਡੇ ਟੇਕਣ ਵਾਲੇ ਦਿਨ ਨਾ ਵੇਖਣੇ ਪੈਂਦੇ।

ਇਸੇ ਤਰ੍ਹਾਂ ਪਹਿਲਾਂ ਸੰਨ 2014 ਪੰਜਾਬ ਦੀਆਂ ਲੋਕ ਸਭਾ ਤੇ ਫਿਰ ਫਰਵਰੀ 2017 ਵਿੱਚ ਵਿਧਾਨ ਸਭਾ ਚੋਣਾਂ ਮੌਕੇ ਆਮ ਆਦਮੀ ਪਾਰਟੀ ਦੀ ਸੂਬਾ ਇਕਾਈ ਨੇ ਸੱਤਾਧਾਰੀ ਅਕਾਲੀ ਦਲ (ਬਾਦਲ), ਬਾਦਲ ਪਰਿਵਾਰ ਅਤੇ ਹੋਰਨਾਂ ਨੇਤਾਵਾਂ ਵਿਰੁਧ ਪੰਜਾਬ ਦੇ ਲੋਕਾਂ ਦੀ ਲੁੱਟ ਅਤੇ ਨਸ਼ਿਆਂ ਦਾ ਧੰਦਾ ਕਰਵਾਉਣ ਦੇ ਭੰਡੀ ਪ੍ਰਚਾਰ ਦੀ ਮੁਹਿੰਮ ਵਿੱਢੀ। ਸਭ ਤੋਂ ਤਕੜਾ ਤਵਾ ਕੈਬਨਿਟ ਮੰਤਰੀ ਅਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਰਿਸ਼ਤੇਦਾਰ ਬਿਕਰਮ ਸਿੰਘ ਮਜੀਠੀਆ ਖ਼ਿਲਾਫ਼ ਲਾਇਆ ਜਾਂਦਾ ਸੀ। ਚੋਣਾਂ ਹਾਰਨ ਬਾਅਦ ਬਿਕਰਮ ਮਜੀਠੀਆ ਵਲੋਂ ਕੇਜਰੀਵਾਲ, ਸੰਜੇ ਸਿੰਘ ਤੇ ਹੋਰਨਾਂ ਆਗੂਆਂ ਵਿਰੁਧ ਮਾਨ ਹਾਨੀ ਦਾ ਕੇਸ ਕਰਕੇ ਅਦਾਲਤ ਵਿੱਚ ਘੜੀਸਣਾ ਉਸਦੀ ਸਮਾਜਿਕ ਤੇ ਨੈਤਿਕ ਤੋਂ ਕਿਸੇ ਵੱਧ ਸਿਆਸੀ ਲੋੜ ਸੀ। ਹੁਣ ਕੇਜਰੀਵਾਲ ਨੇ ਜਿੱਥੇ ਅੰਦਰਖਾਤੇ ਬਿਕਰਮ ਸਿੰਘ ਮਜੀਠੀਆ ਤੋਂ ਮੁਆਫ਼ੀ ਮੰਗ ਕੇ ਅਕਾਲੀ ਦਲ (ਬਾਦਲ) ਨੂੰ ਸਿਆਸੀ ਜਿੱਤ ਦਿਵਾਈ ਹੈ ਉੱਥੇ ਪਾਰਟੀ ਦੀ ਪੰਜਾਬ ਵਿਚਲੀ ਇਕਾਈ ਵਿਚ ਵਿਦਰੋਹ ਪੈਦਾ ਹੋਣ ਦਾ ਜੁੰਮੇਵਾਰ ਵੀ ਕੋਈ ਹੋਰ ਨਹੀਂ ਬਲਕਿ ਕੇਜਰੀਵਾਲ ਖੁਦ ਹੀ ਹੈ।

ਭਾਵੇਂ ਦਿੱਲੀ ਦੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਦੀ ਇਹ ਦਲੀਲ ਕਿ ਉਹ "ਹਉਮੈ ਦੀ ਲੜਾਈ" ਵਿਚ ਪੈਣ ਦੇ ਖਾਹਸ਼ਮੰਦ ਨਹੀਂ ਹਨ ਅਤੇ ਕਾਨੂੰਨੀ ਉਲਝਣਾਂ ਵਿਚ ਸਮਾਂ ਬਰਬਾਦ ਕਰਨ ਦੀ ਬਜਾਏ ਲੋਕ ਸੇਵਾ ਕਰਨਾ ਚਾਹੁੰਦੇ ਹਨ। ਕੇਜਰੀਵਾਲ ਦੇ ਪੱਖ ਨੂੰ ਪੇਸ਼ ਕਰਦੀ ਹੈ ਪਰ ਮਸਲਾ ਤਾਂ ਪਾਰਟੀ ਦੇ ਪੰਜਾਬ ਵਿਚਲੇ ਆਗੂਆਂ ਤੋਂ ਮੁਆਫ਼ੀ ਦੀ ਗੱਲ ਛੁਪਾਉਣ ਦਾ ਹੈ।

ਭਾਰਤ ਦੀਆਂ ਸਾਰੀਆਂ ਹੀ ਰਾਜਸੀ ਪਾਰਟੀਆਂ ਦੇ ਲੋਟੂ-ਲਾਣੇ ਤੋਂ ਦੇਸ ਅਤੇ ਅਪਣੇ ਆਪ ਨੂੰ ਮੁਕਤ ਕਰਨ ਦੀ ਆਸ ਨਾਲ ਕੁਝ ਸਾਲ ਪਹਿਲਾਂ ਆਸ ਦੀ ਕਿਰਨ ਬਣ ਕੇ ਉਭਰੀ ਆਮ ਆਦਮੀ ਪਾਰਟੀ (ਆਪ) ਦੇ ਹੱਕ 'ਚ ਨਿਤਰਣ ਵਾਲੇ ਲੋਕ ਪਾਰਟੀ ਵਿਚਲੇ ਕਾਟੋ-ਕਲੇਸ਼ ਤੋਂ ਸਿਰਫ਼ ਨਿਰਾਸ਼ ਹੀ ਨਹੀਂ ਬੇਹੱਦ ਉਦਾਸ ਵੀ ਨੇ।

ਪੰਜਾਬ ਦੀ ਆਪ ਇਕਾਈ ਵਿਚਲੇ ਸੰਕਟ ਨੂੰ ਮੱਠਾ ਪਾਉਣ ਵਿੱਚ ਵਕਤੀ ਤੌਰ ਉੱਤੇ ਕਾਮਯਾਬ ਹੋਣ ਦੇ ਬਾਵਜੂਦ ਪਾਰਟੀ ਦੇ ਦਿੱਲੀ ਵਿਚਲੇ ਪ੍ਰਭੂਆਂ ਦੀ ਰਾਜਸੀ ਸੂਝ-ਬੂਝ, ਰਣਨੀਤੀਆਂ ਅਤੇ ਦਿਆਨਤਦਾਰੀ ਵਿਚੋਂ ਪਾਰਟੀ ਦੇ ਆਗੂਆਂ, ਸਰਗਰਮ ਵਰਕਰਾਂ ਤੇ ਆਮ ਲੋਕਾਂ ਦਾ ਜਿਹੜਾ ਮੋਹ ਭੰਗ ਹੋਰ ਤੇਜ ਹੋਣ ਲੱਗਾ ਹੈ ਉਸ ਨੁਕਸਾਨ ਨੂੰ ਰੋਕਣਾ ਸ਼ਾਇਦ ਕਿਸੇ ਦੇ ਵੀ ਵੱਸ ਵਿੱਚ ਨਹੀਂ।

ਕਿਸੇ ਨੂੰ ਨਾਇਕ ਸਮਝਣ ਬਾਅਦ ਅਪਣਾ ਸਭ ਕੁਝ ਦਾਅ ਉੱਤੇ ਲਾਉਣ/ਲੁਟਾਉਣ ਵਾਲੇ ਪੰਜਾਬੀਆਂ ਖ਼ਾਸ ਕਰ ਪਰਵਾਸੀਆਂ ਨੇ ਜਿਸ ਤਰ੍ਹਾਂ ਆਪ ਲਈ ਆਪਾ ਸਮਰਪਣ ਕੀਤਾ ਸੀ ਉਸ ਭਰੋਸੇ ਦਾ ਟੁਟਣਾ ਸੂਬੇ ਤੇ ਲੋਕਾਂ ਨੂੰ ਢਹਿੰਦੀ ਕਲਾ ਵੱਲ ਲਿਜਾਣ ਵਰਗਾ ਹੈ। ਜਿਸ ਪੰਜਾਬ ਦੀ ਫਿਜ਼ਾ ਵਿੱਚ ਕੇਜਰੀਵਾਲ ਕੇਜਰੀਵਾਲ ਸਾਰਾ ਪੰਜਾਬ ਤੇਰੇ ਨਾਲ ਦੇ ਨਾਅਰੇ ਗੂੰਜੇ, ਉਸੇ ਪੰਜਾਬ ਵਿਚੋਂ ਕੇਜਰੀਵਾਲ ਕੇਜਰੀਵਾਲ, ਤੈਨੂੰ ਲੱਖ ਲੱਖ ਫਿਟਕਾਰ ਦੀ ਖਾਮੋਸ਼ ਧੁਨ ਦਾ ਉਭਰਣਾ, ਬੜਾ ਉਦਾਸਮਈ ਕਰਮ ਹੈ।

# ਕੇਜਰੀਵਾਲ ਦੀ ਮੁਆਫ਼ੀ ਅਤੇ ਪੰਜਾਬ ਦਾ ਸਿਆਸੀ ਖਲਾਅ

**ਇਹ ਸਾਡੀ ਰਾਜਨੀਤੀ ਦਾ ਦੁਖਾਂਤ ਹੀ ਸਮਝੋ ਕਿ ਅਜਿਹਾ ਵਿਅਕਤੀ ਜਿਸ ਨੇ ਕਿਸੇ ਸਮੇਂ ਹਿੰਦੁਸਤਾਨ ਦੀ ਸਿਆਸਤ ਵਿੱਚ ਭੂਚਾਲ ਲਿਆਂਦਾ ਸੀ ਅਤੇ ਬਦਲਵੀਂ ਰਾਜਨੀਤੀ ਦਾ ਪੈਗਾਮ ਦਿੱਤਾ ਸੀ, ਉਹ ਵਿਅਕਤੀ ਛੋਟੀ ਜਿਹੀ ਲਹਿਰ ਅੱਗੇ ਹੀ ਦਮ ਤੋੜ ਕੇ ਰਹਿ ਗਿਆ। ਇਸ ਬਦਲਵੀਂ ਰਾਜਨੀਤੀ ਵਿੱਚ ਰਾਜਨੀਤਕ, ਸਮਾਜਿਕ ਅਤੇ ਧਾਰਮਿਕ ਮਾਨਸਿਕਤਾ ਦੇ ਭਿੰਨ ਭਿੰਨ ਰੰਗ ਆਮ ਆਦਮੀ ਦਾ ਰੂਪ ਧਾਰ ਕੇ ਕੇਜਰੀਵਾਲ ਦੇ ਝਾੜੂ ਥੱਲੇ ਇਕੱਠੇ ਹੋ ਗਏ ਸਨ। ਇਹ ਚਮਤਕਾਰ ਹਿੰਦੁਸਤਾਨ ਦੇ ਇਤਿਹਾਸ ਵਿਚ ਪਹਿਲੀ ਵਾਰ ਵਾਪਰਿਆ ਹੈ। ਉਹ ਜਦੋਂ ਬੋਲਦਾ ਸੀ ਤਾਂ ਲੋਕਾਂ ਨੂੰ ਲੱਗਦਾ ਸੀ ਕਿ ਉਹ ਹਰ ਮੁਸ਼ਕਿਲ ਅੱਗੇ ਪਹਾੜ ਬਣ ਕੇ ਖਲੋ ਜਾਏਗਾ। ਇਹੋ ਜਿਹੇ ਵਿਅਕਤੀ ਵਿਰੁੱਧ ਮੁਕੱਦਮੇ ਤਾਂ ਹੋਣੇ ਹੀ ਸਨ ਕਿਉਂਕਿ ਸਿਆਸਤ ਦੀਆਂ ਸਭ ਧਿਰਾਂ ਅੰਦਰਖਾਤੇ ਉਸ ਦੇ ਵਿਰੁੱਧ ਹੋ ਗਈਆਂ ਸਨ। ਕੇਜਰੀਵਾਲ ਨੂੰ ਇਹ ਪਤਾ ਹੋਣਾ ਚਾਹੀਦਾ ਸੀ ਕਿ ਜਦੋਂ ਤੁਸੀਂ ਕਿਸ਼ਤੀ ਦੀ ਸਵਾਰੀ ਕਰ ਰਹੇ ਹੋ ਤਾਂ ਭਿੱਜਣ ਦਾ ਖਤਰਾ ਤਾਂ ਬਣਿਆ ਹੀ ਰਹੇਗਾ।**



**ਕਰਮਜੀਤ ਸਿੰਘ**, ਸੀਨੀਅਰ ਪੱਤਰਕਾਰ
(ਸੰਪਰਕ: 99150-91063)



ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਵੱਲੋਂ ਮਾਣਹਾਨੀ ਕੇਸ ਵਿੱਚ ਬਿਕਰਮ ਸਿੰਘ ਮਜੀਠੀਆ ਤੋਂ ਮੁਆਫੀ ਮੰਗਣ ਪਿੱਛੋਂ ਸਿਆਸੀ ਹਲਕਿਆਂ ਵਿੱਚ ਇਸ ਮੁਆਫੀ ਨਾਲ ਜੁੜੇ ਵੱਖ ਵੱਖ ਪਹਿਲੂਆਂ ਉਤੇ ਤਿੱਖੀ ਅਤੇ ਕੌੜੀ-ਮਿੱਠੀ ਪਰ ਜਾਗਰੂਕ ਬਹਿਸ ਸ਼ੁਰੂ ਹੋ ਗਈ ਹੈ। ਹਾਲਾਂਕਿ ਮੁਆਫੀ ਦੀ ਪਰਿਭਾਸ਼ਾ ਬਾਰੇ ਜਾਣਕਾਰੀ ਵਿੱਚ ਵਾਧਾ ਕਰਨ ਲਈ ਸਿਆਸਤਦਾਨਾਂ ਅਤੇ ਆਮ ਲੋਕਾਂ ਵਿਚ ਕੋਈ ਖਾਸ ਦਿਲਚਸਪੀ ਨਹੀਂ ਹੈ, ਪਰ ਹੁਣ ਤਾਂ ਜਿਥੇ ਮੁਆਫੀ ਮੰਗਣ ਵਾਲੇ ਉਤੇ ਤਿੱਖੇ ਤੇ ਤੇਜ਼ ਤਰਾਰ ਹਮਲੇ ਹੋ ਰਹੇ ਹਨ, ਉਥੇ ਮੁਆਫੀ ਮੰਗਣ ਵਾਲੇ ਨੂੰ ਠੀਕ ਅਤੇ ਗਲਤ ਕਹਿਣ ਵਾਲਿਆਂ ਦਰਮਿਆਨ ਦੋਸ਼ਾਂ ਅਤੇ ਜੁਆਬੀ ਦੋਸ਼ਾਂ ਦੀ ਹੀ ਬਾਰਿਸ਼ ਹੋ ਰਹੀ ਹੈ।

ਵੈਸੇ ਰਾਜਨੀਤਕ ਖੇਤਰ ਵਿੱਚ ਸਿਆਸਤਦਾਨਾਂ ਵਲੋਂ ਆਪਣੀ ਕਿਸੇ ਵਿਵਾਦਗ੍ਰਸਤ ਟਿੱਪਣੀ ਜਾਂ ਬਿਆਨ 'ਤੇ ਰੌਲਾ ਪੈਣ ਮਗਰੋਂ ਮੁਆਫੀ ਮੰਗਣੀ ਆਮ ਜਿਹੀ ਗੱਲ ਹੈ, ਪਰ ਭਾਰਤ ਦੇ ਰਾਜਨੀਤਕ ਇਤਿਹਾਸ ਵਿੱਚ ਸ਼ਾਇਦ ਇਹ ਪਹਿਲੀ ਘਟਨਾ ਹੈ ਜਦੋਂ ਕੇਜਰੀਵਾਲ ਦੀ ਮੁਆਫੀ ਨੂੰ ਲੈ ਕੇ ਬਹਿਸ ਦਾ ਦਾਇਰਾ ਸਾਰੇ ਮੁਲਕ ਵਿੱਚ ਫੈਲ ਗਿਆ ਹੈ। ਮੁਆਫੀ ਕਿਉਂਕਿ ਮੁੱਖ ਮੰਤਰੀ ਵੱਲੋਂ ਮੰਗੀ ਗਈ ਹੈ ਅਤੇ ਮੁੱਖ ਮੰਤਰੀ ਵੀ ਉਹ ਹੈ ਜਿਸ ਨੇ ਪੰਜਾਬ ਅਸੈਂਬਲੀ ਦੀ ਚੋਣ ਮੁਹਿੰਮ ਵਿੱਚ ਬਿਕਰਮ ਸਿੰਘ ਮਜੀਠੀਆ ਉਤੇ ਦੋਸ਼ ਲਾਉਣ ਸਮੇਂ ਆਪਣੀ ਆਵਾਜ਼ ਅਤੇ ਬੋਲਬਾਣੀ ਦੀ ਗੂੰਜ ਅਸਮਾਨ ਦੀਆਂ ਕੰਧਾਂ ਤੱਕ ਪਹੁੰਚਾ ਦਿਤੀ ਸੀ। ਇਸ ਮੁੱਦੇ ਨੂੰ ਕੇਂਦਰੀ ਮੁੱਦਾ ਬਣਾ ਕੇ ਚੋਣ ਵੀ ਲੜੀ ਗਈ ਜਿਸ ਨੇ 80 ਸਾਲ ਪੁਰਾਣੀ ਅਕਾਲੀ ਪਾਰਟੀ ਨੂੰ ਤੀਜੇ ਸਥਾਨ 'ਤੇ ਲਿਆ ਸੁੱਟਿਆ ਅਤੇ ਆਮ ਆਦਮੀ ਪਾਰਟੀ ਵਿਧਾਨ ਸਭਾ ਵਿੱਚ ਮੁੱਖ ਵਿਰੋਧੀ ਧਿਰ ਦੇ ਰੂਪ ਵਿੱਚ ਵੀ ਉਭਰ ਕੇ ਸਾਹਮਣੇ ਆਈ। ਹੁਣ ਉਸੇ ਹੀ ਮੁੱਦੇ ਉੱਤੇ ਮੁਆਫੀ ਮੰਗ ਲੈਣ ਨਾਲ ਵਿਰੋਧੀਆਂ ਨੇ ਤਾਂ ਅਰਵਿੰਦ ਕੇਜਰੀਵਾਲ ਵਿਰੁਧ ਮੋਰਚੇ ਖੋਲ੍ਹ ਹੀ ਦਿੱਤੇ ਹਨ, ਪਾਰਟੀ ਅੰਦਰ ਵੀ ਬਗਾਵਤ ਹੋ ਗਈ ਹੈ। ਆਕਸਫੋਰਡ ਯੂਨੀਵਰਸਿਟੀ ਦੇ ਇੱਕ ਪੰਜਾਬੀ ਪ੍ਰੋਫੈਸਰ ਨੇ ਰਾਜਨੀਤਕ ਅਰਥਚਾਰੇ ਦੇ ਇੱਕ ਵਿਦਵਾਨ ਦੇ ਹਵਾਲੇ ਨਾਲ ਇਸ ਬਹਿਸ ਨੂੰ 'ਮੌਲਿਕ ਜਾਂ ਸਿਰਜਣਾਤਮਿਕ ਤਬਾਹੀ' ਦਾ ਨਾਂ ਦਿੱਤਾ ਹੈ। ਇੱਸ ਟਿੱਪਣੀ ਦੇ ਵੀ ਕਈ ਅਰਥ ਕੱਢੇ ਜਾ ਸਕਦੇ ਹਨ। ਇੱਕ ਅਰਥ ਤਾਂ ਇਹ ਹੈ ਕਿ ਭਵਿੱਖ ਵਿੱਚ ਸਿਆਸਤ ਦੇ ਖੇਤਰ ਵਿੱਚ 'ਮੌਲਿਕਤਾ' ਤੇ 'ਜ਼ਿੰਮੇਵਾਰੀ' ਦਾ ਮਾਹੌਲ ਪੈਦਾ ਹੋਵੇਗਾ ਅਤੇ ਸਿਆਸਤਦਾਨ ਊਲ-ਜਲੂਲ ਜਾਂ ਬੇਬੁਨਿਆਦ ਗੱਲਾਂ ਕਹਿਣ ਤੋਂ ਪਹਿਲਾਂ ਸੌ ਵਾਰ ਸੋਚਿਆ ਕਰਨਗੇ। ਦੂਜਾ 'ਤਬਾਹੀ' ਦਾ ਸ਼ਿਕਾਰ ਤਾਂ ਇਹੋ ਜਿਹੀ ਜੰਗ ਵਿੱਚ ਕਿਸੇ ਨਾ ਕਿਸੇ ਨੇ ਹੋਣਾ ਹੀ ਹੈ ਅਤੇ ਮੁਆਫੀ ਦੇ ਮਾਮਲੇ ਵਿੱਚ ਕੇਜਰੀਵਾਲ ਦਾ ਰਾਜਨੀਤਕ ਭਵਿੱਖ ਜੇ 'ਤਬਾਹ' ਨਹੀਂ ਹੋਇਆ ਤਾਂ ਇਸ ਦੀ ਸ਼ੁਰੂਆਤ ਤਾਂ ਹੋ ਹੀ ਗਈ ਹੈ।

ਵੈਸੇ ਹਾਲਾਤ ਪਾਰਟੀ ਲਈ ਉਸ ਵਕਤ ਹੋਰ ਵੀ ਗੰਭੀਰ ਤੇ ਨਾਜ਼ੁਕ ਹੋ ਜਾਣਗੇ ਜਦੋਂ ਅਰਵਿੰਦ ਕੇਜਰੀਵਾਲ ਦੋ ਦਰਜਨ ਤੋਂ ਵੱਧ ਚੱਲ ਰਹੇ ਮੁਕੱਦਮਿਆਂ ਵਿੱਚ ਵਾਰੀ ਵਾਰੀ ਮੁਆਫੀਆਂ ਮੰਗਦੇ ਨਜ਼ਰ ਆਉਣਗੇ। ਇਹ ਮੁਆਫੀ-ਮੁਹਿੰਮ ਸ਼ੁਰੂ ਹੋ ਵੀ ਗਈ ਹੈ। ਅਜਿਹੀ ਹਾਲਤ ਵਿੱਚ ਨਾਇਕ ਦੇ ਤੌਰ 'ਤੇ ਇੱਕ ਵਿਅਕਤੀ ਦਾ ਰਾਜਨੀਤਕ ਰੁਤਬਾ ਸਵਾਲਾਂ ਦੇ ਘੇਰੇ ਵਿੱਚ ਆ ਜਾਏਗਾ।

ਸਿਆਸੀ ਹਲਕਿਆਂ ਵਿੱਚ ਮੁਆਫੀ ਮੰਗਣ ਦੀ ਕਲਾ ਉਤੇ ਵੀ ਦਿਲਚਸਪ ਬਹਿਸ ਸ਼ੁਰੂ ਹੋ ਗਈ ਹੈ। ਬਹੁਤੀ ਵਾਰ ਜਦੋਂ ਸਿਆਸਤਦਾਨ ਮੁਆਫੀ ਮੰਗਦੇ ਹਨ ਤਾਂ ਮੁਆਫੀ ਦੀ ਸ਼ਬਦਾਵਲੀ ਇੰਨੀ ਧੁੰਦਲੀ ਅਤੇ ਇੰਨੀ ਅਸਪੱਸ਼ਟ ਹੁੰਦੀ ਹੈ ਕਿ ਉਹ ਫੋਕੀ ਰਸਮ ਜਿਹੀ ਹੀ ਬਣ ਗਈ ਹੈ। ਅਜਿਹੇ ਮੌਕਿਆਂ 'ਤੇ ਸਬੰਧਤ ਵਿਅਕਤੀ ਇਹੋ ਜਿਹੇ ਸ਼ਬਦਾਂ ਦੀ ਚੋਣ ਕਰਦਾ ਹੈ ਕਿ ਮੁਆਫੀ ਦੀ ਵਿਆਖਿਆ ਕਰਨ ਵਾਲੇ ਯੂਰੋਪੀਅਨ ਅਤੇ ਅਮਰੀਕੀ ਵਿਦਵਾਨਾਂ ਨੇ ਇਸ ਇਕੱਲੇ ਵਿਸ਼ੇ ਉਤੇ ਹੀ ਲੇਖ ਅਤੇ ਕਿਤਾਬਾਂ ਲਿਖ ਛੱਡੀਆਂ ਹਨ। ਜਿਥੋਂ ਤੱਕ ਅਰਵਿੰਦ ਕੇਜਰੀਵਾਲ ਦੀ ਮੁਆਫੀ ਦਾ ਸਬੰਧ ਹੈ, ਉਹ ਸ਼ਬਦਾਵਲੀ ਪੂਰੀ ਤਰ੍ਹਾਂ ਸਪੱਸ਼ਟ ਹੈ ਪਰ ਨਾਲ ਹੀ ਪਾਰਟੀ ਦੇ ਕਾਰਕੁਨਾਂ ਨੂੰ ਸ਼ਰਮਸਾਰ ਕਰਦੀ ਹੈ। ਇਹ ਸ਼ਬਦਾਵਲੀ ਵੀ ਕੁਝ ਇਸ ਤਰ੍ਹਾਂ ਦੀ ਸੀ: 'ਹੁਣ ਮੈਨੂੰ ਇਹ ਸਮਝ ਆ ਗਈ ਕਿ ਮੈਂ ਜੋ ਦੋਸ਼ ਲਾਏ ਸਨ, ਉਹ ਸਾਰੇ ਦੇ ਸਾਰੇ ਬੇਬੁਨਿਆਦ ਸੀ। ਇਸ ਲਈ ਇਹੋ ਜਿਹੇ ਮਾਮਲਿਆਂ 'ਤੇ ਹੁਣ ਕੋਈ ਰਾਜਨੀਤੀ ਨਹੀਂ ਹੋਣੀ ਚਾਹੀਦੀ। ਮੈਂ ਵੱਖ ਵੱਖ ਰਾਜਨੀਤਕ ਰੈਲੀਆਂ, ਪਬਲਿਕ ਜਲਸਿਆਂ, ਟੀ-ਪ੍ਰੋਗਰਾਮਾਂ, ਪ੍ਰਿੰਟ ਮੀਡੀਆ, ਇਲੈਕਟ੍ਰੋਨਿਕ ਮੀਡੀਆ ਅਤੇ ਸੋਸ਼ਲ ਮੀਡੀਆ ਉਤੇ ਤੁਹਾਡੇ 'ਤੇ ਦੋਸ਼ ਲਾਉਂਦਾ ਰਿਹਾ ਅਤੇ ਫਿਰ ਤੁਸੀਂ ਅੰਮ੍ਰਿਤਸਰ ਦੀ ਅਦਾਲਤ ਵਿੱਚ ਮੇਰੇ ਖਿਲਾਫ ਮਾਣਹਾਨੀ ਦਾ ਕੇਸ ਦਾਇਰ ਕਰ ਦਿੱਤਾ। ਮੈਂ ਹੁਣ ਤੁਹਾਡੇ ਵਿਰੁੱਧ ਦਿੱਤੇ ਬਿਆਨ ਅਤੇ ਦੋਸ਼ ਵਾਪਸ ਲੈਂਦਾ ਹਾਂ ਅਤੇ ਤੁਹਾਡੇ ਕੋਲੋਂ ਮੁਆਫੀ ਮੰਗਦਾ ਹਾਂ (ਪਰ) ਇਸ ਨਾਲ ਤੁਹਾਡੇ ਪਰਿਵਾਰ, ਸਾਥੀਆਂ, ਸ਼ੁਭਚਿੰਤਕਾਂ ਅਤੇ ਪੈਰੋਕਾਰਾਂ ਦੇ ਮਾਣ ਸਤਿਕਾਰ ਨੂੰ ਜੋ ਢਾਹ ਲੱਗੀ ਹੈ, ਉਸ ਉਤੇ ਮੈਂ ਅਫਸੋਸ ਪ੍ਰਗਟ ਕਰਦਾ ਹਾਂ।'

ਕੇਜਰੀਵਾਲ ਵੱਲੋਂ ਮੁਆਫੀ ਮੰਗੇ ਜਾਣ ਬਾਰੇ ਕੁਝ ਹੈਰਾਨਜਨਕ ਤੱਥ ਹਨ ਕਿਸੇ ਨੂੰ ਵੀ ਪਤਾ ਨਹੀਂ। ਨਾ ਉਸ ਦੇ ਸਭ ਤੋਂ ਨਜ਼ਦੀਕੀ ਸਾਥੀ ਸੰਜੇ ਸਿੰਘ ਨੂੰ ਅਤੇ ਨਾ ਹੀ ਉਸ ਦੇ ਉਪ ਮੁੱਖ ਮੰਤਰੀ ਨੂੰ। ਨਾ ਹੀ ਪੰਜਾਬ ਦੀ ਪਾਰਟੀ ਨੂੰ ਅਤੇ ਨਾ ਹੀ ਪਾਰਟੀ ਦੇ ਕਿਸੇ ਵਿਧਾਇਕ ਨੂੰ ਰੱਤਾ-ਮਾਸਾ ਵੀ ਮੁਆਫੀ ਦੀ ਸੂਹ ਮਿਲੀ। ਨਾ ਹੀ ਕੇਜਰੀਵਾਲ ਨੇ ਕਿਸੇ ਨੂੰ ਮੁਆਫੀ ਦਾ ਕਾਰਨ ਦੱਸਣ ਦੀ ਲੋੜ ਸਮਝੀ। ਚੁੱਪ ਚੁਪੀਤੇ ਮੰਗੀ ਇਸ ਮੁਆਫੀ ਦੇ ਡੂੰਘੇ ਅਰਥ ਤਾਂ ਇਹੋ ਹਨ ਕਿ ਕੇਜਰੀਵਾਲ ਦੇ ਤਾਨਾਸ਼ਾਹੀ ਸੁਭਾਅ ਦੀ ਸਿਖਰ ਸਾਰਿਆਂ ਨੇ ਵੇਖ ਲਈ। ਨਾਇਕ ਦਾ ਹਨੇਰਾ ਪੱਖ ਪੂਰੀ ਤਰ੍ਹਾਂ ਰੌਸ਼ਨ ਹੋ ਗਿਆ ਪਰ ਤਾਨਾਸ਼ਾਹੀ ਦੇ ਸਿਖਰ ਨੂੰ ਛੋਹ ਕੇ ਜਦੋਂ ਇਹ ਮੁਆਫੀ ਮੰਗੀ ਗਈ ਤਾਂ ਨਵਾਂ ਉਭਰਿਆ ਇਹ ਨਾਇਕ ਧਰਤੀ 'ਤੇ ਆਣ ਡਿੱਗਿਆ। ਕਿਸੇ ਯੂਰੋਪੀਅਨ ਵਿਦਵਾਨ ਦੀ ਇਹ ਚਿਤਾਵਨੀ ਧਿਆਨ ਨਾਲ ਸੁਣਨ ਵਾਲੀ ਹੈ ਕਿ ਨਾਇਕ ਜਦੋਂ ਆਪਣੀ ਨੇਕ ਕਮਾਈ ਦੀ ਸਿਖਰ 'ਤੇ ਪਹੁੰਚਦਾ ਹੈ ਤਾਂ ਉਸ ਨੂੰ ਬੜੇ ਤਹੱਮਲ, ਧੀਰਜ ਅਤੇ ਠੰਢੇ ਦਿਮਾਗ ਨਾਲ ਅਗਲੇ ਸਫਰ ਬਾਰੇ ਯੋਜਨਾ ਬਣਾਉਣੀ ਚਾਹੀਦੀ ਹੈ, ਨਹੀਂ ਤਾਂ ਇਹੋ ਜਿਹੇ ਮੌਕੇ ਨਿੱਕੀ ਜਿਹੀ ਗਲਤੀ ਉਸ ਦੀ ਸ਼ਾਨਾਮੱਤੀ ਕਮਾਈ ਨੂੰ ਬਰਬਾਦ ਕਰ ਕੇ ਰੱਖ ਸਕਦੀ ਹੈ। ਮੁਆਫੀ ਨੇ ਵੀ ਅਰਵਿੰਦ ਕੇਜਰੀਵਾਲ ਨੂੰ ਉਸੇ ਮੁਕਾਮ 'ਤੇ ਲਿਆ ਖੜ੍ਹਾ ਕੀਤਾ ਹੈ।

ਹੁਣ ਜਦੋਂ 10 ਵਿਧਾਇਕ ਮੁਆਫੀ ਦਾ ਕਾਰਨ ਪੁੱਛਣ ਦਿੱਲੀ ਗਏ ਤਾਂ ਜਵਾਬ ਮਿਲਿਆ ਕਿ ਕੇਜਰੀਵਾਲ ਵਿਰੁੱਧ 33 ਤੋਂ ਵੱਧ ਮੁਕੱਦਮੇ ਵੱਖ ਵੱਖ ਅਦਾਲਤਾਂ ਵਿੱਚ ਚੱਲ ਰਹੇ ਹਨ। ਇਸ ਲਈ ਉਨ੍ਹਾਂ ਦੀ ਕਾਰਗੁਜ਼ਾਰੀ ਵਿੱਚ ਵੱਡਾ ਵਿਘਨ ਪੈਂਦਾ ਹੈ। ਉਹ ਕਿਥੇ ਕਿਥੇ ਤਰੀਕਾਂ ਭੁਗਤਦੇ ਰਹਿਣ! ਦੂਜੇ ਬੰਨੇ ਸਰਕਾਰ ਵੀ ਕਿਸੇ ਨਾ ਕਿਸੇ ਢੰਗ ਨਾਲ ਜੇਲ੍ਹ ਵਿੱਚ ਸੁੱਟਣ ਲਈ ਸਾਜ਼ਿਸ਼ਾਂ ਰਚਦੀ ਰਹਿੰਦੀ ਹੈ। ਇਸ ਲਈ ਮੁਆਫੀ ਦਾ ਰਾਹ ਚੁਣਿਆ। ਕੀ ਪੰਜਾਬ ਦੀ ਰਾਜਨੀਤੀ ਦੇ ਨਵੇਂ ਰੰਗਰੂਟ ਵਿਧਾਇਕ ਇੰਨੇ ਭੋਲੇ ਅਤੇ ਮਾਸੂਮ ਸਨ ਕਿ ਉਨ੍ਹਾਂ ਬਿਨਾਂ ਕੋਈ ਜਿਰਹਾ ਕੀਤੇ ਮੌਜ ਨਾਲ ਹੀ ਆਪਣੇ ਕਨਵੀਨਰ ਦੀ ਮੁਆਫੀ ਨੂੰ ਮੁਆਫ ਕਰ ਦਿੱਤਾ। ਵੈਸੇ ਇਥੇ ਟਕਸਾਲੀ ਅਕਾਲੀ ਆਗੂਆਂ ਅਤੇ ਕਾਰਕੁਨਾਂ ਨੂੰ ਸਲਾਮ ਕਰਨਾ ਬਣਦਾ ਹੈ ਜਿਨ੍ਹਾਂ ਨੂੰ ਬਚਪਨ ਵਿੱਚ ਹੀ ਇਹ ਸੁਣਾ ਦਿੱਤਾ ਜਾਂਦਾ ਸੀ ਕਿ ਤੁਹਾਡਾ ਦੂਜਾ ਘਰ ਜੇਲ੍ਹ ਹੈ। ਜੇਲ੍ਹ ਵਿਚੋਂ ਤਾਂ ਲੀਡਰਾਂ ਦੀ ਸ਼ਖਸੀਅਤ ਨਿਖਰ ਕੇ ਸਾਹਮਣੇ ਆਉਂਦੀ ਹੈ ਅਤੇ ਉਹ ਕੁੰਦਨ ਬਣ ਕੇ ਚਮਕਦੇ ਹਨ।

ਇਹ ਸਾਡੀ ਰਾਜਨੀਤੀ ਦਾ ਦੁਖਾਂਤ ਹੀ ਸਮਝੋ ਕਿ ਅਜਿਹਾ ਵਿਅਕਤੀ ਜਿਸ ਨੇ ਕਿਸੇ ਸਮੇਂ ਹਿੰਦੁਸਤਾਨ ਦੀ ਸਿਆਸਤ ਵਿੱਚ ਭੂਚਾਲ ਲਿਆਂਦਾ ਸੀ ਅਤੇ ਬਦਲਵੀਂ ਰਾਜਨੀਤੀ ਦਾ ਪੈਗਾਮ ਦਿੱਤਾ ਸੀ, ਉਹ ਵਿਅਕਤੀ ਛੋਟੀ ਜਿਹੀ ਲਹਿਰ ਅੱਗੇ ਹੀ ਦਮ ਤੋੜ ਕੇ ਰਹਿ ਗਿਆ। ਇਸ ਬਦਲਵੀਂ ਰਾਜਨੀਤੀ ਵਿੱਚ ਰਾਜਨੀਤਕ, ਸਮਾਜਿਕ ਅਤੇ ਧਾਰਮਿਕ ਮਾਨਸਿਕਤਾ ਦੇ ਭਿੰਨ ਭਿੰਨ ਰੰਗ ਆਮ ਆਦਮੀ ਦਾ ਰੂਪ ਧਾਰ ਕੇ ਕੇਜਰੀਵਾਲ ਦੇ ਝਾੜੂ ਥੱਲੇ ਇਕੱਠੇ ਹੋ ਗਏ ਸਨ। ਇਹ ਚਮਤਕਾਰ ਹਿੰਦੁਸਤਾਨ ਦੇ ਇਤਿਹਾਸ ਵਿਚ ਪਹਿਲੀ ਵਾਰ ਵਾਪਰਿਆ ਹੈ। ਉਹ ਜਦੋਂ ਬੋਲਦਾ ਸੀ ਤਾਂ ਲੋਕਾਂ ਨੂੰ ਲੱਗਦਾ ਸੀ ਕਿ ਉਹ ਹਰ ਮੁਸ਼ਕਿਲ ਅੱਗੇ ਪਹਾੜ ਬਣ ਕੇ ਖਲੋ ਜਾਏਗਾ। ਇਹੋ ਜਿਹੇ ਵਿਅਕਤੀ ਵਿਰੁੱਧ ਮੁਕੱਦਮੇ ਤਾਂ ਹੋਣੇ ਹੀ ਸਨ ਕਿਉਂਕਿ ਸਿਆਸਤ ਦੀਆਂ ਸਭ ਧਿਰਾਂ ਅੰਦਰਖਾਤੇ ਉਸ ਦੇ ਵਿਰੁੱਧ ਹੋ ਗਈਆਂ ਸਨ। ਕੇਜਰੀਵਾਲ ਨੂੰ ਇਹ ਪਤਾ ਹੋਣਾ ਚਾਹੀਦਾ ਸੀ ਕਿ ਜਦੋਂ ਤੁਸੀਂ ਕਿਸ਼ਤੀ ਦੀ ਸਵਾਰੀ ਕਰ ਰਹੇ ਹੋ ਤਾਂ ਭਿੱਜਣ ਦਾ ਖਤਰਾ ਤਾਂ ਬਣਿਆ ਹੀ ਰਹੇਗਾ।

ਹੁਣ ਸਾਰੀ ਰਾਜਨੀਤਕ ਸੱਤਾ ਪਾਰਟੀ ਵਿਧਾਇਕਾਂ ਉਤੇ ਕੇਂਦਰਿਤ ਹੋ ਗਈ ਹੈ ਜਦਕਿ ਪਾਰਟੀ ਦੀ ਪੰਜਾਬ ਇਕਾਈ ਦਾ ਵਜੂਦ ਹੁੰਦਿਆਂ ਹੋਇਆਂ ਵੀ ਨਹੀਂ ਹੈ। ਜੇ ਪੰਜਾਬ ਦੀ ਰਾਜਨੀਤੀ ਨੂੰ ਮੌਜੂਦਾ ਹਕੀਕਤਾਂ ਨਾਲ ਮੇਲ ਕੇ ਦੇਖਿਆ ਜਾਏ ਤਾਂ ਸਾਲ ਪਹਿਲਾਂ ਸੱਤਾ ਵਿੱਚ ਆਈ ਕਾਂਗਰਸ ਪਾਰਟੀ ਲੋਕਾਂ ਦਾ ਭਰੋਸਾ ਗੁਆ ਚੁੱਕੀ ਹੈ। ਜਿਥੋਂ ਤੱਕ ਅਕਾਲੀ ਦਲ ਦਾ ਸਬੰਧ ਹੈ, ਅੰਦਰੋਂ ਲੋਕ ਅਜੇ ਵੀ ਅਕਾਲੀ ਦਲ ਵੱਲ ਉਸ ਤਰ੍ਹਾਂ ਮੁੜਨ ਦੇ ਰੌਂਅ ਵਿੱਚ ਨਹੀਂ ਹਨ, ਜਿਵੇਂ ਅਕਸਰ ਇੱਕ ਪਾਰਟੀ ਤੋਂ ਟੁੱਟ ਕੇ ਲੋਕ ਦੂਜੀ ਪਾਰਟੀ ਨਾਲ ਜੁੜਦੇ ਰਹੇ ਹਨ। ਫਿਲਹਾਲ ਪੰਜਾਬ ਦੀ ਰਾਜਨੀਤੀ ਵਿੱਚ ਵੱਡਾ ਖਲਾਅ ਹੈ ਅਤੇ ਮੈਦਾਨ ਇੱਕ ਤਰ੍ਹਾਂ ਨਾਲ ਖਾਲੀ ਪਿਆ ਹੈ। ਤਮਾਮ ਝਟਕਿਆਂ ਤੋਂ ਬਾਅਦ ਅਜੇ ਵੀ ਇਹ ਸੰਭਾਵਨਾ ਮੌਜੂਦ ਹੈ ਕਿ ਜੇ ਆਮ ਆਦਮੀ ਪਾਰਟੀ ਰਾਜਨੀਤਕ ਅਤੇ ਨੈਤਿਕ ਮੁਹਾਜ਼ ਉਤੇ ਇੱਕਮੁਠ ਹੋ ਕੇ ਪੰਜਾਬ ਦੇ ਲੋਕਾਂ ਦੀਆਂ ਭਾਵਨਾਵਾਂ ਉੱਤੇ ਖਰੀ ਉਤਰਦੀ ਹੈ ਤਾਂ ਇੱਕ ਵਾਰ ਮੁੜ ਇਹ ਪਾਰਟੀ ਪੰਜਾਬ ਦੀ ਰਾਜਨੀਤੀ ਦੇ ਇਸ ਖਲਾਅ ਨੂੰ ਭਰਨ ਦੀ ਤਾਕਤ ਹਾਸਲ ਕਰ ਸਕਦੀ ਹੈ।

# ਉਮਰ ਕੈਦ ਬਨਾਮ ਮਰਨ ਤੱਕ ਉਮਰ ਕੈਦ ਦੀ ਸਿਆਸਤ

**ਐਡਵੋਕੇਟ ਜਸਪਾਲ ਸਿੰਘ ਮੰਝਪੁਰ***

ਸੰਪਰਕ: +91-98554-01843

17 ਮਾਰਚ 2018 ਨੂੰ ਸੰਨ 1992 ਵਿਚ ਕੇਂਦਰ ਦੀ ਥਾਪੀ ਨਾਲ ਘੱਟਗਿਣਤੀ ਵੋਟਾਂ ਨਾਲ ਪੰਜਾਬ ਦੇ ਮੁੱਖ ਮੰਤਰੀ ਬਣੇ ਬੇਅੰਤ ਸਿੰਘ ਦੇ ਕਤਲ ਕੇਸ ਵਿਚ ਭਾਈ ਜਗਤਾਰ ਸਿੰਘ



ਤਾਰਾ ਜੀ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਅਤੇ ਇਸ ਉਮਰ ਕੈਦ ਨੂੰ ਤਾਅ ਉਮਰ ਦੀ ਉਮਰ ਕੈਦ ਜਾਂ ਮਰਨ ਤੱਕ ਦੀ ਉਮਰ ਕੈਦ ਦੇ ਲਕਬਾਂ ਨਾਲ ਨਿਵਾਜ਼ਿਆ ਗਿਆ ਅਤੇ ਬਹੁਤਿਆਂ ਵਲੋਂ ਇਹੀ ਪਰਚਾਰ ਕੀਤਾ ਜਾ ਰਿਹਾ ਹੈ ਕਿ ਭਾਈ ਤਾਰੇ ਨੂੰ ਰਹਿੰਦੀ ਜਿੰਦਗੀ ਤੱਕ ਹੁਣ ਜੇਲ੍ਹ ਵਿਚ ਹੀ ਰਹਿਣਾ ਪਵੇਗਾ। ਇਸ ਕੇਸ ਵਿਚ ਪਹਿਲਾਂ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਲੋਂ ਭਾਈ ਜਗਤਾਰ ਸਿੰਘ ਹਵਾਰਾ ਦੀ ਫਾਂਸੀ ਦੀ ਸਜ਼ਾ ਖਤਮ ਕਰਕੇ ਕੁਦਰਤੀ ਉਮਰ ਤੱਕ ਜੇਲ੍ਹ ਵਿਚ ਰੱਖਣ ਦੀ ਉਮਰ ਕੈਦ ਦੀ ਸਜ਼ਾ ਦਿੱਤੀ ਸੀ। ਜਿਕਰਯੋਗ ਹੈ ਕਿ ਅਜਿਹਾ ਕੋਈ ਪਹਿਲੀ ਵਾਰ ਨਹੀਂ ਹੋਇਆ ਕਿ ਕਿਸੇ ਨੂੰ ਸਾਰੀ ਉਮਰ ਦੀ ਉਮਰ ਕੈਦ ਦੀ ਸਜ਼ਾ ਦਾ ਜਿਕਰ ਅਦਾਲਤਾਂ ਨੇ ਕੀਤਾ ਹੋਵੇ। ਸਗੋਂ ਅਜਿਹੇ ਕਈ ਮਾਮਲੇ ਹਨ ਜਿੱਥੇ ਅਦਾਲਤਾਂ ਨੇ ਮੌਤ ਤੱਕ ਉਮਰ ਕੈਦ ਦੀ ਸਜ਼ਾ ਸੁਣਾਈ ਸੀ ਪਰ ਉਹ ਸਾਰੇ ਲੋਕ ਮਰਨ ਤੋਂ ਪਹਿਲਾਂ 14-20 ਆਦਿ ਸਾਲਾਂ ਬਾਅਦ ਰਿਹਾਅ ਹੋ ਗਏ। ਉਮਰ ਕੈਦ ਜਾਂ ਸਾਰੀ ਉਮਰ ਦੀ ਉਮਰ ਕੈਦ ਦਾ ਘਚੋਲਾ ਸਿਰਫ ਸਿਆਸਤ ਤੋਂ ਪਰੇਰਤ ਹੈ ਅਤੇ ਜੇਕਰ ਉਮਰ ਕੈਦ ਦਾ ਮਤਲਬ ਵਾਕਿਆ ਹੀ ਸਾਰੀ ਉਮਰ ਕੈਦ ਹੈ ਤਾਂ ਕਿਸੇ ਇਕ ਉਮਰ ਕੈਦੀ ਦਾ ਨਾਮ ਦੱਸੋਂ ਜੋ 1947 ਜਾਂ 1950 ਤੋਂ ਬਾਅਦ ਹੁਣ ਤੱਕ ਸਾਰੀ ਉਮਰ ਦੀ ਉਮਰ ਕੈਦ ਕੱਟ ਰਿਹਾ ਹੋਵੇ ਜਾਂ ਕੱਟੀ ਹੋਵੇ ? ਅਸਲ ਵਿਚ ਉਮਰ ਕੈਦੀ ਜਾਂ ਸਾਰੀ ਉਮਰ ਦੇ ਉਮਰ ਕੈਦੀ ਦੀ ਰਿਹਾਈ ਸਿੱਧੇ ਤੌਰ 'ਤੇ ਸਿਆਸੀ ਹੱਥਾਂ ਦੀ ਖੇਡ ਹੈ ਜਿਸਨੂੰ ਸਮਝਣਾ ਅਤੇ ਇਸ ਅਧੀਨ ਬੰਦੀਆਂ ਦੀ ਰਿਹਾਈ ਲਈ ਸੁਹਿਰਦ ਸਿਆਸੀ ਤੇ ਕੂਟਨੀਤਕ ਯਤਨਾਂ ਦੀ ਲੋੜ ਹੈ।

ਉਮਰ ਕੈਦ ਦੀ ਸਜ਼ਾ ਸਾਰੀ ਉਮਰ ਦੀ ਉਮਰ ਕੈਦ ਹੁੰਦੀ ਹੈ ਇਸ ਸਬੰਧੀ ਭਾਰਤੀ ਸੁਪਰੀਮ ਕੋਰਟ ਜਾਂ ਹੋਰ ਹਾਈ ਕੋਰਟਾਂ ਵਿਚ ਕਾਫੀ ਭਿੰਨ-ਭੇਦ ਰਿਹਾ ਹੈ ਅਤੇ ਦੋਹਾਂ ਹੀ ਪੱਖ ਦੀਆਂ ਕਈ ਜੱਜਮੈਂਟਾਂ (ਅਦਾਲਤੀ ਫੈਸਲੇ) ਮਿਲ ਜਾਂਦੀਆਂ ਹਨ। ਪਰ ਇੱਥੇ ਉਮਰ ਕੈਦ ਜਾਂ ਸਾਰੀ ਉਮਰ ਦੀ ਉਮਰ ਕੈਦ ਸਬੰਧੀ ਭੇਦ ਜਾਂ ਸਮਾਨਤਾ ਦੀ ਗੱਲ ਹੀ ਕਰਾਂਗੇ।

ਸਭ ਤੋਂ ਪਹਿਲਾਂ ਮੁੱਖ ਰੂਪ ਵਿਚ ਸਮਝਣ ਦੀ ਗੱਲ ਹੈ ਕਿ ਭਾਰਤੀ ਸੰਵਿਧਾਨ ਦੀ ਧਾਰਾ 72 ਅਤੇ 161 ਅਧੀਨ ਕ੍ਰਮਵਾਰ ਰਾਸ਼ਟਰਪਤੀ ਅਤੇ ਗਵਰਨਰਾਂ ਕੋਲ ਅਤੇ ਫੌਜਦਾਰੀ ਜਾਬਤੇ ਦੀਆਂ ਧਾਰਾਵਾਂ 432/433 ਅਧੀਨ ਕੇਂਦਰ ਤੇ ਪ੍ਰਾਂਤਕ ਸਰਕਾਰਾਂ ਕੋਲ ਅਸੀਮਤ ਤਾਕਤਾਂ ਹਨ ਜਿਹਨਾਂ ਰਾਹੀਂ ਕਿਸੇ ਵੀ ਕਿਸਮ ਦੇ ਕੈਦੀ, ਉਮਰ ਕੈਦੀ ਜਾਂ ਸਾਰੀ ਉਮਰ ਦੇ ਉਮਰ ਕੈਦੀ ਦੀ ਸਜ਼ਾ ਪੂਰੀ ਖਤਮ, ਕਟੌਤੀ ਜਾਂ ਮੁਆਫ ਕੀਤੀ ਜਾ ਸਕਦੀ ਹੈ ਅਤੇ ਇਹਨਾਂ ਤਾਕਤਾਂ ਵਿਚ ਕੋਈ ਵੀ ਅਦਾਲਤ, ਸੁਪਰੀਮ ਕੋਰਟ ਜਾਂ ਹਾਈ ਕੋਰਟਾਂ ਕੋਈ ਦਖਲ ਨਹੀਂ ਦੇ ਸਕਦੀਆਂ। ਭਾਵ ਕਿ ਕੈਦ ਦੀ ਸਜ਼ਾ ਖਤਮ ਕਰਨ ਲਈ ਸਿਆਸੀ ਇੱਛਾ ਸ਼ਕਤੀ ਹੀ ਕਾਫੀ ਹੈ ਜਾਂ ਕਹਿ ਸਕਦੇ ਹਾਂ ਕਿ ਸਿਆਸੀ ਦਬਾਅ ਨਾਲ ਕਿਸੇ ਕੈਦੀ ਨੂੰ ਵੀ ਛੱਡਿਆ ਜਾਂ ਛੁਡਾਇਆ ਜਾ ਸਕਦਾ ਹੈ।



ਭਾਈ ਜਗਤਾਰ ਸਿੰਘ ਤਾਰਾ ਨੂੰ ਉਮਰ ਕੈਦ ਦੇਣ ਵਾਲੀ ਅਦਾਲਤ ਵਲੋਂ ਦਿੱਤੇ ਫੈਸਲੇ ਨੂੰ ਵਾਚਣ ਤੋਂ ਪਤਾ ਲੱਗਦਾ ਹੈ ਕਿ ਇਹ ਫੈਸਲਾ ਆਪਾ ਵਿਰੋਧੀ ਹੈ, ਇਕ ਪਾਸੇ ਤਾਂ ਕਿਹਾ ਜਾ ਰਿਹਾ ਹੈ ਕਿ ਇਸ ਕਤਲ ਵਿਚ ਸਾਜ਼ਿਸ਼ ਦੀਆਂ ਦੋ ਕੈਟਾਗਰੀਆਂ ਹਨ, "ਏ" ਕੈਟਾਗਰੀ ਵਿਚ ਭਾਈ ਬਲਵੰਤ ਸਿੰਘ ਰਾਜੋਆਣਾ ਤੇ ਭਾਈ ਜਗਤਾਰ ਸਿੰਘ ਹਵਾਰਾ ਸ਼ਾਮਲ ਹਨ ਅਤੇ "ਬੀ" ਕੈਟਾਗਰੀ ਵਿਚ ਭਾਈ ਜਗਤਾਰ ਸਿੰਘ ਤਾਰਾ, ਭਾਈ ਲਖਵਿੰਦਰ ਸਿੰਘ, ਭਾਈ ਗੁਰਮੀਤ ਸਿੰਘ ਤੇ ਭਾਈ ਸਮਸ਼ੇਰ ਸਿੰਘ। ਪਰ ਦੂਜੇ ਪਾਸੇ ਭਾਈ ਜਗਤਾਰ ਸਿੰਘ ਤਾਰਾ ਨੂੰ ਉਮਰ ਕੈਦ ਭਾਈ ਜਗਤਾਰ ਸਿੰਘ ਹਵਾਰਾ ਦੇ ਨਾਲ ਦੀ ਸੁਣਾ ਦਿੱਤੀ ਗਈ ਜਦ ਕਿ ਭਾਈ ਜਗਤਾਰ ਸਿੰਘ ਤਾਰਾ ਦਾ ਕੇਸ ਭਾਈ ਜਗਤਾਰ ਸਿੰਘ ਹਵਾਰਾ ਤੇ ਭਾਈ ਬਲਵੰਤ ਸਿੰਘ ਰਾਜੋਆਣਾ ਵਰਗਾ ਨਹੀਂ ਸਗੋਂ ਭਾਈ ਲਖਵਿੰਦਰ ਸਿੰਘ, ਭਾਈ ਗੁਰਮੀਤ ਸਿੰਘ ਤੇ ਭਾਈ ਸਮਸ਼ੇਰ ਸਿੰਘ ਵਰਗਾ ਸੀ ਤਾਂ ਭਾਈ ਜਗਤਾਰ ਸਿੰਘ ਤਾਰੇ ਨੂੰ ਸਜ਼ਾ ਉਮਰ ਕੈਦ ਹੀ ਦੇਣੀ ਚਾਹੀਦੀ ਸੀ ਨਾ ਕਿ ਸਾਰੀ ਉਮਰ ਦੀ ਉਮਰ ਕੈਦ। ਜਿਕਰਯੋਗ ਹੈ ਕਿ ਭਾਈ ਜਗਤਾਰ ਸਿੰਘ ਹਵਾਰੇ ਦੀ ਫਾਂਸੀ ਦੀ ਸਜ਼ਾ ਨੂੰ ਸਾਰੀ ਉਮਰ ਦੀ ਉਮਰ ਕੈਦ ਵਿਚ ਤਬਦੀਲ ਕਰਦਿਆਂ ਹਾਈ ਕੋਰਟ ਨੇ ਕਿਹਾ ਕਿ ਭਾਵੇਂ ਕਿ ਭਾਈ ਜਗਤਾਰ ਸਿੰਘ ਹਵਾਰਾ ਸਾਜ਼ਿਸ ਦੀ "ਏ" ਕੈਟਾਗਰੀ ਵਿਚ ਸ਼ਾਮਲ ਸੀ ਪਰ ਕਿਉਂਕਿ ਉਹ ਮੌਕੇ ਪਰ ਹਾਜ਼ਰ ਨਹੀਂ ਸੀ ਇਸ ਲਈ ਇਸਨੂੰ ਦੁਰਲਭ ਤੋਂ ਦੁਰਲਭ ਕੇਸ ਨਹੀਂ ਕਿਹਾ ਜਾ ਸਕਦਾ। ਇਸ ਲਈ ਇਹ ਸਮਝਣਾ ਔਖਾ ਨਹੀਂ ਕਿ ਭਾਈ ਜਗਤਾਰ ਸਿੰਘ ਤਾਰੇ ਦਾ ਕੇਸ ਸਾਜ਼ਿਸ ਦੀ "ਬੀ" ਕੈਟਾਗਰੀ ਦਾ ਮੰਨਿਆ ਗਿਆ ਹੈ ਅਤੇ ਭਾਈ ਜਗਤਾਰ ਸਿੰਘ ਤਾਰੇ ਦੀ ਸਜ਼ਾ ਅਪੀਲ ਵਿਚ ਸਾਰੀ ਉਮਰ ਦੀ ਉਮਰ ਕੈਦ ਟੁੱਟ ਕੇ ਉਮਰ ਕੈਦ ਵਿਚ ਤਬਦੀਲ ਹੋ ਸਕਦੀ ਹੈ, ਭਾਵੇਂਕਿ ਉਮਰ ਕੈਦ ਅਤੇ ਸਾਰੀ ਉਮਰ ਦੀ ਉਮਰ ਕੈਦ ਵਿਚ ਕਾਨੂੰਨਨ ਜਾਂ ਸਿਆਸੀ ਤੌਰ 'ਤੇ ਕੋਈ ਭਿੰਨਤਾ ਨਹੀਂ ਪਰ ਭਾਈ ਜਗਤਾਰ ਸਿੰਘ ਤਾਰੇ ਨੂੰ ਜੇ ਕਰ ਸਾਰੀ ਉਮਰ ਦੀ ਉਮਰ ਕੈਦ ਦੀ ਥਾਂ ਉਮਰ ਕੈਦ ਸੁਣਾਈ ਜਾਂਦੀ ਤਾਂ ਉਹਨਾਂ ਨੂੰ ਭਾਈ ਲਖਵਿੰਦਰ ਸਿੰਘ, ਭਾਈ ਗੁਰਮੀਤ ਸਿੰਘ ਤੇ ਭਾਈ ਸਮਸ਼ੇਰ ਸਿੰਘ ਵਾਂਗ ਪੈਰੋਲ ਵੀ ਮਿਲ ਸਕਦੀ ਹੈ ਜੋ ਕਿ ਪੱਕੀ ਰਿਹਾਈ ਦਾ ਮਜਬੂਤ ਆਧਾਰ ਬਣ ਸਕਦਾ ਹੈ।

ਸਾਰੀ ਉਮਰ ਦੀ ਉਮਰ ਕੈਦ ਲਈ ਭਾਈ ਜਗਤਾਰ ਸਿੰਘ ਹਵਾਰਾ ਤੇ ਭਾਈ ਜਗਤਾਰ ਸਿੰਘ ਤਾਰਾ ਨੂੰ ਸਜ਼ਾ ਦੇਣ ਲਈ ਜੋ ਜੱਜਮੈਂਟ ਸਿੱਧੇ ਰੂਪ ਵਿਚ ਵਰਤੀ ਗਈ ਉਸਦਾ ਫੈਸਲਾ ਭਾਰਤੀ ਸੁਪਰੀਮ ਕੋਰਟ ਦੇ ਤੀਹਰੇ ਬੈਂਚ ਵਲੋਂ 22 ਜੁਲਾਈ 2008 ਨੂੰ ਸਵਾਮੀ ਸ਼ਰਧਾਨੰਦ ਉਰਫ ਮੁਰਲੀ ਮਨੋਹਰ ਜੋਸ਼ੀ ਦੇ ਕੇਸ ਵਿਚ ਕੀਤਾ ਗਿਆ ਸੀ ਜਿਸ ਵਿਚ ਸ਼ਰਧਾਨੰਦ ਦੀ ਫਾਂਸੀ ਦੀ ਸਜ਼ਾ ਤੋੜ ਕੇ ਸਾਰੀ ਉਮਰ ਦੀ ਉਮਰ ਕੈਦ ਵਿਚ ਤਬਦੀਲ ਕਰ ਦਿੱਤੀ ਗਈ ਸੀ। ਇਸ ਕੇਸ ਦਾ ਪਿਛੋਕੜ ਸੀ ਕਿ ਸ਼ਰਧਾਨੰਦ ਜੋ ਕਿ ਇਕ ਧਾਰਮਿਕ ਦੰਭੀ ਸੀ, ਨੇ ਕਰੋੜਾਂ ਦੀ ਜਾਇਦਾਦ ਦੀ ਮਾਲਕ ਇਕ ਤਲਾਕਸ਼ੁਦਾ ਮੁਸਲਮਾਨ ਔਰਤ ਨਾਲ ਵਿਆਹ ਕਰਵਾਇਆ ਅਤੇ ਉਸਨੂੰ ਐਨਾ ਜਿਆਦਾ ਵਿਸ਼ਵਾਸ ਵਿਚ ਲਿਆ ਕਿ ਮਈ 1991 ਵਿਚ ਇਕ ਦਿਨ ਸ਼ਰਧਾਨੰਦ ਨੇ ਆਪਣੀ ਪਤਨੀ ਨੂੰ ਡੂੰਘੀ ਨੀਂਦ ਵਿਚ ਹੁੰਦਿਆਂ ਇਕ ਬਕਸੇ ਵਿਚ ਬੰਦ ਕਰ ਦਿੱਤਾ ਅਤੇ ਉਸ ਬਕਸੇ ਨੂੰ ਘਰ ਵਿਚ ਇਕ ਟੋਆ ਪੁੱਟ ਕੇ ਉਸ ਵਿਚ ਦੱਬ ਦਿੱਤਾ। ਇਸ ਕਤਲ ਬਾਰੇ ਖੁਲਾਸਾ ਮਾਰਚ 1994 ਵਿਚ ਹੋਇਆ ਅਤੇ ਸ਼ਰਧਾਨੰਦ ਨੂੰ ਪਹਿਲਾਂ ਫਾਂਸੀ ਦੀ ਸਜ਼ਾ ਹੋਈ ਤੇ ਬਾਅਦ ਵਿਚ ਫਾਂਸੀ ਦੀ ਸਜ਼ਾ ਨੂੰ ਸਾਰੀ ਉਮਰ ਦੀ ਉਮਰ ਕੈਦ ਵਿਚ ਤਬਦੀਲ ਕਰ ਦਿੱਤਾ ਗਿਆ। ਜਿਕਰਯੋਗ ਹੈ ਕਿ ਸ਼ਰਧਾਨੰਦ ਦਾ ਕੇਸ ਸਿੱਧੇ ਕਤਲ ਦਾ ਕੇਸ ਹੈ ਪਰ ਭਾਈ ਜਗਤਾਰ ਸਿੰਘ ਹਵਾਰੇ ਤੇ ਭਾਈ ਜਗਤਾਰ ਸਿੰਘ ਤਾਰੇ ਦਾ ਕੇਸ ਸਿੱਧੇ ਕਤਲ ਦਾ ਨਾ ਹੋ ਕੇ ਕਤਲ ਦੀ ਸਾਜ਼ਿਸ਼ ਦਾ ਹੈ।

ਸਾਰੀ ਉਮਰ ਦੀ ਉਮਰ ਕੈਦ ਲਈ ਜੋ ਦੂਸਰੀ ਮੁੱਖ ਜਜਮੈਂਟ ਵਰਤੀ ਜਾਂਦੀ ਹੈ ਉਸਦਾ ਫੈਸਲਾ ਭਾਰਤੀ ਸੁਪਰੀਮ ਕੋਰਟ ਦੇ ਦੋਹਰੇ ਬੈਂਚ ਨੇ 16 ਸਤੰਬਰ 2005 ਨੂੰ ਮੁਹੰਮਦ ਮੁੰਨਾ ਦੇ ਕੇਸ ਵਿਚ ਕੀਤਾ ਸੀ ਜੋ ਕਿ ਸਿੱਧੇ ਕਤਲ ਕੇਸ ਵਿਚ ਉਮਰ ਕੈਦ ਦੀ ਸਜ਼ਾ ਭੁਗਤ ਰਿਹਾ ਸੀ। ਸੁਪਰੀਮ ਕੋਰਟ ਨੇ ਕਿਹਾ ਕਿ ਇਸ ਕੇਸ ਵਿਚ ਵੀ ਕਿਹਾ ਕਿ ਉਮਰ ਕੈਦ ਦਾ ਮਤਲਬ ਰਹਿੰਦੀ ਸਾਰੀ ਕੁਦਰਤੀ ਜਿੰਦਗੀ ਦੀ ਕੈਦ ਹੈ ਅਤੇ ਸਰਕਾਰ ਛੋਟ ਅਤੇ ਰਿਹਾਈ ਦੇ ਸਕਦੀ ਹੈ।

ਜੇ ਸਾਰੀ ਉਮਰ ਦੀ ਉਮਰ ਕੈਦ ਦੇ ਪਿਛੋਕੜ ਵਿਚ ਝਾਤ ਮਾਰੀਏ ਤਾਂ ਭਾਰਤੀ ਸੁਪਰੀਮ ਕੋਰਟ ਵਲੋਂ ਦਿੱਤੇ ਗਏ ਫੈਸਲਿਆਂ ਵਿਚ ਮਹਾਤਮਾ ਗਾਂਧੀ ਦੇ ਕਤਲ ਕੇਸ ਦੀ ਸਾਜ਼ਿਸ਼ ਵਿਚ ਸ਼ਾਮਲ ਨੱਥੂ ਰਾਮ ਗੋਂਡਸੇ ਦੇ ਭਰਾ ਗੋਪਾਲ ਵਿਨਾਇਕ ਗੋਂਡਸੇ ਦੇ ਕੇਸ ਨੂੰ ਵਾਚਣਾ ਜਰੂਰੀ ਹੈ ਜੋ ਕਿ ਸਾਰੀ ਉਮਰ ਦੀ ਉਮਰ ਕੈਦ ਦੀ ਸਜ਼ਾ ਦੇਣ ਦਾ ਆਧਾਰ ਹੈ ਅਤੇ ਭਾਈ ਜਗਤਾਰ ਸਿੰਘ ਹਵਾਰਾ ਤੇ ਭਾਈ ਜਗਤਾਰ

**ਬਾਕੀ ਸਫ਼ਾ 32 'ਤੇ**

ਅਮੈਰਕਿਨ ਗੁਰਦੁਆਰਾ ਪ੍ਰਬੰਧਕ ਕਮੇਟੀ (ਏ ਜੀ ਪੀ ਸੀ)

'ਸਿੱਖ ਪੰਥ ਵਿਚ ਬੀਬੀਆਂ ਦਾ ਯੋਗਦਾਨ' ਵਿਸ਼ੇ ਉੱਤੇ ਸੈਮੀਨਾਰ

ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਗੁਰਦੁਆਰਾ ਸਿੰਘ ਸਭਾ ਮਿਲਪੀਟਸ (680 East Calaveras, Blvd. Milpitas, CA- 95035) ਵਿਖੇ 31 ਮਾਰਚ, 2018 ਦਿਨ ਸ਼ਨਿੱਚਰਵਾਰ ਨੂੰ ਬਾਅਦ ਦੁਪਹਿਰ 3:30 ਵਜੇ ਤੋਂ ਲੈ ਕੇ ਸ਼ਾਮ 5:30 ਵਜੇ ਤੱਕ ਵਿਸ਼ਾ 'ਸਿੱਖ ਪੰਥ ਵਿਚ ਬੀਬੀਆਂ ਦਾ ਯੋਗਦਾਨ' ਉੱਤੇ ਸੈਮੀਨਾਰ ਕਰਵਾਇਆ ਜਾ ਰਿਹਾ ਹੈ।



ਡਾ. ਹਰਸ਼ਿੰਦਰ ਕੌਰ, ਪਟਿਆਲਾ



ਡਾ. ਅਮਰਜੀਤ ਸਿੰਘ ਵਾਸ਼ਿੰਗਟਨ ਡੀ.ਸੀ.

ਮੁੱਖ ਬੁਲਾਰੇ

ਡਾ. ਹਰਸ਼ਿੰਦਰ ਕੌਰ ਪਟਿਆਲਾ

ਵਿਸ਼ਾ : 'ਸਿੱਖ ਧਰਮ ਦੇ ਆਰੰਭ ਤੋਂ ਹੁਣ ਤੱਕ ਸਿੱਖ ਬੀਬੀਆਂ ਦਾ ਯੋਗਦਾਨ'।

ਡਾ. ਅਮਰਜੀਤ ਸਿੰਘ ਵਾਸ਼ਿੰਗਟਨ ਡੀ.ਸੀ.

ਵਿਸ਼ਾ : 'ਪਿਛਲੇ ਸਮਿਆਂ ਦੇ ਸਿੱਖ ਸੰਘਰਸ਼ ਦੌਰਾਨ ਸਿੱਖ ਬੀਬੀਆਂ ਵਲੋਂ ਪਾਇਆ ਗਿਆ ਯੋਗਦਾਨ'

ਹੋਰ ਜਾਣਕਾਰੀ ਲਈ ਸੰਪਰਕ ਕਰੋ:

ਭਾਈ ਜਸਵੰਤ ਸਿੰਘ ਹੋਠੀ

ਪ੍ਰਧਾਨ ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ

ਫੋਨ ਨੰਬਰ : (408) 898-7056

ਜਾਰੀ ਕਰਤਾ: ਅਮੈਰਕਿਨ ਗੁਰਦੁਆਰਾ ਪ੍ਰਬੰਧਕ ਕਮੇਟੀ



PANNU'S
LEGAL SERVICES

G.S. Pannu
(Immigration Consultant, LDA)

ivisapass@gmail.com • FAX 510.279.7624

510.677.5200

IMMIGRATION
★ PETITIONS ★ VISAS ★ POLITICAL ASYLUM
★ GREEN CARDS ★ CITIZENSHIP ★ AFFIDAVIT OF SUPPORT

STUDENT VISA (EDUCATE YOUR CHILDREN IN USA)

DIVORCE
★ CHILD SUPPORT ★ CHILD VISITATION ★ CHILD CUSTODY ★ MODIFICATION

PANNU'S
PASSPORT & VISA SERVICES
indiavisa123@gmail.com • FAX 510.279.7624



M.K. Pannu
(Owner)

VISA IN ONE DAY




Indian Passport | India Visa in 1 Day | OCI | US Passport

Power of Attorney & Other Services

510.677.8440

40757, Grimmer Blvd. FREMONT CA-94538

3810 Eau Claire Ave, Ceres, MODESTO/CERES CA-95307

220 Bush St/Montgomery St, #445 SAN FRANCISCO (OPPOSITE INDIA VISA CENTER)

Serving Around the World Community Since 1994
We Specialize to Asia, Europe, Middle East, Africa, Australia & etc.

Special fares to :
SFO TO DEL
LAX TO DEL




Special fares to
Amritsar & Delhi

ਦੋ ਜਾਂ ਦੋ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫ਼ਤ ਦਿੱਤੀ ਜਾਵੇਗੀ।

Cst No. : 2054876-40

Book on line 24/7 : www.skywaytkt.com
Or Call (818) 762-9236
15549 Devonshire St., Ste. 206 Mission Hills, CA 91345

CHAAT BHAVAN RESTAURANT

CHAAT BHAVAN®
Best Name for Indian Vegetarian Food

DINE IN • TAKE OUT • CATERING • DELIVERY



ਵਿਆਹ ਸ਼ਾਦੀ,
ਬਰਥ ਡੇ ਪਾਰਟੀ,
ਐਨੀਵਰਸਰੀ ਜਾਂ ਹੋਰ
ਕਿਸੇ ਵੀ ਕਿਸਮ ਦੀ
ਕੇਟਰਿੰਗ ਲਈ ਸਦਾ
ਸਾਨੂੰ ਯਾਦ ਰੱਖੋ।

FOR CATERING INQUIRIES:
408.472.0229

Catering
FULL SERVICE CATERING
FOR YOUR SPECIAL EVENT
from 50 to upto 10,000 guests.
Setup a Tasting Appointment Today!

5355 MOWRY AVENUE • FREMONT
510.795.1100

976 E. EL CAMINO REAL • SUNNYVALE
408.795.1100

4112 GRAFTON ST • DUBLIN
925.829.1700

WWW.CHAATBHAVAN.COM

## ਗਦਰੀ ਬਾਬਿਆਂ ਦੇ ਮਹਾਨ ਇਤਿਹਾਸਕ ਸਥਾਨ

# ਗੁਰਦੁਆਰਾ ਸਾਹਿਬ ਸਟਾਕਟਨ (ਕੈਲੀਫੋਰਨੀਆ)

**1930 South Grant Street, Stockton CA 95206 (A Historical Land Mark of CA)**



## ਖ਼ਾਲਸਾ ਪੰਥ ਦੇ 320ਵੇਂ ਸਾਜਨਾ ਦਿਵਸ ਮੌਕੇ

# 20ਵੇਂ ਮਹਾਨ ਨਗਰ ਕੀਰਤਨ

## ਦੀਆਂ ਸੰਗਤਾਂ ਨੂੰ ਲੱਖ ਲੱਖ ਵਧਾਈਆਂ

ਗੁਰੂ ਪਿਆਰੀ ਸਾਧ ਸੰਗਤ ਜੀਓ ! ਸਨਿਮਰ ਬੇਨਤੀ ਹੈ ਕਿ 15 ਅਪ੍ਰੈਲ 2018 ਦਿਨ ਐਤਵਾਰ ਨੂੰ ਗਦਰੀ ਬਾਬਿਆਂ ਦੇ ਇਤਿਹਾਸਕ ਅਸਥਾਨ ਗੁਰੂ ਘਰ ਸਟਾਕਟਨ ਦੀਆਂ ਸਮੂਹ ਸੰਗਤਾਂ ਵਲੋਂ ਮਹਾਨ ਨਗਰ ਕੀਰਤਨ ਖ਼ਾਲਸੇ ਦਾ 320ਵਾਂ ਸਾਜਨਾ ਦਿਵਸ 'ਵਿਸਾਖੀ' ਪੁਰਬ ਮਨਾਇਆ ਜਾਵੇਗਾ। ਐਤਵਾਰ 12:00 ਵਜੇ ਦੁਪਹਿਰ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਤਰ ਛਾਇਆ ਹੇਠ ਪੰਜਾਂ ਪਿਆਰਿਆਂ ਦੀ ਅਗਵਾਈ ਵਿਚ ਨਗਰ ਕੀਰਤਨ ਆਰੰਭ ਹੋਵੇਗਾ ਅਤੇ 4 ਘੰਟੇ ਦੀ ਨਗਰ ਯਾਤਰਾ ਪਿਛੋਂ ਵਾਪਿਸ ਗੁਰੂ ਘਰ ਪਰਤੇਗਾ। ਸਮੂਹ ਇਲਾਕਾ ਨਿਵਾਸੀ ਅਤੇ ਦੇਸ-ਪ੍ਰਦੇਸ ਦੀਆਂ ਸੰਗਤਾਂ, ਧਾਰਮਿਕ ਸੰਸਥਾਵਾਂ ਅਤੇ ਸਮੂਹ ਗੁਰੂ ਘਰਾਂ ਦੀਆਂ ਪ੍ਰਬੰਧਕ ਕਮੇਟੀਆਂ ਨੂੰ ਸਨਿਮਰ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸ਼ਾਨਦਾਰ ਅਤੇ ਮਹਾਨ ਅਵਸਰ 'ਤੇ ਫਲੋਟਾਂ ਸਮੇਤ ਪਹੁੰਚ ਕੇ ਨਗਰ ਕੀਰਤਨ ਦੀਆਂ ਰੌਣਕਾਂ ਵਧਾਓ ਅਤੇ ਕਲਗੀਧਰ ਪਾਤਸ਼ਾਹ, ਅੰਮ੍ਰਿਤ ਦੇ ਦਾਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

### ਪ੍ਰੋਗਰਾਮ

- ਅਖੰਡ ਪਾਠ ਸਾਹਿਬ ਦੀ ਲੜੀ ਆਰੰਭ ਹੋ ਚੁੱਕੀ ਹੈ। ਇਸ ਦੀ ਸੇਵਾ ਜਾਂ ਜਾਣਕਾਰੀ ਲਈ ਗੁਰੂ ਘਰ ਦੇ ਫੋਨ ਨੰਬਰ: 209-625-7500 ਜਾਂ ਹੈੱਡ ਗ੍ਰੰਥੀ ਭਾਈ ਗੁਰਸੇਵਕ ਸਿੰਘ ਨੰ: 408-389-9640, 209-564-8899 'ਤੇ ਸੰਪਰਕ ਕਰ ਸਕਦੇ ਹੋ।
- ਖ਼ਾਲਸਾ ਸਾਜਨਾ ਦਿਵਸ ਦੇ ਸਬੰਧ ਵਿੱਚ ਗੁਰਦੁਆਰਾ ਸਾਹਿਬ ਵਿਖੇ 1 ਅਪ੍ਰੈਲ ਤੋਂ 15 ਅਪ੍ਰੈਲ 2018 ਤੱਕ ਰੋਜ਼ਾਨਾ ਸ਼ਾਮ 5:30 ਵਜੇ ਤੋਂ ਰਾਤ ਤੱਕ ਕੀਰਤਨ ਦਰਬਾਰ ਹੋਇਆ ਕਰੇਗਾ।
- ਕਵਿਸ਼ਰੀ ਜਥਾ ਭਾਈ ਮਹਿਲ ਸਿੰਘ ਜੀ, ਕਥਾਵਾਚਕ ਭਾਈ ਪਰਮਜੀਤ ਸਿੰਘ ਜੀ ਖ਼ਾਲਸਾ, ਸ੍ਰੀ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਜਥਾ ਭਾਈ ਕਰਨੈਲ ਸਿੰਘ ਜੀ ਰਣੀਕੇ ਅਤੇ ਕੀਰਤਨੀ ਜਥਾ ਭਾਈ ਜਗਮੋਹਣ ਸਿੰਘ ਜੀ ਹਜ਼ੂਰੀ ਰਾਗੀ ਜਥਾ ਗੁਰਦੁਆਰਾ ਸਾਹਿਬ ਸਟਾਕਟਨ ਹਾਜ਼ਰੀਆਂ ਭਰਨਗੇ।
- 15 ਅਪ੍ਰੈਲ ਨੂੰ ਨਗਰ ਕੀਰਤਨ ਵਾਲੇ ਦਿਨ ਸੰਗਤਾਂ ਦੀਆਂ ਗੱਡੀਆਂ ਦੀ ਪਾਰਕਿੰਗ ਦਾ ਪ੍ਰਬੰਧ Exit I-5 at Charter Way to Fairgrounds 1658 S. Airport way Stockton CA ਵਿਖੇ ਕੀਤਾ ਗਿਆ ਹੈ। ਉਥੋਂ ਸੰਗਤਾਂ ਦੇ ਗੁਰਦੁਆਰਾ ਸਾਹਿਬ ਪਹੁੰਚਣ ਲਈ ਬੱਸਾਂ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਹੈ।
- ਨਿਸ਼ਾਨ ਸਾਹਿਬ ਦੇ ਚੋਲੇ ਦੀ ਸੇਵਾ 14 ਅਪ੍ਰੈਲ ਦਿਨ ਸ਼ਨੀਵਾਰ ਨੂੰ ਸਵੇਰੇ 9:00 ਵਜੇ ਕੀਤੀ ਜਾਵੇਗੀ। ਹੋਰ ਜਾਣਕਾਰੀ ਲਈ ਜਨਰਲ ਸੈਕਟਰੀ ਭਾਈ ਦਵਿੰਦਰ ਸਿੰਘ ਜੀ 209-564-8899 ਅਤੇ ਇਸ਼ਤਿਹਾਰ ਅਤੇ ਸਪਾਂਸਰਸ਼ਿਪ ਲਈ ਅਮਰਦੀਪ ਸਿੰਘ ਸਭਰਵਾਲ 209-518-1585 'ਤੇ ਸੰਪਰਕ ਕਰੋ।



ਭਾਈ ਪਰਮਜੀਤ ਸਿੰਘ



ਗੁਰੂਘਰ ਸਟਾਕਟਨ ਦਾ ਹਜ਼ੂਰੀ ਰਾਗੀ ਜਥਾ



ਕਵੀਸ਼ਰੀ ਭਾਈ ਮਹਿਲ ਸਿੰਘ ਅਤੇ ਸਾਥੀ



ਭਾਈ ਕਰਨੈਲ ਸਿੰਘ ਰਣੀਕੇ

### ਨਗਰ ਕੀਰਤਨ 'ਚ ਸਟਾਲ ਲਗਾਉਣ ਲਈ ਸੰਪਰਕ ਕਰੋ

ਬੀਬੀ ਸਰਬਜੀਤ ਕੌਰ : 209-430-9415
ਭਾਈ ਰਾਮ ਸਿੰਘ ਮੰਡੇਰ : 209-395-6552
ਭਾਈ ਜਸਵਿੰਦਰ ਸਿੰਘ ਤੂਰ : 209-470-6881

### ਨਗਰ ਕੀਰਤਨ 'ਚ ਫਲੋਟ ਲਗਾਉਣ ਲਈ ਸੰਪਰਕ ਕਰੋ

ਭਾਈ ਬਲਵਿੰਦਰ ਸਿੰਘ ਮਿੱਠੂ : 209-456-3210
ਭਾਈ ਪਰਮਪ੍ਰੀਤ ਸਿੰਘ ਨਿੱਝਰ : 510-377-5320
ਭਾਈ ਮਨਜੀਤ ਸਿੰਘ ਮੁਕੇਰੀਆਂ : 209-992-1122

**Free Parking is avialable at Fairgrounds 1658 S. Airport way. Stockton. Free Bus Shuttle service will be available to and from Fairground Parking to Gurdwara Sahib. Please do not park at No parking or vehicle will be towed at owners expense.**

ਅੰਮ੍ਰਿਤ ਸੰਚਾਰ: 14 ਅਪ੍ਰੈਲ 2018 ਦਿਨ ਸ਼ਨਿੱਚਰਵਾਰ ਗੁਰਦੁਆਰਾ ਸਾਹਿਬ ਸਟਾਕਟਨ

**Dastar Diwas will be on 14th April 2018**

## ਜਾਰੀ ਕਰਤਾ : ਗੁਰਦੁਆਰਾ ਸਾਹਿਬ ਸਟਾਕਟਨ ਅਤੇ ਸਾਧ ਸੰਗਤ

President Bhai Jaswinder Singh 209-993-1788
Vice Presideent Bhai Paul Singh 209-470-6943
Secretary Bhai Davinder Singh 209-564-8899
Assistant Secretary Bhai Lakhvir Singh 209-915-8156
Treasurer Bhai Harmohinder Singh 408-449-9261
Assistant Treasurer Bhai Mohan Singh 209-570-6022

Sponsored by:

**WHITE HAWK TRUCKING INC** 2101 MARTIN LUTHER KING JR WAY STOCKTON, CA 95205

**Phone: (209) 242-9569, (209) 564-8899, (209) 345-6968**



Raja SWEETS & CATERING
AUTHORIZED CATERER FOR MAJOR 5-STAR HOTELS

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Follow us on:

Toll Free 1-866-FOR-RAJA
www.rajasweets.com
msbains@rajasweets.com

Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

**Raja Sweets & Indian Cuisine**
31853 Alvarado Blvd. Union City CA 94587
Ph. (510) 489-9100 Fax (510) 489-9111

**Raja Indian Cuisine & Bar**
1275 W Winton Ave. Hayward CA 94545
Ph. (510) 264-9300 Fax (510) 264-9345

**Call Makhan Bains or Ravinder Singh For Your Next Party**

## 1-866-FOR-RAJA (367-7252)
## www.RajaSweets.com

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders




ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ 200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

# PARADISE BALLROOMS

4100 Peralta Blvd. Fremont, CA 94536

## (510) 900-6319

info@paradiseballrooms.com www.paradiseballrooms.com

## SERVICES INCLUDE

- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING table cloth, napkins, chairs etc.

## NOW OPEN IN MODESTO/CERES

# PANNU'S
## LEGAL SERVICES (Regd. & Bonded)



G.S. Pannu
Immigration Consultant-LDA

## 510.677.5200

**IMMIGRATION** ivisapass@gmail.com

- Family Petitions (Husband, Wife, Brother, Sister, Mother, Father, Son, Daughter)
- Green Card
- Citizenship
- Affidavit of Support
- Political Asylum
- Visas From India
  - Tourist • Business • H1B
  - Student • Relegious
  - ... & related matters

Family Petitions **FREE**

**DIVORCE**
- Petitions
- Child Support
- Child Visitation
- Child Custody
- Modification
- ...& related matters

LISTEN & SPONSOR
ਰੇਡੀਓ ਗੱਲ ਪੰਜਾਬ ਦੀ ਯੂਐਸਏ
RADIO GAL PUNJAB DI USA
Download on the App Store
ANDROID APP ON Google Play
Live on Facebook
Video on YouTube
www.radiogalpunjabdiusa.com

POWER OF ATTORNEY
CREDIT REPAIR/CLEAR
SMALL CLAIM COURT CASES
...& help in legal documents preparation

**FREMONT**
40757 GRIMMER BLVD, CA 94538

**MODESTO/CERES**
3810 EAU CLAIRE AVE, CA 95307

# SINGH TRANSPORT INC



ਔਕਲੈਂਡ ਪੋਰਟ, ਲਾਸ ਏਂਜਲਸ ਪੋਰਟ ਅਤੇ ਲੌਂਗ ਬੀਚ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਅਤੇ ਓਨਰ ਆਪ੍ਰੇਟਰਾਂ ਦੀ ਲੋੜ ਹੈ।

STUDENT DRIVER WELCOM
ਅਸੀਂ ਲਾਇਸੰਸ ਲੈਣ ਲਈ ਤੁਹਾਡੇ ਸਕੂਲ ਦਾ ਖਰਚਾ ਵੀ ਦਿੰਦੇ ਹਾਂ।

ਫਰਿਜ਼ਨੋ ਵੈਲੀ ਏਰੀਏ ਵਿਚੋਂ ਡਰਾਈਵਰਾਂ ਦੀ ਸਖ਼ਤ ਲੋੜ

- ਡ੍ਰਾਈ ਵੈਨ ਡਰਾਈਵਰਾਂ ਦੀ ਲੋੜ
- ਵਰਕ ਪਰਮਿਟ ਹੋਲਡਰ ਨਵੇਂ ਡਰਾਈਵਰਾਂ ਦਾ ਸਵਾਗਤ
- ਨਵੇਂ ਲਾਇਸੰਸ ਡਰਾਈਵਰਾਂ ਦਾ ਸਵਾਗਤ
- ਟ੍ਰੇਨਿੰਗ ਉਪਲਬੱਧ
- Double Endorsement ਵਾਲੇ ਡਰਾਈਵਰਾਂ ਦੀ ਲੋੜ ਹੈ।
- LA ਤੋਂ Bay Area-Sacramento-LA ਵਾਸਤੇ Hook Drop ਲੋਡ ਚੁੱਕੋ।
- ਅਸੀਂ ਡਰਾਈਵਰਾਂ ਨੂੰ 55 Cent ਤੱਕ per mile ਦਿੰਦੇ ਹਾਂ।
- ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰ ਕੇ ਮਹੀਨੇ ਦਾ ਡਾਲਰ $6000 ਕਮਾਓ।
- ਕੰਮ ਕਰਨ ਲਈ ਵਧੀਆ ਅਤੇ ਆਰਾਮਦਾਇਕ ਮਾਹੌਲ।
- ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।
- ਅਸੀਂ ਬੋਨਸ ਵੀ ਦਿੰਦੇ ਹਾਂ।
- ਰੋਜ਼ਾਨਾ ਸ਼ਾਮ ਨੂੰ ਘਰ ਜਾਓ।

ਟਰੱਕ ਰਿਪੇਅਰ ਮਕੈਨਿਕ ਦੀ ਲੋੜ

ਸੰਪਰਕ:
ਸਤਨਾਮ ਸਿੰਘ ਖਹਿਰਾ (510) 543-3778, ਜਗਤਾਰ ਸਿੰਘ (510) 918-2439, (510) 943-9578

# ਸੰਗਤ ਨੂੰ ਅਪੀਲ

## ਸਿੱਖ ਰਿਲੀਜੀਅਸ ਸੋਸਾਇਟੀ ਸ਼ਿਕਾਗੋ, ਪੈਲਾਟਾਈਨ ਗੁਰਦੁਆਰਾ ਸਾਹਿਬ ਦੇ ਪ੍ਰਬੰਧਕੀ ਬੋਰਡ ਦੀਆਂ 1 ਅਪ੍ਰੈਲ, 2018 ਨੂੰ ਹੋਣ ਵਾਲੀਆਂ ਚੋਣਾਂ ਵਿਚ ਤੁਹਾਡੇ ਵੋਟ ਅਤੇ ਸਹਿਯੋਗ ਦੀ ਮੰਗ ਕਰਦੇ ਹਾਂ ਤਾਂ ਜੋ ਹੇਠ ਲਿਖੇ ਕਾਰਜਾਂ ਅਤੇ ਲੋੜੀਂਦੇ ਸੁਧਾਰਾਂ ਨੂੰ ਨੇਪਰੇ ਚਾੜ੍ਹਿਆ ਜਾ ਸਕੇ

**We seek your vote and support on April 1st, 2018 to serve on the board of Sikh Religious Society Chicago, Palatine Gurdwara Sahib to achieve below mentioned goals and to execute much needed reforms.**

- ਵਿਸ਼ਵ ਪ੍ਰਸਿੱਧ ਰਾਗੀ, ਢਾਡੀ ਜਥੇ ਅਤੇ ਕਥਾਵਾਚਕ ਬੁਲਾਉਣੇ
  Invite renowned Raagi/Dhaadhi Jathas & Kathavaachaks
- ਬੱਚਿਆਂ ਅਤੇ ਨੌਜਵਾਨਾਂ ਨੂੰ ਸਿੱਖ ਵਿਰਸੇ ਨਾਲ ਜੋੜਨਾ
  Connect our kids and youth with Sikh values
- ਲੋੜਵੰਦਾਂ ਦੀ ਸੇਵਾ ਲਈ ਮੈਡੀਕਲ ਕਲੀਨਿਕ ਦਾ ਵਿਸਥਾਰ
  Expansion of medical clinic to serve the needy
- ਮੈਂਬਰਸ਼ਿਪ ਨੂੰ ਕਿਵੇਂ ਆਸਾਨ ਬਣਾਉਣਾ
  Easier Membership Renewal
- ਲਾਇਬਰੇਰੀ 'ਚ ਵਿਦਿਅਕ ਅਤੇ ਅਧਿਆਤਮਕ ਗਿਆਨ ਨੂੰ ਪ੍ਰਫੁੱਲਤ ਕਰਨ ਲਈ ਪ੍ਰੋਗਰਾਮ ਉਲੀਕਣੇ
  Enhance library programs to promote learning & spiritual knowledge
- ਬਜ਼ੁਰਗਾਂ ਦੇ ਸਤਿਕਾਰ ਤੇ ਤਾਲਮੇਲ ਲਈ ਪ੍ਰੋਗਰਾਮ ਬਣਾਉਣੇ
  Programs for Respect and Strong Relationship with Seniors
- ਸ੍ਰੀ ਗੁਰੂ ਗ੍ਰੰਥ ਸਾਹਿਬ ਬਿਰਧ ਸਰੂਪ ਸੇਵਾ ਕੇਂਦਰ ਸਥਾਪਤ ਕਰਨਾ
  Establish Shri Guru Granth Sahib Birdh Saroop Sewa Center
- ਬੋਰਡ ਦੇ ਕੰਮਕਾਜ ਵਿਚ ਪੂਰਨ ਪਾਰਦਰਸ਼ਿਤਾ ਲਿਆਉਣਾ
  Bring total Transparency in Board Work

### ਚੋਣ ਲੜ ਰਹੇ ਉਮੀਦਵਾਰ



ਗੁਰਪ੍ਰੀਤ ਸਿੰਘ #10
847-845-2025



ਕੰਵਰ ਹਰਿੰਦਰ ਸਿੰਘ #12
847-571-8193



ਸ਼ਿਵਇੰਦਰਜੀਤ (ਦਾਰਾ) ਸਿੰਘ #15
630-670-2819

**ਦਾਸਰਿਆਂ ਨੂੰ ਆਪਣਾ ਕੀਮਤੀ ਵੋਟ ਦੇ ਕੇ ਸੇਵਾ ਦਾ ਮੌਕਾ ਦਿਓ ਜੀ**

ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ

ਪੰਜਾਬੀ ਢਾਬਾ

Now Open

Indiana

1480 N State Road 1, Cambridge City, IN 47327. 70 Exit 137

Diesel/Gas

ਟਰੱਕਾਂ ਵਾਲੇ ਭਰਾਵਾਂ ਲਈ ਖੁੱਲ੍ਹ ਗਿਆ



ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...

ਕੀਮਤਾਂ ਬਹੁਤ ਹੀ ਵਾਜਬ !

ਸਹੂਲਤਾਂ
- ਪੰਜਾਬੀ ਢਾਬਾ
- ਸਸਤਾ ਡੀਜ਼ਲ
- Liquor, Beer & Wine
- truck repair, new showers, scale.



Free Buffet over 100 gallons

open 6am to midnight

Phone: 765-478-6300

ਉੱਘੇ ਸਿੱਖ ਵਿਦਵਾਨ ਭਾਈ ਅਜਮੇਰ ਸਿੰਘ ਦੀਆਂ ਬੇਹੱਦ ਪੜ੍ਹਣ ਯੋਗ ਪੁਸਤਕਾਂ

ਹੁਣ ਅਮਰੀਕਾ ਵਿੱਚ ਘਰ ਬੈਠੇ ਪ੍ਰਾਪਤ ਕਰ ਸਕਦੇ ਹੋ:




ਕੀਮਤ ਇੱਕ ਪੁਸਤਕ : 20 ਡਾਲਰ (ਡਾਕ ਖਰਚੇ ਸਮੇਤ)
ਸਾਰੀਆਂ ਪੁਸਤਕਾਂ ਦਾ ਸੈੱਟ : 100 ਡਾਲਰ (ਡਾਕ ਖਰਚੇ ਸਮੇਤ)

ਹੋਰ ਜਾਣਕਾਰੀ ਸੰਪਰਕ ਕਰੋ :
ਤਜਿੰਦਰ ਸਿੰਘ 916-529-7877
ਜਸਜੀਤ ਸਿੰਘ ਫੋਨ :510 875 3279

ਜ਼ਿੰਦਗੀ ਨੂੰ ਸੁਹਾਵਣੀ ਬਣਾਓ
'ਦ ਕੰਪਨੀ ਯੂ ਕੀਪ'
ਦੇ ਨਾਲ !

NEW YORK LIFE
www.newyorklife.com

1845 ਤੋਂ ਅਸੀਂ ਲੋਕਾਂ ਨੂੰ ਉਨ੍ਹਾਂ ਦੇ ਔਖੇ ਸਮਿਆਂ 'ਚ ਮਨ ਦੀ ਸ਼ਾਂਤੀ ਲਿਆਉਣ ਦੇ ਸਮਰੱਥ ਰਹੇ ਹਾਂ। ਅਸੀਂ ਏਸ਼ੀਆ-ਭਾਰਤੀ ਕੌਮ ਦੀ ਸੇਵਾ ਕਰਦੇ ਮਾਣ ਮਹਿਸੂਸ ਕਰਦੇ ਹਾਂ ਅਤੇ ਜ਼ਿੰਦਗੀ ਦੇ ਹਰ ਪਹਿਲੂ 'ਤੇ ਤੁਹਾਡਾ ਸਾਥ ਨਿਭਾਉਣ ਦਾ ਵਾਅਦਾ ਕਰਦੇ ਹਾਂ।



Open Enrollment for Healthcare Starts November 1, 2017 to January 31, 2018.



COVERED CALIFORNIA

ਸਿਮਰਨ ਕੌਰ ਅਟਵਾਲ
ਏਜੰਟ
ਲਾਇਸੰਸ # OE17073

ਨਿਊ ਯਾਰਕ ਇੰਸ਼ੋਰੈਂਸ ਕੰਪਨੀ
3255 ਵੈਸਟ ਮਾਰਚ ਲੇਨ, # 300 ਸਟਾਕਟਨ, ਕੈਲੀਫੋਰਨੀਆ 95219
ਫੋਨ : 209-955-2418, 209-993-7978
skatwal@ft.newyorklife.com

ਆਪਣੇ ਪਰਿਵਾਰ ਦੀ ਸੁਰੱਖਿਆ ਯਕੀਨੀ ਬਣਾਉਣ ਲਈ
ਹੁਣੇ ਆਪਣੇ ਸਥਾਨਕ ਏਜੰਟ ਨਾਲ ਸੰਪਰਕ ਕਰੋ !!

ਗੁਰਬਾਣੀ
24 ਘੰਟੇ ਸੁਣਨ ਲਈ
Dial 832.551.5029 Ext. 4
www.GurbaniRadio.org

ਪੰਜਾਬੀ ਗਾਣੇ
24 ਘੰਟੇ ਸੁਣਨ ਲਈ
Dial 832.551.5029 Ext. 3
www.NonStopPunjabi.com

ਪੰਜਾਬੀ ਰੇਡੀਓ ਯੂਐਸਏ
Punjabi RADIO USA
Uniting Punjabi's All Over
www.PunjabiRadioUSA.com
408-272-5200

DIAL TO LISTEN:
US: 832-551-5029 | 605-475-6868 | 712-432-5838 (METRO PCS)
UK: +44 203-519-0455
GERMANY: +511 80-90-40-41

NEW PROGRAM: TODAY IN SIKH HISTORY | ਅੱਜ ਦਾ ਦਿਨ ਸਿੱਖ ਇਤਿਹਾਸ ਵਿੱਚ DAILY | ਰੋਜ਼ਾਨਾ 9AM | 12PM

KHALSA
INSURANCE AGENCY, INC.
Khalsa Insurance Agency is among TOP 50 agencies

2014 ACE INDIVIDUAL
KHALSA INSURANCE AGENCY

» GUARANTEED COVERAGE
» NO ANNUAL LIMITS, NO DENIAL FOR PRE-EXISTING CONDITIONS
» RATES NOT BASED ON HEALTH STATUS
» AFFORDABLE COVERAGE – PUBLIC OR PRIVATE
» REQUIRED FOR INDIVIDUALS

COVERED CALIFORNIA

Call Now for the
Lowest Health Insurance
Premiums available
Some Households
qualify for
FREE HEALTHCARE

OBAMACARE
COVERED CALIFORNIA
AFFORDABLE CARE ACT
California Health Benefit Exchange

408-272-2500

Please Contact Harjot S Khalsa (Certified Covered CA Agent) | License # 0B03546 | 3750 McKee Rd. # A, San Jose, CA 95127
Tel. 408-272-2500 | coveredca@khalsainsurance.com


JUS DO IT!
Subscribe to the JUS pack today
subscribe now
JUS Pack
has it all!
jus punjabi
JUS one
JUS 24x7
9x TASHAN
4 channels for only $14.99 on dish | sling
Call 1-888-246-6242 to Subscribe
and get a worth $150
Promotion code: JUS
*only for new customers limited time
for advertisement & more information call: +1-718-752-9290
www.jusbroadcasting.com


TRANS-ALLIANCE
TOGETHER WE SAVE
SAVE UPTO 24¢
PER GALLON ON DIESEL
TRANS-ALLIANCE
KHALSA FUEL CARD
1243 6756 7698 3421
TRANS EXPRESS
FUEL CARD
Our Over The Road (OTR) Fuel Card replaces cash and credit cards for fuel and maintenance - with low transaction fees - at over 6,600 truck stops across the country. We offer line of credit - $10,000 to $100,000.
FACTORING
Fleet One introduces aggressive factoring program for Trans-Alliance members. We can beat any price to get your piece of business.
ਪੰਜਾਬੀ ਵਿਚ ਜਾਣਕਾਰੀ ਲਈ 1.855.641.6955
888.795.7035
sales@trans-alliance.com
www.trans-alliance.com
PETRO Stopping Centers
TA TravelCenters of America
Loves Travel Stops & Country Stores

# ਜਗਮੀਤ ਸਿੰਘ ਦੀ ਰਾਜਸੀ ਭੂਮਿਕਾ ਤੋਂ ਭਾਰਤ ਸਰਕਾਰ ਡਰੀ

## ਕੈਨੇਡਾ ਦੇ ਸਿੱਖ ਨੌਜਵਾਨਾਂ ਨੇ ਸ਼ੋਸ਼ਲ ਮੀਡੀਏ ਰਾਹੀਂ ਵਿਰੋਧੀਆਂ ਵਿਰੁੱਧ ਸੰਭਾਲਿਆ ਮੋਰਚਾ, ਜਗਮੀਤ ਰਾਜਨੀਤਕ ਹੀਰੋ ਵਜੋਂ ਉਭਰਿਆ

### ਭਾਰਤ ਦੇ ਭਵਿੱਖ ਦਾ ਫ਼ੈਸਲਾ ਕਰਨਾ ਮੇਰੀ ਜ਼ਿੰਮੇਵਾਰੀ ਨਹੀਂ, ਕਿਉਂਕਿ ਮੈਂ ਭਾਰਤੀ ਰਾਜਨੀਤੀਵਾਨ ਨਹੀਂ ਹਾਂ : ਜਗਮੀਤ ਸਿੰਘ

ਟੋਰਾਂਟੋ/ਬਿਊਰੋ ਨਿਊਜ਼: ਕੈਨੇਡਾ ਵਿਚ ਨਿਊ ਡੈਮੋਕਰੈਟਿਕ ਪਾਰਟੀ (ਐਨ.ਡੀ.ਪੀ.) ਦੇ ਨੌਜਵਾਨ ਸਿੱਖ ਆਗੂ ਜਗਮੀਤ ਸਿੰਘ ਦੀ ਉਭਰ ਰਹੀ ਰਾਜਸੀ ਭੂਮਿਕਾ ਤੋਂ ਭਾਰਤ ਸਰਕਾਰ ਘਬਰਾਉਣ ਲੱਗੀ ਹੈ ਤੇ ਉਸ ਦੀ ਭੂਮਿਕਾ ਨੂੰ ਸ਼ੱਕੀ ਬਣਾਉਣ ਦੇ ਲਈ ਮੋਦੀ ਸਰਕਾਰ ਨੇ ਚਾਣਕੀਆ ਨੀਤੀ ਵਰਤਣੀ ਸ਼ੁਰੂ ਕਰ ਦਿੱਤੀ ਹੈ ਤੇ ਉਸ ਦੀ ਮਦਦ 'ਤੇ ਕੈਨੇਡਾ ਦਾ ਨਸਲੀ ਮੀਡੀਆ ਵੀ ਪੱਖ ਖਿਲਾਰ ਰਿਹਾ ਹੈ। ਇਥੋਂ ਤੱਕ ਕਿ ਕੈਨੇਡਾ ਵਿਚ ਰਾਜਸੀ ਪੱਧਰ 'ਤੇ ਸਿੱਖਾਂ ਦੇ ਵਧ ਰਹੇ ਪ੍ਰਤਾਪ ਨੂੰ ਭਾਰਤੀ ਸੱਤਾਧਾਰੀ ਲੀਡਰ ਹਜ਼ਮ ਨਹੀਂ ਕਰ ਪਾ ਰਹੇ। ਵੱਖਵਾਦ ਤੇ ਭਾਰਤ ਦੀ ਅਖੰਡਤਾ ਦਾ ਵਿਰੋਧੀ ਦਰਸਾਉਣ ਵਾਲੀਆਂ ਰਿਪੋਰਟਾਂ ਇਨ੍ਹੀਂ ਦਿਨੀਂ ਕੈਨੇਡਾ ਦੇ ਨਸਲੀ ਮੀਡੀਆ ਵਿਚ ਚਰਚਿਤ ਹਨ ਤੇ ਜਗਮੀਤ ਸਿੰਘ ਉਨ੍ਹਾਂ ਦੇ ਨਿਸ਼ਾਨੇ 'ਤੇ ਹੈ। ਜਗਮੀਤ ਸਿੰਘ ਇਸ ਨਸਲੀ ਮੀਡੀਏ ਦੀ ਪ੍ਰਵਾਹ ਨਾ ਕਰਦਾ ਹੋਇਆ ਆਪਣੀ ਬਿਆਨਬਾਜ਼ੀ ਬੜੀ ਸੂਝਬੂਝ ਨਾਲ ਕਰ ਰਿਹਾ ਹੈ।

ਸਾਲ 2015 ਵਿਚ ਸਾਨ ਫਰਾਂਸਿਸਕੋ (ਕੈਲੇਫੋਰਨੀਆ) ਅਤੇ 2016 ਵਿਚ ਲੰਡਨ (ਇੰਗਲੈਂਡ) ਵਿਚ ਖ਼ਾਲਿਸਤਾਨ ਪੱਖੀ ਸਿੰਘਾਂ (ਨੈਸ਼ਨਲ ਸਿੱਖ ਯੂਥ ਫੈਡਰੇਸ਼ਨ) ਨਾਲ ਸਟੇਜਾਂ ਸਾਂਝੀਆ ਕਰਨ ਦਾ ਮੁੱਦਾ ਚਰਚਾ ਵਿਚ ਆਉਣ ਤੋਂ ਬਾਅਦ ਬੀਤੇ ਆਪਣੇ ਬਿਆਨ ਵਿਚ ਜਗਮੀਤ ਸਿੰਘ ਨੇ ਕਿਹਾ ਕਿ ਉਹ ਦੁਨੀਆ ਦੇ ਹਰੇਕ ਹਿੱਸੇ ਵਿਚ ਅੱਤਵਾਦ ਦੀ ਨਿੰਦਾ ਕਰਦੇ ਹਨ ਤੇ ਕਿਸੇ ਜਥੇਬੰਦੀ ਵਲੋਂ ਆਪਣੇ ਮਨੋਰਥ ਦੀ ਪ੍ਰਾਪਤੀ ਲਈ ਹਿੰਸਕ ਤਰੀਕੇ ਅਪਣਾਉਣ ਦੇ ਵਿਰੁੱਧ ਹਨ, ਕਿਉਂਕਿ ਹਿੰਸਾ ਨਾਲ ਮੌਤਾਂ ਤੇ ਦੁੱਖ ਹੰਢਾਉਣੇ ਪੈਂਦੇ ਹਨ। ਉਨ੍ਹਾਂ ਕਿਹਾ ਕਿ ਉਹ ਮਨੁੱਖੀ ਅਧਿਕਾਰਾਂ ਦੇ ਮੁਦੱਈ ਹਨ ਅਤੇ ਪਿਆਰ ਤੇ ਹੌਸਲੇ ਨਾਲ ਅੱਗੇ ਵਧਣ ਵਿਚ ਵਿਸ਼ਵਾਸ ਰੱਖਦੇ ਹਨ। ਉਨ੍ਹਾਂ ਕਿਹਾ ਕਿ ਭਾਰਤ ਦੇ ਭਵਿੱਖ ਦਾ ਫ਼ੈਸਲਾ ਕਰਨਾ ਮੇਰੀ ਜ਼ਿੰਮੇਵਾਰੀ ਨਹੀਂ, ਕਿਉਂਕਿ ਮੈਂ ਭਾਰਤੀ ਰਾਜਨੀਤੀਵਾਨ ਨਹੀਂ ਹਾਂ। ਕੈਨੇਡੀਅਨ ਮੀਡੀਆ ਰਿਪੋਰਟ ਅਨੁਸਾਰ ਨਿਊ ਡੈਮੋਕਰੈਟਿਕ ਪਾਰਟੀ ਦੇ ਆਗੂ ਜਗਮੀਤ ਸਿੰਘ ਨੇ ਸਾਂ ਫਰਾਸਿਸਕੋ ਵਿੱਚ 2015 ਵਿੱਚ ਇਕ ਰੈਲੀ ਵਿੱਚ ਭਾਸ਼ਣ ਦੌਰਾਨ ਖਾਲਿਸਤਾਨ ਪੱਖੀਆਂ ਦੀ ਹਮਾਇਤ ਕੀਤੀ ਸੀ। ਇਸ ਵੇਲੇ ਮੰਚ 'ਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਵੱਡੇ ਵੱਡੇ ਪੋਸਟਰ ਲੱਗੇ ਹੋਏ ਸਨ। ਜਗਮੀਤ ਸਿੰਘ ਨੇ ਆਪਣਾ ਭਾਸ਼ਣ ਪੰਜਾਬੀ ਵਿੱਚ ਦਿੱਤਾ ਸੀ ਤੇ ਦਰਬਾਰ ਸਾਹਿਬ 'ਤੇ ਹੋਏ ਹਮਲੇ ਸਬੰਧੀ ਭਾਰਤ ਸਰਕਾਰ ਦੀ ਨਿੰਦਾ ਕੀਤੀ ਸੀ। ਜਗਮੀਤ ਵੱਲੋਂ ਮਨੁੱਖੀ ਅਧਿਕਾਰਾਂ ਦੇ ਮੱਸਲੇ 'ਤੇ ਹਰਿਮੰਦਰ ਸਾਹਿਬ 'ਤੇ ਫ਼ੌਜੀ ਹਮਲਾ ਤੇ ਨਵੰਬਰ 84 ਦੌਰਾਨ ਸਿੱਖ ਕਤਲੇਆਮ ਬਾਰੇ ਸਟੈਂਡ ਭਾਰਤ ਸਰਕਾਰ ਨੂੰ ਚੁੱਭ ਰਹੇ ਹਨ। ਇਹੀ ਕਾਰਨ ਹੈ ਕਿ ਜਗਮੀਤ ਸਿੰਘ ਭਾਰਤ ਸਰਕਾਰ ਦੇ ਨਿਸ਼ਾਨੇ 'ਤੇ ਹੈ ਤੇ ਉਹ ਨਹੀਂ ਚਾਹੁੰਦੀ ਕਿ ਜਗਮੀਤ ਕਿਸੇ ਤਰ੍ਹਾਂ ਕੈਨੇਡਾ ਦੀ ਸਿਆਸਤ ਵਿਚ ਹਾਵੀ ਹੋ ਸਕੇ। ਕੈਨੇਡਾ ਦੇ ਪੰਥਕ ਹਲਕੇ ਆਖ ਰਹੇ ਹਨ ਕਿ ਭਾਰਤ ਸਰਕਾਰ ਕੈਨੇਡਾ ਦੇ ਮੀਡੀਏ 'ਤੇ ਪੈਸਾ ਖਰਚ ਕੇ ਜਗਮੀਤ ਸਿੰਘ ਵਿਰੁੱਧ ਝੂਠਾ ਪ੍ਰਚਾਰ ਕਰਵਾ ਰਹੀ ਹੈ।

ਜਗਮੀਤ ਸਿੰਘ ਦਾ ਕਹਿਣਾ ਹੈ ਕਿ ਮਨੁੱਖੀ ਅਧਿਕਾਰਾਂ ਦੇ ਮੁੱਦਿਆਂ ਨੂੰ ਅੱਤਵਾਦ ਨਾਲ ਜੋੜਨਾ ਸਿਆਣਪ ਨਹੀਂ ਹੈ। ਉਹ ਅੱਤਵਾਦ ਦੇ ਵਿਰੁੱਧ ਹਨ, ਪਰ ਘੱਟ ਗਿਣਤੀਆਂ 'ਤੇ ਹੋ ਰਹੇ ਹਮਲਿਆਂ ਵਿਰੁੱਧ ਉਹ ਆਵਾਜ਼ ਉਠਾਉਂਦੇ ਰਿਹਣਗੇ। ਇਹ ਉਨ੍ਹਾਂ ਦਾ ਅਧਿਕਾਰ ਹੈ। ਸੂਤਰਾਂ ਅਨੁਸਾਰ 2016 ਵਿੱਚ ਹੋਏ ਸਰਵੇ ਅਨੁਸਾਰ



### ਕੌਣ ਹੈ ਜਗਮੀਤ ਸਿੰਘ

38 ਸਾਲਾ ਐਡਵੋਕੇਟ ਜਗਮੀਤ ਸਿੰਘ ਨੇ ਕੁਝ ਚਿਰ ਪਹਿਲਾਂ ਇਤਿਹਾਸ ਰਚ ਦਿੱਤਾ ਸੀ, ਕਿਉਂਕਿ ਉਹ ਕੈਨੇਡਾ ਦੀ ਨਿਊ ਡੈਮੋਕਰੇਟਿਕ ਪਾਰਟੀ ਦਾ ਪ੍ਰੈਜ਼ੀਡੈਂਟ ਚੁਣਿਆ ਗਿਆ ਹੈ। ਜਗਮੀਤ ਨੇ ਅਸਾਨੀ ਨਾਲ 50 ਫ਼ੀਸਦੀ ਤੋਂ ਵੱਧ ਵੋਟਾਂ ਹਾਸਲ ਕੀਤੀਆਂ। ਜਗਮੀਤ ਇਸ ਕੈਨੇਡਾ ਦੀ ਪ੍ਰਮੁੱਖ ਰਾਜਨੀਤਕ ਪਾਰਟੀ ਦੀ ਅਗਵਾਈ ਕਰਨ ਵਾਲੇ ਪਹਿਲੇ ਸਿਖ ਤੇ ਏਸ਼ੀਅਨ ਰਾਜਨੇਤਾ ਹਨ। ਉਨ੍ਹਾਂ ਨੂੰ ਪੰਥ ਦਾ ਉਭਰ ਰਿਹਾ ਕੌਮਾਂਤਰੀ ਸਿਤਾਰਾ ਕਿਹਾ ਜਾ ਸਕਦਾ ਹੈ। ਯਾਦ ਰਹੇ ਕਿ ਐਨਡੀਪੀ ਦੇ ਨੇਤਾ ਦੀ ਚੋਣ ਲਈ ਚਾਰ ਉਮੀਦਵਾਰ ਸਨ। ਜਗਮੀਤ ਸਿੰਘ ਨੂੰ 35,266 ਵੋਟਾਂ ਮਿਲੀਆਂ ਸਨ, ਜਦੋਂ ਕਿ ਬਾਕੀ ਤਿੰਨ ਉਮੀਦਵਾਰ - ਚਾਰਲੀ ਐਂਗਸ, ਨਿੱਕੀ ਐਸ਼ਟਨ ਅਤੇ ਗਾਇ ਕੈਰਨ ਸਾਂਝੇ ਤੌਰ 'ਤੇ 30 ਹਜ਼ਾਰ ਵੋਟਾਂ ਵੀ ਨਾ ਲੈ ਸਕੇ। ਜਗਮੀਤ ਤੇ ਉਸ ਦੇ ਸਭ ਤੋਂ ਕਰੀਬੀ ਵਿਰੋਧੀ ਚਾਰਲੀ ਐਂਗਸ ਦਰਮਿਆਨ 23 ਹਜ਼ਾਰ ਤੋਂ ਵਧ ਵੋਟਾਂ ਦਾ ਅੰਤਰ ਰਿਹਾ। ਓਂਟਾਰੀਓ ਸੂਬਾਈ ਅਸੈਂਬਲੀ ਦੇ ਬਰੈਂਪਟਨ ਹਲਕੇ ਤੋਂ ਵਿਧਾਨਕਾਰ ਜਗਮੀਤ ਸਿੰਘ ਹੁਣ 2019 ਦੀਆਂ ਕੌਮੀ ਸੰਸਦੀ ਚੋਣਾਂ ਵਿਚ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਲਿਬਰਲ ਪਾਰਟੀ ਦੇ ਖ਼ਿਲਾਫ਼ ਐਨਡੀਪੀ ਦੀ ਚੋਣ ਮੁਹਿੰਮ ਦੀ ਅਗਵਾਈ ਕਰਨਗੇ।

ਜਗਮੀਤ ਸਿੰਘ ਪਿੰਡ ਠੀਕਰੀਵਾਲ ਬਰਨਾਲਾ ਭਾਰਤ ਦੀ ਅਜ਼ਾਦੀ ਦੌਰਾਨ ਚਲਣ ਵਾਲੀਆਂ ਲਹਿਰਾਂ ਵਿਚੋਂ ਇਕ ਪਰਜਾ ਮੰਡਲ ਲਹਿਰ ਦੇ ਪ੍ਰਮੁੱਖ ਆਗੂ ਸਰਦਾਰ ਸੇਵਾ ਸਿੰਘ ਠੀਕਰੀਵਾਲਾ ਦੇ ਪੜਪੋਤੇ ਹਨ। ਸੇਵਾ ਸਿੰਘ ਠੀਕਰੀਵਾਲਾ ਨੇ ਪਟਿਆਲਾ ਰਿਆਸਤ ਅਤੇ ਅੰਗਰੇਜ਼ ਹਕੂਮਤ ਖਿਲਾਫ਼ ਲੜਾਈ ਲੜੀ ਸੀ। ਉਹ ਭਾਰਤ ਦੇ ਇਤਿਹਾਸ ਵਿਚ ਸਭ ਤੋਂ ਲੰਮਾ ਮਰਨ ਵਰਤ ਰੱਖ ਕੇ ਜਾਨ ਵਾਰਨ ਵਾਲੇ ਆਗੂ ਸਨ। ਜਗਮੀਤ ਸਿੰਘ ਦਾ ਜਨਮ ਸਕੈਰਬਰੋ ਓਂਟਾਰੀਓ ਵਿਚ ਹੋਇਆ। 2 ਜਨਵਰੀ 1979 ਵਿਚ ਓਂਟਾਰੀਓ ਦੇ ਸਕਾਰਬੋਰੋ ਵਿਚ ਪੈਦਾ ਹੋਏ ਉਸ ਦੇ ਮਾਤਾ-ਪਿਤਾ ਪੰਜਾਬ ਤੋਂ ਇੱਥੇ ਆਏ ਸਨ। ਜਗਮੀਤ ਸਿੰਘ ਦੇ ਪਿਤਾ ਡਾਕਟਰ ਹਨ। ਕੈਨੇਡਾ ਦਾ ਜੰਮਪਲ ਹੋਣ ਅਤੇ ਅੰਗਰੇਜ਼ੀ ਤੇ ਫਰਾਂਸੀਸੀ ਵਿਚ ਉਸ ਦੀ ਮੁਹਾਰਤ ਨੇ ਵੀ ਜਗਮੀਤ ਸਿੰਘ ਦੀ ਜਿੱਤ ਦਾ ਰਾਹ ਸੁਖਾਵਾਂ ਬਣਾਉਣ ਵਿਚ ਭੂਮਿਕਾ ਨਿਭਾਈ। ਜਗਮੀਤ ਨੇ ਸਾਲ 2001 ਵਿਚ ਯੂਨੀਵਰਸਿਟੀ ਆਫ ਵੈਸਟਰਨ ਓਂਟਾਰੀਓ ਤੋਂ ਜੀਵ ਵਿਗਿਆਨ ਵਿਚ ਬੀਏ ਕੀਤੀ ਤੇ 2005 ਵਿਚ ਯਾਰਕ ਯੂਨੀਵਰਸਿਟੀ ਦੇ ਓਸਗੁਡ ਹਾਲ ਲਾਅ ਸਕੂਲ ਤੋਂ ਕਾਨੂੰਨ ਦੀ ਡਿਗਰੀ ਵੀ ਹਾਸਲ ਕੀਤੀ। ਸਿਆਸਤ ਵਿਚ ਆਉਣ ਤੋਂ ਪਹਿਲਾਂ ਉਹ ਗ੍ਰੇਟਰ ਟੋਰਾਂਟੋ ਵਿਚ ਵਕੀਲ ਦੇ ਤੌਰ 'ਤੇ ਕੰਮ ਕਰਦੇ ਸਨ। ਉਨ੍ਹਾਂ ਨੇ ਭਾਰਤ ਵਿਚ ਸਿਖ ਵਿਰੋਧੀ ਕਤਲੇਆਮ, ਕੈਨੇਡਾ ਵਿਚ ਟਿਊਸ਼ਨ ਫੀਸ ਵਿਰੋਧੀ ਲਹਿਰ ਅਤੇ ਜੰਗ ਵਿਰੋਧੀ ਮੋਰਚੇ ਲਾਏ। ਉਹ ਦੁਨੀਆਂ ਭਰ ਵਿਚ ਅਮਨ ਸ਼ਾਂਤੀ ਦੇ ਮੁਦੱਈ ਹਨ। ਉਨ੍ਹਾਂ ਦੀ ਇਸੇ ਸੋਚ ਅਤੇ ਸੰਘਰਸ਼ ਕਾਰਨ ਮਨੁੱਖੀ ਅਧਿਕਾਰ ਸੰਗਠਨਾਂ ਨੇ ਉਨ੍ਹਾਂ ਨੂੰ ਸਿਆਸਤ ਵਿਚ ਆਉਣ ਲਈ ਪ੍ਰੇਰਿਤ ਕੀਤਾ। ਯਾਦ ਰਹੇ ਕਿ ਕੈਨੇਡਾ ਦੀ ਜਨਸੰਖਿਆ ਵਿਚ ਸਿਖਾਂ ਦੀ ਹਿੱਸੇਦਾਰੀ ਲੱਗਪਗ 1.4 ਫ਼ੀਸਦੀ ਹੈ।

ਕੈਨੇਡਾ ਵਿੱਚ ਇਸ ਵੇਲੇ ਸਿੱਖਾਂ ਦੀ ਗਿਣਤੀ 5 ਲੱਖ ਹੈ ਜੋ ਕਿ ਕੈਨੇਡਾ ਦੀ ਅਬਾਦੀ ਦਾ 1.4 ਫੀਸਦੀ ਬਣਦਾ ਹੈ, ਜੋ ਚੋਣਾਂ ਵਿੱਚ ਅਹਿਮ ਭੂਮਿਕਾ ਨਿਭਾਵੇਗਾ।

**ਨਸਲਵਾਦ ਦਾ ਸ਼ਿਕਾਰ ਰਹੇ ਜਗਮੀਤ ਸਿੰਘ**

ਜਗਮੀਤ ਸਿੰਘ ਬਚਪਨ ਵਿਚ ਜਦੋਂ ਸਕੂਲ ਜਾਂਦੇ ਸਨ ਤਾਂ ਉਨ੍ਹਾਂ ਨਾਲ ਪੜ੍ਹਨ ਵਾਲੇ ਬੱਚੇ ਉਨ੍ਹਾਂ ਦੀ ਭੂਰੀ ਚਮੜੀ ਕਾਰਨ ਉਨ੍ਹਾਂ ਨੂੰ ਪ੍ਰੇਸ਼ਾਨ ਕਰਦੇ ਸਨ। ਉਹ ਉਸ ਨੂੰ ਪੁੱਛਦੇ ਸਨ, "ਤੇਰੀ ਚਮੜੀ ਭੂਰੀ ਕਿਉਂ ਹੈ? ਕੀ ਤੂੰ ਨਹਾਉਂਦਾ ਨਹੀਂ ਹੈਂ, ਤੂੰ ਆਪਣੇ ਵਾਲ ਕਿਉਂ ਨਹੀਂ ਕੱਟਦਾ?" ਜਗਮੀਤ ਸਿੰਘ ਖੁਦ ਦੱਸਦੇ ਹਨ ਕਿ ਉਹ ਕਈ ਵਾਰ ਤਾਂ ਬੱਚਿਆਂ ਨਾਲ ਲੜ ਪੈਂਦਾ ਸੀ। ਆਪਣੇ ਅਤੇ ਦੂਜੇ ਲੋਕਾਂ ਨਾਲ ਹੋਣ ਵਾਲੀ ਇਸ ਬੇ-ਇਨਸਾਫੀ ਨੇ ਉਸ ਦੀ ਸੋਚ ਨੂੰ ਇਕ ਕਾਰਕੁੰਨ ਦਾ ਰੂਪ ਦੇ ਦਿੱਤਾ ਅਤੇ ਉਹ ਆਪਣੇ ਭਾਈਚਾਰੇ ਅਤੇ ਦੂਜੇ ਲੋਕਾਂ ਦੇ ਹਿੱਤਾਂ ਲਈ ਜੂਝਣ ਲੱਗ ਪਿਆ।

**ਏਅਰ ਇੰਡੀਆ ਕਾਂਡ ਤੇ ਜਗਮੀਤ ਸਿੰਘ**

ਕੈਨੇਡਾ ਦੀ ਵਿਰੋਧੀ ਪਾਰਟੀ ਐਨਡੀਪੀ ਦੇ ਕੌਮੀ ਨੇਤਾ ਬਣੇ ਜਗਮੀਤ ਸਿੰਘ ਨੂੰ ਮੀਡੀਆ ਦੇ ਇਕ ਵਰਗ ਵਲੋਂ 'ਏਅਰ ਇੰਡੀਆ ਕਾਂਡ' ਵਿਚ ਘੜੀਸੇ ਜਾਣ ਤੋਂ ਕੈਨੇਡਾ ਦੇ ਲੋਕ, ਗੋਰੇ, ਪੰਜਾਬੀ, ਏਸ਼ੀਅਨ ਸਭ ਖ਼ਫ਼ਾ ਹਨ। ਕੈਨੇਡਾ ਦੇ ਇਕ ਚੈਨਲ 'ਸੀਬੀਸੀ' ਉਤੇ ਟੈਰੀ ਮਲਿਸਕੀ ਨੇ ਜਗਮੀਤ ਸਿੰਘ ਨਾਲ ਗੱਲਬਾਤ ਕਰਦਿਆਂ ਏਅਰ ਇੰਡੀਆ ਕਾਂਡ ਨਾਲ ਜੁੜੇ ਤਲਵਿੰਦਰ ਸਿੰਘ ਪਰਮਾਰ ਬਾਰੇ ਵਾਰ ਵਾਰ ਸਵਾਲ ਕਰਨ ਦਾ ਮਾਮਲਾ ਸੋਸ਼ਲ ਮੀਡੀਆ 'ਤੇ ਭੱਖਿਆ ਹੋਇਆ ਹੈ। ਟੈਰੀ ਨੇ ਜਗਮੀਤ ਸਿੰਘ ਨੂੰ ਪੁੱਛਿਆ ਕਿ ਤਲਵਿੰਦਰ ਸਿੰਘ 'ਪਰਮਾਰ' ਨੂੰ ਸ਼ਹੀਦ ਕਰਾਰ ਦਿੱਤੇ ਜਾਣ ਨੂੰ ਉਹ ਸਹੀ ਮੰਨਦਾ ਹੈ ਜਾਂ ਗਲਤ? ਟੈਰੀ ਵਾਰ ਵਾਰ 'ਹਾਂ ਜਾਂ ਨਾਂਹ' ਆਖਣ ਲਈ ਜ਼ੋਰ ਪਾਉਂਦਾ ਰਿਹਾ ਪਰ ਜਗਮੀਤ ਸਿੰਘ ਨੇ ਕਿਹਾ ਕਿ ਉਹ ਮਨੁੱਖਤਾ ਦੇ ਘਾਣ ਦੀ ਹਰ ਅਜਿਹੀ ਘਟਨਾ ਦੀ ਨਿਖੇਧੀ ਕਰਦਾ ਹੈ। ਇਸ ਕਾਂਡ ਵਿਚ ਦੋਸ਼ੀਆਂ ਦੀ ਨਿਸ਼ਾਨਦੇਹੀ ਤੇ ਸਜ਼ਾਵਾਂ ਬਾਕੀ ਹਨ। ਵੈਸੇ ਨਸਲਵਾਦੀ ਗੋਰਿਆਂ, ਮੋਦੀ ਭਗਤਾਂ ਤੇ ਕੁਝ ਮੀਡੀਆ ਵਲੋਂ ਇਸ ਮਾਮਲੇ ਨੂੰ ਖਾਹਮਖਾਹ ਉਛਾਲਿਆ ਜਾ ਰਿਹਾ ਹੈ ਤਾਂ ਜੋ ਕੂੜ ਪ੍ਰਚਾਰ ਕਰਕੇ ਜਗਮੀਤ ਸਿੰਘ ਦੀ ਸਖ਼ਸ਼ੀਅਤ ਨੂੰ ਖਤਮ ਕੀਤਾ ਜਾ ਸਕੇ। ਇਹ ਸਵਾਲ ਜਗਮੀਤ ਸਿੰਘ ਨੂੰ ਨਹੀਂ ਕੈਨੇਡੀਅਨ ਖੁਫੀਆ ਏਜੰਸੀ 'ਸੀਐਸਐਸ', 'ਆਰਸੀਐਮਪੀ' ਜਾਂ 'ਰਾਅ' ਨੂੰ ਪੁੱਛੇ ਜਾਣੇ ਚਾਹੀਦੇ ਹਨ।

ਸਿਖ ਕੌਮ ਨੂੰ ਦੁਨੀਆ ਭਰ ਵਿੱਚ ਬਦਨਾਮ ਕਰਨ ਦੀ ਸਾਜ਼ਿਸ਼ ਦੇ ਤਹਿਤ ਸਿਖ ਵਿਰੋਧੀ ਏਜੰਸੀਆਂ ਨੇ 23 ਜੂਨ 1985 ਨੂੰ ਏਅਰ ਇੰਡੀਆ (ਕਨਿਸ਼ਕਾ) ਦੀ ਫਲਾਈਟ 182 ਵਿਚ ਬੰਬ ਧਮਾਕਾ ਕਰਵਾ ਕੇ, ਬੇਗੁਨਾਹ 329 ਵਿਅਕਤੀਆਂ ਨੂੰ ਮੌਤ ਦੇ ਘਾਟ ਉਤਾਰਿਆ। ਇਸ ਹਾਦਸੇ ਵਿਚ ਮਾਰੇ ਗਏ 329 ਵਿਅਕਤੀਆਂ ਵਿਚੋਂ 307 ਮੁਸਾਫਰ ਸਨ ਜਦੋਂ ਕਿ 22 ਵਿਅਕਤੀ ਜਹਾਜ਼ ਦੇ ਅਮਲੇ-ਫੈਲੇ ਨਾਲ ਸਬੰਧਿਤ ਸਨ। ਭਾਰਤੀ ਹਾਕਮਾਂ ਨੇ ਬੜੀ ਸਾਜ਼ਿਸ਼ੀ ਢੰਗ ਨਾਲ ਇਸ ਅੱਤਵਾਦੀ ਕਾਂਡ ਨੂੰ ਸਮੁੱਚੀ ਸਿਖ ਕੌਮ ਦੇ ਖਾਤੇ ਵਿਚ ਪਾਉਣ ਲਈ ਪੂਰੀ ਵਾਹ ਲਾਈ। ਯਹੂਦੀਆਂ ਦੀ ਪ੍ਰਸਿਧ ਅਖਬਾਰ ਹਫਿੰਗਟਨ ਪੋਸਟ ਕੈਨੇਡਾ ਅਨੁਸਾਰ ਏਅਰ ਇੰਡੀਆ ਫਲਾਈਟ 182 ਬੰਬ ਧਮਾਕੇ, ਦੀ ਅੰਦਰੂਨੀ ਕਹਾਣੀ ਦੋ ਕੈਨੇਡੀਅਨ ਪੱਤਰਕਾਰਾਂ ਵਲੋਂ 1989 ਦੌਰਾਨ ਪੁਸਤਕ 'ਸਾਫਟ ਟਾਰਗੇਟ' ਰੂਪ ਵਿਚ ਲਿਖੀ ਗਈ। ਇਸ ਦਿਨ ਭਾਰਤ ਵਿਚ ਪਾਬੰਦੀ ਲਗਾ ਦਿੱਤੀ ਗਈ, ਕਿਉਂਕਿ ਇਹ ਭਾਰਤ ਦੀਆਂ ਖੁਫੀਆ ਏਜੰਸੀਆਂ ਦੇ ਅਨੇਕਾਂ ਭੇਦ ਉਜਾਗਰ ਕਰਦੀ ਸੀ। ਇਸ ਪੁਸਤਕ ਸਾਫਟ ਟਾਰਗੇਟ ਅਨੁਸਾਰ 23 ਜੂਨ ਨੂੰ, ਮੌਂਟਰੀਅਲ ਤੋਂ ਲੰਡਨ ਰਾਹੀਂ ਜਾ ਰਿਹਾ ਏਅਰ ਇੰਡੀਆ ਦਾ ਇਹ ਜਹਾਜ਼ ਆਇਰਲੈਂਡ ਦੇ ਏਅਰਸਪੇਸ ਵਿਚ 31 ਹਜ਼ਾਰ ਫੁੱਟ ਦੀ ਉਚਾਈ 'ਤੇ ਇਕ ਬੰਬ ਧਮਾਕੇ ਦਾ ਸ਼ਿਕਾਰ ਹੋ ਕੇ ਐਟਲਾਂਟਿਕ ਸਮੁੰਦਰ ਵਿਚ ਜਾ ਡਿਗਿਆ। ਮਾਰੇ ਗਏ 329 ਵਿਅਕਤੀਆਂ ਵਿੱਚੋਂ 268 ਕੈਨੇਡੀਅਨ ਸ਼ਹਿਰੀ ਸਨ ਜਦੋਂ ਕਿ 27 ਬਰਤਾਨਵੀ ਅਤੇ 24 ਭਾਰਤੀ ਸ਼ਹਿਰੀ ਸਨ। 10 ਮੁਸਾਫਰਾਂ ਦਾ ਸਬੰਧ ਦੂਸਰੇ ਦੇਸ਼ਾਂ ਨਾਲ ਸੀ। ਮਾਰੇ ਗਏ ਇਨ੍ਹਾਂ ਬੇਗੁਨਾਹ ਮੁਸਾਫਰਾਂ ਵਿਚ 35 ਸਿਖ ਸਨ, ਜਿਹੜੇ ਗਰੇਟਰ ਮੌਂਟਰੀਅਲ ਨਾਲ ਸਬੰਧਿਤ ਸਨ। ਇਸ ਦੁਖਾਂਤਕ ਹਾਦਸੇ ਰਾਹੀਂ ਕੈਨੇਡਾ ਵਿਚ ਹੀ ਨਹੀਂ, ਬਲਕਿ ਕੁਲ ਦੁਨੀਆ ਵਿਚ ਸਿਖਾਂ ਨੂੰ ਬਦਨਾਮ ਕਰਨ ਲਈ ਭਾਰਤੀ ਏਜੰਸੀਆਂ ਨੇ, ਪੂਰਾ ਅੱਡੀ-ਚੋਟੀ ਦਾ ਜ਼ੋਰ ਲਾਇਆ। ਭਾਰਤੀ ਏਜੰਸੀਆਂ ਦੀ ਇਸ ਖੇਡ ਨੂੰ ਸਫਲ ਬਣਾਉਣ ਵਿਚ ਆਰ. ਸੀ. ਐਮ. ਪੀ. ਸਮੇਤ ਕੈਨੇਡਾ ਦੀਆਂ ਖੁਫੀਆ ਏਜੰਸੀਆਂ ਨੇ ਵੀ ਪੂਰਾ ਯੋਗਦਾਨ ਪਾਇਆ। ਇਸ ਕਾਂਡ ਦੀ ਕੈਨੇਡਾ ਦੇ ਇਤਿਹਾਸ ਵਿਚ ਸਭ ਤੋਂ 'ਖਰਚੀਲੀ ਜਾਂਚ' ਦੇ ਬਾਵਜੂਦ, 1984-85 ਦੇ ਸਮੇਂ ਦੌਰਾਨ, ਓਟਵਾ, ਕੌਂਸਲੇਟਾਂ ਅਤੇ ਹਾਈ ਕਮਿਸ਼ਨਾਂ ਵਿਚ ਤਾਇਨਾਤ ਭਾਰਤੀ ਖੁਫੀਆ ਏਜੰਸੀਆਂ ਦੇ ਏਜੰਟਾਂ ਨੂੰ ਕਦੀ ਵੀ ਜਾਂਚ ਦੇ ਘੇਰੇ ਵਿਚ ਨਹੀਂ ਲਿਆਂਦਾ ਗਿਆ। ਕੈਨੇਡਾ ਵਿਚ ਜਾਂਚ ਕਮਿਸ਼ਨ ਨੇ ਬਾਅਦ ਵਿਚ ਬੋਬਿੰਗ ਦੇ ਆਲੇ ਦੁਆਲੇ ਦੀਆਂ ਘਟਨਾਵਾਂ ਨੂੰ "ਕਥਾ" ਦੇ ਰੂਪ ਵਿਚ ਦਰਸਾਇਆ. ਆਰਸੀਐਮਪੀ ਨੇ ਜ਼ੋਰ ਦਿੱਤਾ ਕਿ ਭਾਰਤ ਸਰਕਾਰ ਦੇ ਦੋਸ਼ਾਂ ਦਾ ਸਮਰਥਨ ਕਰਨ ਲਈ ਕੋਈ ਸਬੂਤ ਨਹੀਂ ਹੈ।

ਕੈਨੇਡਾ ਦੀਆਂ ਪ੍ਰਸਿਧ ਅਖਬਾਰਾਂ 'ਗਲੋਬ ਐਂਡ ਮੇਲ' ਅਤੇ 'ਟੋਰਾਂਟੋ ਸਟਾਰ' ਦੇ ਦੋ ਪੱਤਰਕਾਰਾਂ ਜ਼ੂਹੇਰ ਕਸ਼ਮੀਰੀ ਅਤੇ ਬਰਾਇਨ ਮੈਕਐਂਡਰਿਊ ਨੇ, ਇਸ ਹਾਦਸੇ ਅਤੇ ਕੈਨੇਡੀਅਨ ਸਿਖਾਂ ਦੇ ਮਾਮਲਿਆਂ ਵਿਚ ਭਾਰਤੀ ਖੁਫੀਆ ਏਜੰਸੀਆਂ ਦੀ ਦਖਲਅੰਦਾਜ਼ੀ ਸਬੰਧੀ ਸਬੂਤਾਂ ਸਮੇਤ ਇਹ ਪੁਸਤਕ ਲਿਖੀ ਹੈ, ਜਿਸ ਦਾ ਨਾਂ ਹੈ 'ਸੌਫਟ ਟਾਰਗੇਟ'। ਇਸ ਵਿਚ ਵੇਰਵੇ ਸਹਿਤ ਦੱਸਿਆ ਗਿਆ ਹੈ ਕਿ ਕਿਵੇਂ ਭਾਰਤੀ ਦੂਤਾਵਾਸਾਂ ਵਿਚਲੇ ਏਜੰਟਾਂ ਨੇ ਸਿਖਾਂ ਵਿਚ ਘੁਸਪੈਠ ਕਰਕੇ, ਇਸ ਨਿੰਦਣਯੋਗ ਕਾਂਡ ਨੂੰ ਸਿਰੇ ਚੜ੍ਹਾਇਆ, ਪਰ ਇਸ ਦੇ ਬਾਵਜੂਦ 'ਜਾਂਚ-ਪੜਤਾਲ' ਦਾ ਰੁਖ ਕਦੀ ਵੀ ਭਾਰਤੀ ਏਜੰਸੀਆਂ ਵਲ ਨਹੀਂ ਕੀਤਾ ਗਿਆ। ਇਸ ਦੇ ਉਲਟ, ਭਾਰਤੀ ਏਜੰਸੀਆਂ ਸਬੰਧੀ ਬਹੁਤ ਸਾਰੇ ਸਬੂਤਾਂ ਨੂੰ ਆਰ. ਸੀ. ਐਮ. ਪੀ. ਨੇ ਨਸ਼ਟ ਕੀਤਾ ਤੇ ਕੁਝ ਏਜੰਟਾਂ ਨੂੰ ਪੇਅਰੋਲ 'ਤੇ ਪਾ ਕੇ ਗਵਾਹਾਂ ਵਜੋਂ ਵਰਤਣ ਦੀ ਕੋਸ਼ਿਸ਼ ਕੀਤੀ। ਅਦਾਲਤੀ ਕਾਰਵਾਈ ਵਿਚ ਦੋ ਵਿਅਕਤੀਆਂ ਦੇ ਨਿਰਦੋਸ਼ ਸਾਬਤ ਹੋਣ ਦੇ ਬਾਵਜੂਦ, ਅੱਜ ਤਕ ਵੀ ਇਸ ਕਾਂਡ ਨੂੰ ਸਮੁੱਚੀ ਸਿਖ ਕੌਮ ਦੇ ਖਾਤੇ ਵਿਚ ਪਾਇਆ ਜਾਂਦਾ ਹੈ। ਭਾਰਤੀ ਏਜੰਸੀਆਂ ਵਲੋਂ ਇਹ ਪ੍ਰਾਪੇਗੰਡਾ ਹੁਣ ਜਗਮੀਤ ਸਿੰਘ ਨੂੰ ਕੈਨੇਡਾ ਦਾ ਨਾਇਕ ਬਣਨ ਤੋਂ ਰੋਕਣ ਦੇ ਲਈ ਅਜੇ ਵੀ ਜਾਰੀ ਰੱਖਿਆ ਜਾ ਰਿਹਾ ਹੈ। ਭਾਰਤੀ ਏਜੰਸੀਆਂ, ਜੂਨ 84 ਨਵੰਬਰ 84 ਦੇ ਘੱਲੂਘਾਰੇ, ਸਰਕਾਰ ਵਲੋਂ ਕੀਤੀ ਸਿਖ

ਬਾਕੀ ਸਫ਼ਾ 32 'ਤੇ

## ਸਿੱਖਾਂ ਦੀ ਅਜ਼ਾਦੀ ਨਾਲ ਸਬੰਧਿਤ ਸਮਾਗਮਾਂ ਵਿਚ ਸ਼ਮੂਲੀਅਤ ਕਰਨ ਤੋਂ ਨਹੀਂ ਝਿਜਕਾਂਗਾ: ਜਗਮੀਤ ਸਿੰਘ

**ਚੰਡੀਗੜ੍ਹ/ ਸਿੱਖ ਸਿਆਸਤ ਬਿਊਰੋ:** ਕੈਨੇਡਾ ਦੀ ਫੈਡਰਲ ਪਾਰਟੀ ਐਨ.ਡੀ.ਪੀ ਦੇ ਆਗੂ ਜਗਮੀਤ ਸਿੰਘ ਨੇ ਕਿਹਾ ਹੈ ਕਿ ਉਹ ਸਿੱਖਾਂ ਦੀ ਅਜ਼ਾਦੀ ਨਾਲ ਸਬੰਧਿਤ ਸਮਾਗਮਾਂ ਵਿਚ ਸ਼ਮੂਲੀਅਤ ਕਰਦੇ ਰਹੇ ਹਨ ਅਤੇ ਅੱਗੇ ਵੀ ਸ਼ਮੂਲੀਅਤ ਕਰਨ ਤੋਂ ਨਹੀਂ ਝਿਜਕਣਗੇ। ਉਨ੍ਹਾਂ ਕਿਹਾ ਕਿ ਖੁਦ ਸਿੱਖ ਹੋਣ ਨਾਤੇ ਉਹ ਸਿੱਖ ਭਾਈਚਾਰੇ ਨਾਲ ਹੋਏ ਵਿਤਕਰਿਆਂ ਅਤੇ ਧੱਕਿਆਂ ਨੂੰ ਨਿਜੀ ਤੌਰ 'ਤੇ ਮਹਿਸੂਸ ਕਰਦੇ ਹਨ ਤੇ ਅਜਿਹੇ ਸਮਾਗਮਾਂ ਵਿਚ ਬੋਲਣ ਦੇ ਆਏ ਸੱਦੇ ਨੂੰ ਉਹ ਉਸ ਦਰਦ ਤੋਂ ਬਾਹਰ ਨਿਕਲਣ ਦੇ ਆਪਣੇ ਨਿਜੀ ਤਜਰਬੇ ਨੂੰ ਸਾਂਝਾ ਕਰਨ ਦਾ ਮੌਕਾ ਸਮਝਦੇ ਹਨ। ਕੈਨੇਡੀਅਨ ਮੀਡੀਆ ਦੇ ਅਦਾਰੇ ਸੀਟੀਵੀ ਨਾਲ ਇਕ ਇੰਟਰਵਿਊ ਦੌਰਾਨ ਜਗਮੀਤ ਸਿੰਘ ਨੇ ਇਹ ਵਿਚਾਰ ਸਾਂਝੇ ਕੀਤੇ। ਜਿਕਰਯੋਗ ਹੈ ਕਿ ਬੀਤੇ ਕੁਝ ਦਿਨਾਂ ਤੋਂ ਸਿੱਖ ਸੰਘਰਸ਼ ਦੇ ਹਵਾਲੇ ਨਾਲ ਕੈਨੇਡੀਅਨ ਮੀਡੀਆ ਵਲੋਂ ਜਗਮੀਤ ਸਿੰਘ 'ਤੇ ਸਵਾਲ ਚੁੱਕੇ ਜਾ ਰਹੇ ਹਨ, ਜਿਹਨਾਂ ਦਾ ਜਗਮੀਤ ਸਿੰਘ ਨੇ ਬੜੀ ਦਲੇਰੀ ਨਾਲ ਆਪਣੇ ਪੁਰਾਣੇ ਪੱਖ 'ਤੇ ਖੜਦਿਆਂ ਜਵਾਬ ਦਿੱਤਾ ਹੈ। ਇੰਟਰਵਿਊ ਦੌਰਾਨ ਸਿੱਖ ਅਜ਼ਾਦੀ ਬਾਰੇ ਪੁੱਛੇ ਸਵਾਲ ਦੇ ਜਵਾਬ ਵਿਚ ਜਗਮੀਤ ਸਿੰਘ ਨੇ ਕਿਹਾ, "ਮੈਂ ਮੰਨਦਾ ਹਾਂ ਕਿ ਮੈਂ ਇਸ ਗੱਲ ਦਾ ਫੈਸਲਾ ਕਰਨ ਵਾਲੀ ਥਾਂ 'ਤੇ ਨਹੀਂ ਹਾਂ। ਮੈਂ ਮੰਨਦਾ ਹਾਂ ਕਿ ਲੋਕਾਂ ਨੂੰ ਇਸ ਬਾਰੇ ਗੱਲ ਕਰਨ ਦੀ ਅਜ਼ਾਦੀ ਹੋਣੀ ਚਾਹੀਦੀ ਹੈ।" ਉਹਨਾਂ ਕਿਹਾ ਕਿ ਸਿੱਖ ਅਜ਼ਾਦੀ ਬਾਰੇ ਸ਼ਾਂਤੀਪੂਰਵਕ ਅਤੇ ਲੋਕਤੰਤਰੀ ਤਰੀਕੇ ਨਾਲ ਗੱਲ ਕਰਨ ਦੇ ਹੱਕ ਦਾ ਉਹ ਸਮਰਥਨ ਕਰਦੇ ਹਨ।

ਜਿਕਰਯੋਗ ਹੈ ਕਿ ਕੈਨੇਡਾ ਵਿਚ ਕਿਊਬਕ ਖਿੱਤੇ ਦੇ ਲੋਕਾਂ ਨੂੰ ਕੈਨੇਡਾ ਸਰਕਾਰ ਵਲੋਂ ਖੁਦ ਸਵੈ-ਨਿਰਣੇ ਦਾ ਹੱਕ ਦਿੱਤਾ ਗਿਆ। ਪਰ ਕੈਨੇਡੀਅਨ ਮੀਡੀਆ ਦੇ ਇਕ ਹਿੱਸੇ ਦਾ ਸਿੱਖਾਂ ਦੇ ਸਵੈ-ਨਿਰਣੇ ਦੇ ਹੱਕ ਪ੍ਰਤੀ ਇਹ ਨਕਾਰਾਤਮਕ ਵਤੀਰਾ ਉਸ ਗੱਲ ਨੂੰ ਪੁਖਤਾ ਕਰਨ ਵੱਲ ਇਸ਼ਾਰਾ ਕਰਦਾ ਹੈ ਕਿ ਕੈਨੇਡੀਅਨ ਮੀਡੀਆ ਵਿਚ ਭਾਰਤੀ ਅਜੰਸੀਆਂ ਦੀ ਡੂੰਘੀ ਦਖਲਅੰਦਾਜ਼ੀ ਹੈ।

ਭਾਰਤ ਵਿਚ ਸਿੱਖਾਂ ਦੇ ਕਤਲੇਆਮ ਤੋਂ ਬਾਅਦ ਵਿਦੇਸ਼ਾਂ ਵਿਚ ਗਏ ਸਿੱਖਾਂ ਨੇ ਇਸ ਨੂੰ ਇਕ ਚੁਣੌਤੀ ਮੰਨਦਿਆਂ ਜਿਸ ਤਰ੍ਹਾਂ ਮਿਹਨਤ ਅਤੇ ਸਲੀਕੇ ਨਾਲ ਉੱਚ ਕੂਟਨੀਤਕ ਅਹੁਦੇ ਹਾਸਿਲ ਕੀਤੇ ਹਨ ਉਹ ਹੁਣ ਭਾਰਤ ਵਿਚ ਕਈ ਅੱਖਾਂ ਵਿਚ ਰੜਕ ਪਾ ਰਹੇ ਹਨ ਅਤੇ ਭਾਰਤ ਵਲੋਂ ਸਰਕਾਰੀ ਪੱਧਰ 'ਤੇ ਵਿਦੇਸ਼ਾਂ ਦੇ ਸਿੱਖ ਆਗੂਆਂ ਅਤੇ ਸਿੱਖਾਂ ਨੂੰ ਬਦਨਾਮ ਕਰਨ ਦੀਆਂ ਕੂਟਨੀਤਕ ਚਾਲਾਂ ਚੱਲੀਆਂ ਜਾ ਰਹੀਆਂ ਹਨ, ਜਿਸ ਨੂੰ ਜਸਟਿਨ ਟਰੂਡੋ ਦੀ ਭਾਰਤ ਫੇਰੀ ਮੌਕੇ ਵੀ ਦੁਨੀਆ ਵਲੋਂ ਖੁੱਲੀਆਂ ਅੱਖਾਂ ਨਾਲ ਦੇਖਿਆ ਗਿਆ।

# ਮਹਾਰਾਜਾ ਰਣਜੀਤ ਸਿੰਘ ਦੀ ਯਾਦ ਵਿਚ

ਗੁਰਮੀਤ ਸਿੰਘ ਸਿੱਧੂ (ਡਾ.) *

**ਮਹਾਰਾਜੇ ਨੂੰ ਜਦੋਂ ਬਾਦਸ਼ਾਹੀ ਦਾ ਤਿਲਕ ਲਗਾਇਆ ਗਿਆ ਤਾਂ ਉਸਨੇ ਆਪਣੇ ਲਈ ਕਿਸੇ ਬਾਦਸ਼ਾਹਤ ਦਾ ਦਾਅਵਾ ਨਹੀਂ ਕੀਤਾ। ਉਸ ਲਈ ਗੁਰੂ ਹੀ ਸੱਚਾ ਪਾਤਸ਼ਾਹ ਸੀ, ਅਸਲੀ ਬਾਦਸ਼ਾਹ ਸੀ ਅਤੇ ਉਹ (ਮਹਾਰਾਜਾ) ਆਪ ਰੱਬ ਦਾ ਨਿਮਾਣਾ ਸੇਵਕ ਸੀ ਜਿਸਨੂੰ ਲੋਕਾਂ ਦੀ ਸੇਵਾ ਲਈ ਭੇਜਿਆ ਗਿਆ ਸੀ। ਉਹ ਚਾਹੁੰਦਾ ਸੀ ਕਿ ਉਸਨੂੰ ਅਗੇ ਤੋਂ ਸਰਕਾਰ ਕਹਿ ਸੰਬੋਧਿਤ ਕੀਤਾ ਜਾਵੇ। ਆਪਣੀ ਭਰਪੂਰ ਸ਼ਰਧਾ ਕਾਰਨ ਉਸਨੇ ਹੁਕਮ ਦਿੱਤਾ ਕਿ ਉਸਦੇ ਸਾਮਰਾਜ ਦੇ ਸਿੱਕਿਆਂ 'ਤੇ ਅਸਲੀ ਬਾਦਸ਼ਾਹ ਗੁਰੂ ਦਾ ਨਾਮ ਢਾਲਿਆ ਜਾਵੇ। ਮਹਾਰਾਜੇ ਨੇ ਆਪਣਾ ਰਾਜ ਨਾ ਕੇਵਲ ਗੁਰੂ ਦੇ ਨਾਮ 'ਤੇ ਚਲਾਇਆ ਬਲਕਿ ਉਹ ਆਪਣੀ ਨੀਤੀਆਂ ਨੂੰ ਤਿਆਰ ਕਰਨ ਅਤੇ ਫੈਸਲੇ ਲੈਣ ਵਿਚ ਗੁਰੂ ਸਿਧਾਂਤਾਂ ਦਾ ਅਸਾਰਾ ਲੈਂਦਾ ਸੀ।**

ਮੈਦਾਨ-ਏ ਜੰਗ ਵਿਚ ਦੁਸ਼ਮਣਾਂ ਦਾ ਸਿਦਕਦਿਲੀ ਨਾਲ ਟਾਕਰਾ ਕਰਨ ਦੀ ਵਿਰਾਸਤ ਵਿਚੋਂ ਜਵਾਨ ਹੋਏ ਅਤੇ ਸ਼ੇਰੇ-ਏ ਪੰਜਾਬ ਵਜੋਂ ਜਾਣੇ ਜਾਂਦੇ ਮਹਾਰਾਜਾ ਰਣਜੀਤ ਸਿੰਘ ਨੇ ਜਵਾਨੀ ਵਿਚ ਪੈਰ ਧਰਦਿਆਂ ਰਾਜਨੀਤੀ ਅਤੇ ਕੂਟਨੀਤੀ ਦੇ ਸਬਕ ਗ੍ਰਹਿਣ ਕਰ ਲਏ ਸਨ। ਉਸਦੇ ਜੀਵਨ ਦਾ ਸਿੱਖਰ ਖ਼ਾਲਸਾ ਰਾਜ ਦੀ ਚੜ੍ਹਤ ਦਾ ਸਮਾਂ ਸੀ। ਉਸਦੀ ਮੌਤ ਨਾਲ ਖ਼ਾਲਸਾ ਰਾਜ ਦਾ ਅੰਤ ਹੋ ਸ਼ੁਰੂ ਹੋ ਗਿਆ ਸੀ। ਉਸ ਦੇ ਜੀਵਨ ਕਾਲ ਦੌਰਾਨ ਬਰਤਾਨੀਆ ਪੰਜਾਬ 'ਤੇ ਕਬਜਾ ਨਹੀਂ ਕਰ ਸਕਿਆ ਪਰ ਉਸਦੀ ਮੌਤ ਤੋਂ ਪਿਛੋਂ ਕੇਵਲ ਇਕ ਦਹਾਕੇ ਵਿਚ ਬਰਤਾਨੀਵੀਂ ਫੌਜ ਨੇ ਪੰਜਾਬ 'ਤੇ ਆਪਣੇ ਕਾਬਜ ਹੋਣ ਦਾ ਐਲਾਨ ਕਰ ਦਿੱਤਾ ਸੀ।

ਮਹਾਰਾਜਾ ਰਣਜੀਤ ਸਿੰਘ ਬੀਮਾਰ ਹੋਣ ਉਪਰੰਤ 15 ਹਾੜ 1896 ਬਿਕ੍ਰਮੀ 27 ਜੂਨ 1839 ਨੂੰ ਆਪਣੀ ਸੰਸਾਰਕ ਯਾਤਰਾ ਪੂਰੀ ਕਰ ਗਏ ਸਨ। ਉਸਦੀ ਮੌਤ ਤੋਂ ਪਿਛੋਂ ਅਜਿਹੀਆਂ ਘਟਨਾਵਾਂ ਵਾਪਰੀਆਂ ਜਿਨ੍ਹਾਂ ਬਾਰੇ ਮਹਾਰਾਜੇ ਨੇ ਕਦੇ ਸੁਪਨੇ ਵਿਚ ਵੀ ਨਹੀਂ ਸੋਚਿਆ ਹੋਵੇਗਾ।

ਮਹਾਂਰਾਜਾ ਰਣਜੀਤ ਸਿੰਘ ਦੀ ਵਿਲਿਅਮ ਬੈਂਟਿਕ ਰੋਪੜ ਨਾਲ ਵਿਖੇ ਹੋਈ ਮਿਲਣੀ ਦਾ ਦ੍ਰਿਸ਼ (ਇਸ ਮਿਲਣੀ ਦੀ ਮੌਜੂਦ ਯਾਦਗਾਰ ਦੀ ਤਰਸਮਈ ਹਾਲਤ ਉੱਪਰੀ ਤਸਵੀਰ ਵਿਚ ਦਿਖਾਈ ਦੇ ਰਹੀ ਹੈ)।

ਯੋਧਿਆਂ ਦੀਆਂ ਕੁਰਬਾਨੀਆਂ ਨਾਲ ਉਸਰੇ ਖ਼ਾਲਸਾ ਰਾਜ ਦੀ ਹਾਰ ਦਾ ਕਾਰਣ ਖ਼ਾਲਸਾ ਸਰਕਾਰ ਦੇ ਨਜਦੀਕੀ ਲੋਕ ਗਦਾਰ ਬਣ ਗਏ ਸਨ। ਧੋਖੇ ਅਤੇ ਦੇਸ਼ ਧਰੋਹ ਦੇ ਅਜਿਹੇ ਕਾਂਡ ਵਾਪਰੇ ਕਿ ਸਰਕਾਰ ਦਾ ਸਿਰਜਿਆ ਮਜਬੂਤ ਰਾਜ ਖਾਕ ਦੀ ਢੇਰੀ ਬਣ ਗਿਆ। ਯੋਧਿਆਂ ਨੇ ਆਪਣੇ ਸਿਰਜੇ ਸੁਪਨੇ ਬਚਾਉਣ ਲਈ ਪੂਰੀ ਵਾਹ ਲਾਈ ਪਰੰਤੂ ਸਰਕਾਰ ਤੋਂ ਬਗੈਰ ਉਹ ਹਾਰ ਗਏ।

ਮਹਾਰਾਜਾ ਰਣਜੀਤ ਸਿੰਘ ਦੇ ਜੀਵਨ ਅਤੇ ਸਿੱਖ ਰਾਜ ਬਾਰੇ ਕਿਤਾਬਾਂ ਇਹ ਪੰਨਾ ਖੋਲ ਕੇ ਖਰੀਦੋ।

ਸ਼ਾਹ ਮੁਹੰਮਦ ਅਨੁਸਾਰ ਸਰਕਾਰ ਤੋਂ ਬਾਝੋਂ ਸਿੱਖ ਜੰਗ ਜਿੱਤ ਕੇ ਵੀ ਹਾਰ ਗਏ ਸਨ। ਮਹਾਰਾਜਾ ਰਣਜੀਤ ਸਿੰਘ ਸਮਾਕਲੀ ਰਾਜਿਆਂ ਤੋਂ ਵਿਲੱਖਣ ਸਨ। ਉਹਨਾਂ ਦੀ ਵਿਲੱਖਣਤਾ ਇਸ ਕਰਕੇ ਵੀ ਸੀ ਕਿ ਉਹ ਆਪਣੇ ਰਾਜ ਨੂੰ ਗੁਰੂ ਦੀ ਮਿਹਰ ਸਮਝਦੇ ਸਨ। ਦਰਬਾਰ ਲਗਾਉਣ ਤੋਂ ਪਹਿਲਾਂ ਉਹ ਗੁਰੂ ਨੂੰ ਯਾਦ ਕਰਦੇ ਸਨ। ਗੁਰੂ ਨਾਲ ਜੁੜੇ ਹੋਣ ਕਰਕੇ ਉਹ ਖ਼ੁਦ 'ਸਰਕਾਰ' ਬਣ ਗਏ ਸਨ। ਜੰਗਨਾਮੇ ਦਾ ਲੇਖਕ ਸ਼ਾਹ ਮੁਹੰਮਦ ਮਹਾਰਾਜੇ ਨੂੰ ਯਾਦ ਕਰਦਾ ਲਿਖਦਾ ਹੈ;

ਅੱਜ ਹੋਵੇ ਸਰਕਾਰ ਤਾਂ ਮੁੱਲ ਪਾਵੇ,
ਜਿਹੜੀਆਂ ਖ਼ਾਲਸੇ ਨੇ ਤੇਗਾਂ ਮਾਰੀਆਂ ਨੀ।

ਮਹਾਰਾਜਾ ਰਣਜੀਤ ਸਿੰਘ ਬੇਸ਼ੱਕ ਇਕ ਯੋਧਾ ਅਤੇ ਨਿਪੁੰਨ ਸ਼ਾਸਕ ਸੀ। ਉਸਦਾ ਯੋਧੇ ਤੋਂ ਸਰਕਾਰ ਬਣਨ ਤਕ ਦਾ ਸ਼ਫਰ ਅਤੇ ਫਿਰ ਇਸ ਸਰਕਾਰ ਦਾ ਦੁਖਦਇਕ ਅੰਤ ਖ਼ਾਲਸੇ ਦੇ ਵਰਤਮਾਨ ਅਤੇ ਭਵਿੱਖ ਨਾਲ ਜੁੜਿਆ ਹੋਇਆ ਹੈ। ਬੇਸ਼ੱਕ ਉਹ ਸਰਕਾਰ ਅੱਜ ਨਹੀਂ ਰਹੀਂ ਪਰ ਉਸਦਾ ਸਿਰਜਿਆ ਸੁਪਨਾ ਸਿੱਖਾਂ ਦੇ ਮਨਾਂ ਵਿਚ ਵਸ ਚੁੱਕਾ ਹੈ।

ਖ਼ਾਲਸਾ ਰਾਜ ਸਿੱਖ ਸਿਮਰਤੀ ਦਾ ਹਿਸਾ ਬਣ ਚੁੱਕਾ ਹੈ ਅਤੇ ਨਿਤਨੇਮ ਦੀ ਅਰਦਾਸ ਵਿਚ ਸਿੱਖ ਇਸ ਯਾਦ ਨੂੰ ਤਾਜਾ ਰੱਖ ਰਹੇ ਹਨ। ਮਹਾਰਾਜਾ ਰਣਜੀਤ ਸਿੰਘ ਅਤੇ ਉਹਨਾਂ ਵਲੋਂ ਸਥਾਪਤ ਕੀਤਾ ਰਾਜ ਦੁਨੀਆਂ ਦੇ ਵੱਡੇ ਸਾਮਰਾਜ ਨੂੰ ਜਿਥੇ ਇਕ ਚੁਣੌਤੀ ਸੀ ਉਥੇ ਇਹ ਪੰਜਾਬੀਆਂ ਲਈ ਸਵੈਮਾਣ ਦਾ ਪ੍ਰਤੀਕ ਸੀ।

ਮਹਾਰਾਜਾ ਰਣਜੀਤ ਸਿੰਘ ਨੇ 'ਰਾਜ ਕਰੇਗਾ ਖ਼ਾਲਸਾ' ਦੇ ਖਿਆਲ ਨੂੰ ਲਾਗੂ ਹੀ ਨਹੀਂ ਕੀਤਾ ਬਲਕਿ ਇਸ ਸੰਕਲਪ ਨੂੰ ਸਿੱਖਾਂ ਦੇ ਦਿਲਾਂ ਵਿਚ ਵਸਾ ਦਿੱਤਾ ਹੈ। ਸੁਪਨੇ ਨੂੰ ਹਕੀਕਤ ਵਿਚ ਬਦਲਣ ਵਾਲੇ ਇਸ ਨਾਇਕ ਦੇ ਰਾਜ ਦਰਬਾਰ ਵਿਚ ਸਭ ਨੂੰ ਬਰਾਬਰ ਮਾਣ-ਸਤਿਕਾਰ ਅਤੇ ਇਨਸਾਫ ਦਿੱਤਾ ਜਾਂਦਾ ਸੀ।

ਮਹਾਰਾਜਾ ਰਣਜੀਤ ਸਿੰਘ ਨੂੰ ਪਰਜਾ ਵਲੋਂ ਪੂਰਾ ਮਾਣ ਸਤਿਕਾਰ ਹਾਸਲ ਸੀ ਇਸ ਦੀ ਮੁੱਖ ਵਜ੍ਹਾ ਇਹ ਸੀ ਕਿ ਉਹ ਗੁਰੂ ਸਿਧਾਂਤ 'ਤੇ ਸੇਵਕ ਦੀ ਤਰ੍ਹਾਂ ਪਹਿਰਾ ਦਿੰਦਾ ਸੀ।



ਮਹਾਰਾਜਾ ਰਣਜੀਤ ਸਿੰਘ ਦੀ ਵਿਲਿਅਮ ਬੈਂਟਿਕ ਨਾਲ ਰੋਪੜ ਨਾਲ ਵਿਖੇ ਹੋਈ ਮਿਲਣੀ ਦਾ ਦ੍ਰਿਸ਼ (ਇਸ ਮਿਲਣੀ ਦੀ ਮੌਜੂਦ ਯਾਦਗਾਰ ਦੀ ਤਰਸਮਈ ਹਾਲਤ ਉੱਪਰੀ ਤਸਵੀਰ ਵਿਚ ਦਿਖਾਈ ਦੇ ਰਹੀ ਹੈ)।

ਇਤਿਹਾਸਕਾਰ ਡਾ. ਗੰਡਾ ਸਿੰਘ ਨੇ ਇਹਨਾਂ ਦੇ ਪਰਿਵਾਰਕ ਵਿਰਾਸਤ ਦਾ ਵਰਨਣ ਕਰਦਿਆਂ ਦੱਸਿਆ ਹੈ ਕਿ ਮਹਾਰਾਜੇ ਪੂਰਵਜ ਸਰਦਾਰ ਬੁੱਢਾ ਸਿੰਘ ਸਧਾਰਨ ਕਿਸਾਨ ਸਨ ਅਤੇ ਉਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਫੌਜ ਅਤੇ ਬਾਬਾ ਬੰਦਾ ਸਿੰਘ ਬਹਾਦਰ ਦੀ ਫੌਜ ਵਿਚ ਸਰਗਰਮ ਸਨ। ਉਹ ਮਹਾਂ ਸ਼ਕਤੀਸਾਲੀ ਸੀ ਅਤੇ ਕਿਹਾ ਜਾਂਦਾ ਹੈ ਕਿ ਉਸਨੇ ਆਪਣੇ ਸਰੀਰ 'ਤੇ ਤੀਹ ਤਲਵਾਰ ਦੇ ਜ਼ਖ਼ਮ ਅਤੇ ਨੌ ਬੰਦੂਕ ਦੇ ਜ਼ਖ਼ਮ ਸਹੇ ਸਨ।

ਉਹ ਆਪਣੀ ਚਿਤਕਾਰੀ ਘੋੜੀ ਕਾਰਨ ਪ੍ਰਸਿੱਧ ਸੀ, ਜਿਸਦਾ ਨਾਂ 'ਦੇਸੀ' ਸੀ ਅਤੇ ਜਿਸ 'ਤੇ ਸਵਾਰ ਹੋ ਕੇ ਉਸਨੇ ਕੋਈ ਪੰਜਾਹ ਵਾਰੀ ਰਾਵੀ, ਚਨਾਵ ਅਤੇ ਜੇਹਲਮ ਨਦੀਆਂ ਨੂੰ ਪਾਰ ਕੀਤਾ ਸੀ। ਮਹਾਨ ਯੋਧਿਆਂ ਦੀ ਵਿਰਾਸਤ ਵਿਚੋਂ ਰਣਜੀਤ ਸਿੰਘ ਨੇ ਜੋ ਗੁਣ ਗ੍ਰਹਿਣ ਕੀਤੇ ਉਹਨਾਂ ਨੂੰ ਉਸਨੇ ਆਪਣੀ ਯੁੱਧਨੀਤੀ, ਕੂਟਨੀਤੀ ਅਤੇ ਪ੍ਰਸ਼ਸ਼ਾਨਿਕ ਕੁਸ਼ਲਤਾ ਲਈ ਵਰਤਿਆ।

ਉਹ ਯੋਧਾ ਹੋਣ ਦੇ ਨਾਲ-ਨਾਲ ਦੂਰ-ਅੰਦੇਸ਼ੀ ਅਤੇ ਵਿਸ਼ਾਲ ਹਿਰਦੇ ਦਾ ਮਾਲਕ ਸੀ। ਮਿਸਲਾਂ ਵਿਚ ਏਕਤਾ ਅਤੇ ਖ਼ਾਲਸਾ ਰਾਜ ਦੇ ਕੀਤੇ ਵਿਸਥਾਰ ਤੋਂ ਉਸਦੇ ਗੁਣਾ ਦਾ ਪਤਾ ਚਲਦਾ ਹੈ। ਮਹਾਰਾਜੇ ਦੀ ਸਖ਼ਸ਼ੀਅਤ ਦਾ ਸਭ ਤੋਂ ਅਹਿਮ ਪੱਖ ਉਹਨਾਂ ਦਾ ਗਰੂ ਪ੍ਰੇਮ ਸੀ।

ਮਹਾਰਾਜੇ ਨੂੰ ਜਦੋਂ ਬਾਦਸ਼ਾਹੀ ਦਾ ਤਿਲਕ ਲਗਾਇਆ ਗਿਆ ਤਾਂ ਉਸਨੇ ਆਪਣੇ ਲਈ ਕਿਸੇ ਬਾਦਸ਼ਾਹਤ ਦਾ ਦਾਅਵਾ ਨਹੀਂ ਕੀਤਾ। ਉਸ ਲਈ ਗੁਰੂ ਹੀ ਸੱਚਾ ਪਾਤਸ਼ਾਹ ਸੀ, ਅਸਲੀ ਬਾਦਸ਼ਾਹ ਸੀ ਅਤੇ ਉਹ (ਮਹਾਰਾਜਾ) ਆਪ ਰੱਬ ਦਾ ਨਿਮਾਣਾ ਸੇਵਕ ਸੀ ਜਿਸਨੂੰ ਲੋਕਾਂ ਦੀ ਸੇਵਾ ਲਈ ਭੇਜਿਆ ਗਿਆ ਸੀ।

ਉਹ ਚਾਹੁੰਦਾ ਸੀ ਕਿ ਉਸਨੂੰ ਅਗੇ ਤੋਂ ਸਰਕਾਰ ਕਹਿ ਸੰਬੋਧਿਤ ਕੀਤਾ ਜਾਵੇ। ਆਪਣੀ ਭਰਪੂਰ ਸ਼ਰਧਾ ਕਾਰਨ ਉਸਨੇ ਹੁਕਮ ਦਿੱਤਾ ਕਿ ਉਸਦੇ ਸਾਮਰਾਜ ਦੇ ਸਿੱਕਿਆਂ 'ਤੇ ਅਸਲੀ ਬਾਦਸ਼ਾਹ ਗੁਰੂ ਦਾ ਨਾਮ ਢਾਲਿਆ ਜਾਵੇ। ਮਹਾਰਾਜੇ ਨੇ ਆਪਣਾ ਰਾਜ ਨਾ ਕੇਵਲ ਗੁਰੂ ਦੇ ਨਾਮ 'ਤੇ ਚਲਾਇਆ ਬਲਕਿ ਉਹ ਆਪਣੀ ਨੀਤੀਆਂ ਨੂੰ ਤਿਆਰ ਕਰਨ ਅਤੇ ਫੈਸਲੇ ਲੈਣ ਵਿਚ ਗੁਰੂ ਸਿਧਾਂਤਾਂ ਦਾ ਅਸਾਰਾ ਲੈਂਦਾ ਸੀ।

ਇਥੋਂ ਤਕ ਕਿ ਅੰਗਰੇਜ਼ਾਂ ਨਾਲ ਸੰਧੀਆਂ ਸਮੇਂ ਹੋਈ ਵਾਰਤਾਲਾਪ ਵਿਚ ਉਹ ਗੁਰੂ ਨੂੰ ਸਰਵ-ਉਤਮ ਮੰਨ ਕੇ ਆਪਣੀ ਰਾਇ ਦਿੰਦਾ ਸੀ। ਉਸਨੇ ਗੁਰੂ ਦੀ ਧਰਮ ਨਿਰਪੱਖ ਨੀਤੀ ਦੇ ਅਨੁਸਾਰ ਹਰ ਧਰਮ ਦੇ ਲੋਕਾਂ ਅਤੇ ਸੰਸਥਾਵਾਂ ਦੀ ਮਦੱਦ ਕੀਤੀ ਸੀ। ਮਹਾਰਾਜਾ ਪੰਜਾਬ ਦੀ ਸਰਕਾਰ ਦਾ ਪਰਤੀਕ ਬਣ ਕੇ ਪੰਜਾਬੀਆਂ ਵਿਚ ਖ਼ਾਲਸਾ ਰਾਜ ਦੇ ਸੁਪਨੇ ਨੂੰ ਤਾਜ਼ਾ ਕਰ ਗਿਆ ਹੈ। ਇਸ ਸੁਪਨੇ ਦੀ ਪੂਰਤੀ ਲਈ ਪੰਜਾਬ ਦੀ ਧਰਤੀ ਤੋਂ ਅਜ਼ਾਦੀ ਅਤੇ ਖੁਦਮੁਖਤਿਆਰੀ ਦੇ ਸੰਘਰਸ਼ਾਂ ਲਈ ਉਹਨਾਂ ਦਾ ਜੀਵਨ ਪ੍ਰੇਰਨਾ ਦਾ ਸੋਮਾ ਹੈ।

ਭਾਰਤ ਦੇ ਖੇਤਰੀ ਰਾਜੇ ਅੰਗਰੇਜ਼ਾਂ ਪਾਸੋਂ ਹਾਰ ਗਏ ਸਨ ਅਤੇ ਇਕਲਾ ਖ਼ਾਲਸਾ ਰਾਜ ਆਪਣੀ ਅਜ਼ਾਦ ਹਸਤੀ ਕਾਇਮ ਰੱਖ ਰਿਹਾ ਸੀ। ਬਰਤਾਨਵੀਂ ਫੌਜ ਦੀ ਸਿੱਖ ਰਾਜ ਨੂੰ ਹੜੱਪਣ ਲਈ ਮੌਕੇ ਦੀ ਤਾਕ ਵਿਚ ਸੀ ਅਤੇ ਮਹਾਰਾਜਾ ਰਣਜੀਤ ਸਿੰਘ ਉਹਨਾਂ ਅਗੇ ਚਟਾਨ ਦੀ ਤਰ੍ਹਾਂ ਕਾਇਮ ਸਨ। ਬੇਸ਼ੱਕ ਅੰਗਰੇਜ਼ਾਂ ਨਾਲ ਸੰਧੀ ਕਰਨ ਪਿਛੇ ਉਸਦੀਆਂ ਰਾਜਨੀਤਕ ਮਜਬੂਰੀਆਂ ਸਨ ਫਿਰ ਉਹ ਆਪਣੀ ਫੌਜੀ ਤਾਕਤ ਨੂੰ ਸੰਗਠਿਤ ਅਤੇ ਸਿੱਖਿਅਤ ਰੱਖ ਰਿਹਾ ਸੀ। ਇਸ ਮਕਸਦ ਲਈ ਉਸਨੇ ਵਿਦੇਸ਼ੀ ਸੈਨਿਕਾਂ ਦੀ ਮਦੱਦ ਵੀ ਲਈ ਸੀ ਅਤੇ ਖ਼ਾਲਸਾ ਫੌਜ ਦਾ ਸੰਗਠਨ ਉਸ ਸਮੇਂ ਦੀਆਂ ਫੌਜਾਂ ਦੇ ਹਾਣ ਦਾ ਕੀਤਾ ਸੀ।

ਇਸ ਫੌਜ ਵਿਚ, ਪੈਦਲ, ਘੋੜ ਸਵਾਰ ਅਤੇ ਤੋਪਖਾਨੇ ਦੀ ਫੌਜ ਸੀ ਅਤੇ ਇਸਦੇ ਵਿਭਾਗਾਂ ਦੀ ਵੰਡ ਵੀ ਕੀਤੀ ਹੋਈ ਸੀ। ਫੌਜੀਆਂ ਨੂੰ ਬਕਾਇਦਾ ਸਿਖਲਾਈ ਦਿੱਤੀ ਜਾਂਦੀ ਸੀ ਅਤੇ ਫੌਜ ਵਿਚ ਅਨੁਸ਼ਾਸਨ ਵੀ ਪੂਰਾ ਸੀ ਅਤੇ ਇਸਨੂੰ ਕਾਇਮ ਰੱਖਣ ਲਈ ਜਿਥੇ ਦੰਡਵਾਲੀ ਦੀ ਵਿਵਸਥਾ ਸੀ ਉਥੇ ਫੌਜ ਨੂੰ ਉਤਸ਼ਾਹਤ ਕਰਨ ਲਈ ਪੈਨਸ਼ਨਾਂ, ਤੋਹਫੇ, ਪੁਰਸਕਾਰ ਅਤੇ ਖਿਤਾਬ ਵੀ ਦਿੱਤੇ ਜਾਦੇ ਸਨ। ਸਿੱਖ ਰਾਜ ਦਾ ਹਰ ਨਾਗਰਿਕ ਸਿਪਾਹੀ ਸੀ ਅਤੇ ਫੌਜੀ ਹੈਲਮਿਟ ਦੀ ਥਾਂ 'ਤੇ ਲਾਲ ਪਗੜੀਆਂ ਬੰਨਦੇ ਸਨ।

ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਰਾਜ ਦੇ ਸਿਵਲ ਪ੍ਰਸ਼ਾਸਨ ਨੂੰ ਚਾਰ ਸੂਬਿਆਂ ਲਹੌਰ, ਮੁਲਤਾਨ, ਕਸ਼ਮੀਰ ਅਤੇ ਪੇਸ਼ਾਵਰ ਵਿਚ ਵੰਡਿਆ ਹੋਇਆ ਸੀ। ਸੂਬੇ ਦਾ ਮੁਖੀ ਸੂਬੇਦਾਰ (ਨਾਜ਼ਮ) ਹੁੰਦਾ ਸੀ। ਸੂਬਾ ਅਗਾਂਹ ਪਰਗਨਿਆਂ, ਤਾਲੁਕਿਆਂ ਅਤੇ ਮੋਜਿਆਂ ਵਿਚ ਵੰਡਿਆ ਜਾਂਦਾ ਸੀ। ਇਕ ਤਾਲੁਕੇ ਵਿਚ 50 ਤੋਂ 100 ਤਕ ਮੋਜੇ ਸ਼ਾਮਲ ਹੁੰਦੇ ਸਨ। ਤਾਲੁਕੇ ਦਾ ਅਧਿਕਾਰੀ ਕਾਰਦਾਰ ਕਹਾਉਂਦਾ ਸੀ। ਜਿਥੇ ਕਿਤੇ ਕਿਸੇ ਤਾਲੁਕੇ ਵਿਚ ਪਿੰਡਾਂ ਦੀ ਗਿਣਤੀ ਜ਼ਿਆਦਾ ਹੁੰਦੀ ਤਾਂ ਉਥੇ ਇਕ ਤੋਂ ਵਿਧੇਰੇ ਕਾਰਦਾਰ ਹੁੰਦੇ ਸਨ। ਇਸ ਵੰਡ ਮੁਤਾਬਕ ਸਿਵਲ ਅਤੇ ਨਿਆਂ ਵਿਵਸਥਾ ਕੀਤੀ ਹੋਈ ਸੀ। ਕਾਰਦਾਰ ਸਰਕਾਰ ਦੇ ਕਰਮਚਾਰੀ ਸਨ ਪਰ ਉਹ ਲੋਕਾਂ ਨਾਲ ਚੰਗਾ ਵਰਤਾਉ ਕਰਦੇ ਸਨ। ਬੇਸ਼ੱਕ ਸਰਕਾਰ ਵਲੋਂ ਕਰ ਇਕੱਠਾ ਕੀਤਾ ਜਾਂਦਾ ਸੀ ਫਿਰ ਵੀ ਕਰ ਇਕੱਠਾ ਕਰਨ ਸਮੇਂ ਲੋਕਾਂ ਦੀਆਂ ਮੁਸੀਬਤਾਂ ਦਾ ਖਿਆਲ ਰੱਖਿਆ ਜਾਂਦਾ ਸੀ।

ਮਹਾਰਾਜਾ ਰਣਜੀਤ ਸਿੰਘ ਨੇ ਆਪਣਾ ਕਰ ਇਕੱਠਾ ਕਰਨ ਲਈ ਬਕਾਇਦਾ ਨੀਤੀ ਤਿਆਰ ਕੀਤੀ ਹੋਈ ਸੀ ਅਤੇ ਕਈ ਤਰ੍ਹਾਂ ਦੀਆਂ ਵਿਧੀਆਂ ਨਾਲ ਕਰ ਇਕੱਠਾ ਕੀਤਾ ਜਾਂਦਾ ਸੀ। ਜਿਵੇਂ; ਬਟਾਈ ਦੀ ਵਿਧੀ, ਜਿਸ ਤਹਿਤ ਫਸਲ ਦੀ ਕਟਾਈ ਤੋਂ ਉਪਰੰਤ ਕਰ ਦੇ ਬਦਲੇ ਫਸਲ ਦਾ ਕੁਝ ਹਿੱਸਾ ਲਿਆ ਜਾਂਦਾ ਸੀ। ਇਹ ਵਿਧੀ ਬਹੁਤੀ ਕਾਰਗਰ ਸਾਬਤ ਨਾ ਹੋਣ ਕਰਕੇ ਕਾਨਕੂਤ ਵਿਧੀ ਅਪਣਾਈ ਗਈ ਸੀ। ਇਸ ਵਿਧੀ ਅਨੁਸਾਰ ਖੜ੍ਹੀਆਂ ਫਸਲਾਂ ਤੋਂ ਅਨਾਜ ਬਾਰੇ ਅੰਦਾਜਾ ਲਗਾ ਕੇ ਕਰ ਤਹਿ ਕੀਤਾ ਜਾਂਦਾ ਸੀ। ਕਾਨਕੂਤ ਵਿਧੀ ਦੇ ਚਲਦਿਆਂ ਮਹਾਰਾਜੇ ਨੇ ਨਕਦ ਭੁਗਤਾਨ ਦੀ ਵਿਵਸਥਾ ਕੀਤੀ ਹੋਈ ਸੀ। ਇਸ ਤਰਾਂ ਹੀ ਜਿਨਸੀ ਅਤੇ ਨਕਦ ਦੋਵੇਂ ਰੂਪਾਂ ਵਿਚ ਕਰ ਇਕੱਤਰ ਕਰਨ ਲਈ ਮਿਸ਼ਰਤ ਵਿਧੀ ਵੀ ਪ੍ਰਚਲਤ ਸੀ। ਇਹਨਾਂ ਵਿਧੀਆਂ ਦੇ ਨਾਲ-ਨਾਲ ਵਿਘਾ, ਹਲ, ਖੂਹ ਆਦਿ ਨੂੰ ਅਧਾਰ ਬਣਾ ਕੇ ਵੀ ਕਰ ਨਿਰਧਾਤ ਕੀਤਾ ਜਾਂਦਾ ਸੀ।

ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਲੋਕਾਂ ਦੀ ਹਿਸੇਦਾਰੀ ਸੀ ਬਾਵ ਇਹ ਕਿ ਪਰਜਾ ਆਪਣੇ ਸਾਂਝੇ ਕੰਮ ਆਪ ਕਰਦੇ ਸਨ। ਇਸ ਸਮੇਂ ਸੰਚਾਈ ਪ੍ਰਬੰਧਾਂ ਨੂੰ ਬੇਹਤਰ ਬਣਾਉਣ ਸਰਕਾਰ ਵਲੋਂ ਲੋਕਾਂ ਦੀ ਅਗਵਾਈ ਕੀਤੀ ਜਾਂਦੀ ਸੀ। ਮਹਾਰਾਜੇ ਦੀ ਪ੍ਰੇਰਨਾ ਨਾਲ ਲੋਕ ਨਹਿਰਾਂ ਦੀ ਪੁਟਾਈ ਦਾ ਕੰਮ ਖੁਦ ਕਰਦੇ ਸਨ। ਇਕ ਪਿੰਡ ਦੇ ਲੋਕ ਆਪਣੇ ਪਿੰਡ ਦੀ ਜ਼ਮੀਨ ਵਿਚੋਂ ਨਹਿਰ ਤਿਆਰ ਕਰਦੇ ਤਾਂ ਉਸਤੋਂ ਅਗਲੇ ਪਿੰਡ ਦੇ ਲੋਕ ਆਪਣੀ ਜੁੰਮੇਵਾਰੀ ਸੰਭਾਲ ਲੈਂਦੇ ਸਨ।

ਬਾਦਸ਼ਾਹ ਅਕਬਰ ਦੇ ਸ਼ਾਸਨ ਦੌਰਾਨ ਲਾਹੌਰ ਦੇ ਸ਼ਾਲੀਮਾਰ ਬਾਗਾਂ ਨੂੰ ਪਾਣੀ ਦੇਣ ਲਈ ਪੁਟੀ ਗਈ ਹਸਲੀ ਨਹਿਰ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਤੱਕ ਮਿਟੀ ਨਾਲ ਭਰ ਗਈ ਸੀ। ਇਸ ਨਹਿਰ ਦਾ ਪੁਨਰ-ਨਿਰਮਾਣ ਕਰਵਾਇਆ ਗਿਆ। ਉਸ ਸਮੇਂ ਦੇ ਉਦਾਸੀ ਸਾਧੂਆਂ ਦੀ ਪ੍ਰੇਰਨਾ ਨਾਲ ਅੰਮ੍ਰਿਤਸਰ ਦੇ ਪਵਿੱਤਰ ਸਰੋਵਰ ਅਤੇ ਰਾਮਬਾਗ ਨੂੰ ਪਾਣੀ ਪਹੁੰਚਾਉਣ ਦੇ ਮੰਤਵ ਨਾਲ ਇਸਦੀ ਇਕ ਸ਼ਾਖ ਮਾਧੋਪੁਰ ਤੋਂ ਅੰਮ੍ਰਿਤਸਰ ਤੱਕ ਲਿਆਂਦੀ ਗਈ। ਇਕ ਪਿੰਡ ਦੇ ਸਿੱਖ ਇਸ ਨੂੰ ਪੁੱਟ ਕੇ ਅਗਲੇ ਪਿੰਡ ਤੱਕ ਪਹੁੰਚਾਉਂਦੇ ਸਨ ਤੇ ਫੇਰ ਇਸ ਪਿੰਡ ਦੇ ਸਿੱਖ ਇਸ ਨੂੰ ਅਗਲੇ ਪਿੰਡ ਤਕ ਇਸ ਤਰ੍ਹਾਂ ਅਗੇ ਵੀ। ਇਸ ਨੂੰ ਪੁੱਟਣ ਵਾਲੇ ਸਿੱਖਾਂ ਨੇ ਕੋਈ ਮਿਹਤਾਨਾ ਨਾ ਮੰਗਿਆ। ਕਿਉਂਕਿ ਇਹ ਇਕ ਪਵਿੱਤਰ ਮਕਸਦ ਲਈ ਪੁੱਟੀ ਜਾ ਰਹੀ ਸੀ।

ਖ਼ਾਲਸਾ ਰਾਜ 'ਤੇ ਅੰਗਰੇਜ਼ ਫੌਜ ਦੇ ਹਮਲੇ ਦਾ ਖਤਰਾ ਬਣਿਆ ਹੋਇਆ ਸੀ। ਇਸ ਕਰਕੇ ਮਹਾਰਾਜਾ ਰਣਜੀਤ ਸਿੰਘ ਨੂੰ ਅੰਗਰੇਜ਼ਾਂ ਨਾਲ ਸੰਧੀਆਂ ਕਰਨ ਦਾ ਕੌੜਾ ਘੁਟ ਵੀ ਭਰਨਾ ਪਿਆ ਸੀ। ਪਰ ਉਸਨੇ ਮਜਬੂਰੀ ਨੂੰ ਫ਼ਾਇਦਾ ਬਣਾਉਦਿਆਂ ਇਹਨਾਂ ਸੰਧੀਆਂ ਤੋਂ ਧਿਆਨ ਪਾਸੇ ਲਗਾਇਆ ਅਤੇ ਖ਼ਾਲਸਾ ਰਾਜ ਦਾ ਵਿਸਥਾਰ ਕੀਤਾ। ਸੰਧੀ ਤੋਂ ਬਾਅਦ ਰਣਜੀਤ ਸਿੰਘ ਨੇ ਆਪਣਾ ਬਹੁਤਾ ਜ਼ੋਰ ਸਤਲੁਜ ਦੇ ਲਾਹੌਰ ਵਾਲੇ ਪਾਸੇ ਦੇ ਇਲਾਕੇ ਨੂੰ ਜਿਤੱਣ ਤੇ ਮਜਬੂਤ ਕਰਨ 'ਤੇ ਲਗਾਉਣਾ ਸ਼ੁਰੂ ਕੀਤਾ। ਛੇਤੀ ਹੀ ਉਸਨੇ ਮੁਲਤਾਨ, ਝੰਗ ਅਤੇ ਕਸ਼ਮੀਰ ਦੀਆਂ ਸੁਤੰਤਰ ਰਿਆਸਤਾਂ ਨੂੰ ਜਿੱਤ ਲਿਆ।

ਫੇਰ ਉਸਨੇ ਸਿੰਧ ਦਰਿਆਂ ਪਾਰ ਕਰਕੇ ਬੰਨੂ ਕੋਹਾਟ ਦੇ ਡੇਰਿਆਂ ਅਤੇ ਪੇਸ਼ਾਵਰ ਨੂੰ ਜਿਤਿਆ ਤੇ ਅਫਗਾਨਿਸਾਨ ਦੇ ਹੁਕਮਰਾਨ ਦਾ ਘੁਮੰਡ ਤੋੜਿਆ। ਮਹਾਰਾਜੇ ਨਾਲ ਬ੍ਰਿਟਿਸ਼ ਸਰਕਾਰ ਨੇ 1809 ਵਿਚ ਜੋ ਵਾਅਦੇ ਕੀਤੇ ਸਨ ਉਹ ਨਹੀਂ ਨਿਭਾਏ। ਬਲਕਿ ਸੰਧੀਆਂ ਦੀ ਆੜ ਵਿਚ ਉਹਨਾਂ ਨੇ ਆਪਣਾ ਦਾਖਲ ਵਧਾਇਆ ਅਤੇ ਸਿੱਖਾਂ 'ਤੇ ਹਮਲਾ ਕਰਨ ਦੀਆਂ ਵਿਧੀਆਂ ਤਿਆਰ ਕੀਤੀਆਂ ਸਨ।

ਮਹਾਰਾਜੇ ਨੂੰ ਆਪਣੀਆਂ ਮਜਬੁਰੀ ਦਾ ਪਤਾ ਸੀ। ਮਹਾਰਾਜੇ ਦੀ ਦੂਰ ਦ੍ਰਿਸ਼ਟੀ ਸੀ ਕਿ ਉਸਨੇ ਬ੍ਰਿਟਿਸ ਸਰਕਾਰ ਨਾਲ ਸਮਝੌਤੇ ਕਰਕੇ ਆਪਣੇ ਜੀਵਨ ਕਾਲ ਵਿਚ ਘਾਤਕ ਟਕਰਾਅ ਨੂੰ ਟਾਲ ਦਿੱਤਾ ਸੀ। ਉਸਦੇ ਜਿੰਦਾ ਰਹਿਣ ਤੱਕ ਅੰਗਰੇਜ਼ ਪੰਜਾਬ 'ਤੇ ਹਮਲਾ ਕਰਨ ਤੋਂ ਤ੍ਰਹਿੰਦੇ ਸਨ।

ਮਹਾਰਜੇ ਦੀ ਮੌਤ ਤੋਂ ਪਿਛੋਂ ਇਹਨਾਂ ਨੇ ਆਪਣੇ ਅਸਿਧੇ ਅਤੇ ਸਿਧੇ ਹਮਲੇ ਤੇਜ ਕੀਤੇ ਅਤੇ ਪੰਜਾਬ ਨੂੰ ਆਪਣੇ ਅਧੀਨ ਕਰਕੇ ਖ਼ਾਲਸਾ ਸਰਕਾਰ ਨੂੰ ਖਤਮ ਕਰਨ ਦਾ ਐਲਾਨ ਕੀਤਾ। 1849 ਵਿਚ ਅੰਗਰੇਜ਼ ਭਾਵੇਂ ਪੰਜਾਬ 'ਤੇ ਕਾਬਜ ਹੋ ਗਏ ਪਰੰਤੂ ਪੰਜਾਬੀਆਂ ਦੀ ਸਰਕਾਰ ਇਹਨਾਂ ਦੇ ਮਨਾਂ ਵਿਚ ਅੱਜ ਵੀ ਜਿੰਦਾ ਹੈ। ਖ਼ਾਲਸਾ ਰਾਜ ਦੇ ਸੁਪਨੇ ਸਾਕਾਰ ਕਰਨ ਦੀ ਮਿੱਥ ਪੰਜਾਬ ਦੀ ਅਜ਼ਾਦੀ ਦੇ ਸੰਘਰਸ਼ਾਂ ਵਿਚੋਂ ਨਵੇਂ ਰੂਪ ਲੈਂਦੀ ਰਹੇਗੀ ਅਤੇ ਇਸ ਲਈ ਮਹਾਰਾਜਾ ਰਣਜੀਤ ਸਿੰਘ ਦਾ ਬਿੰਬ ਜਿੰਦਾ ਰਹੇਗਾ।



ਭਾਸ਼ਾ ਵਿਭਾਗ ਪੰਜਾਬ ਵੱਲੋਂ ਸੰਨ 1970 ਵਿੱਚ ਛਾਪੀ ਕਿਤਾਬ `Adventures of An Officer in Punjab` ਵਿੱਚ ਮਹਾਰਾਜਾ ਰਣਜੀਤ ਸਿੰਘ ਜੀ ਦੀ ਇਹ ਤਸਵੀਰ ਹੈ।

* ਪ੍ਰੋਫੈਸਰ, ਧਰਮ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ।

(ਸਿੱਖ ਸਿਆਸਤ ਵਿਚੋਂ ਧੰਨਵਾਦ ਸਹਿਤ)

# ਭਗਵੇਂ ਰਾਸ਼ਟਰਵਾਦ ਦੇ ਵਿਰੋਧੀ ਸਨ ਬਾਬਾ ਸਾਹਿਬ ਅੰਬੇਡਕਰ

## *ਅੰਬੇਡਕਰ ਨੇ ਮਨੂੰਸਿਮਰਤੀਆਂ ਫੂਕ ਕੇ ਭਗਵੇਂ ਰਾਸ਼ਟਰਵਾਦ ਦਾ ਵਿਰੋਧ ਕੀਤਾ ਤੇ ਬੁਧ ਧਰਮ ਅਪਨਾ ਕੇ ਦੱਸਿਆ ਕਿ ਮੂਲ ਨਿਵਾਸੀ ਹਿੰਦੂ ਧਰਮ ਦਾ ਹਿੱਸਾ ਨਹੀਂ*

- **ਗਊ-ਰੱਖਿਆ, ਲਵ ਜਿਹਾਦ ਤੇ ਆਰ ਐਸ ਐਸ ਦੀ ਫਿਰਕੂ ਵਿਚਾਰਧਾਰਾ ਦੇਸ਼ 'ਚ ਪਾ ਰਹੀ ਏ ਵੰਡੀਆਂ**
- **ਹਿੰਦੂ ਰਾਸ਼ਟਰਵਾਦ ਨੂੰ ਰੋਕਣ ਦੇ ਲਈ ਦੇਸ਼ ਵਾਸੀਆਂ ਨੂੰ ਇਕਮੁੱਠ ਹੋਣ ਦੀ ਲੋੜ**

**ਰਾਮ ਪੁਨਿਆਨੀ (25 ਅਗਸਤ 1945) ਇੰਡੀਅਨ ਇੰਸਟੀਚਿਊਟ ਆਫ ਟੈਕਨਾਲੋਜੀ ਮੁੰਬਈ ਦੇ ਨਾਲ ਸੰਬੰਧਿਤ ਬਾਇਓਮੈਡੀਕਲ ਇੰਜੀਨੀਅਰਿੰਗ ਦੇ ਸਾਬਕਾ ਪ੍ਰੋਫੈਸਰ ਤੇ ਸਾਬਕਾ ਸੀਨੀਅਰ ਮੈਡੀਕਲ ਹਨ। ਉਨ੍ਹਾਂ ਨੇ 1973 ਵਿਚ ਆਪਣਾ ਮੈਡੀਕਲ ਕੈਰੀਆਂ ਸ਼ੁਰੂ ਕੀਤਾ ਤੇ 1977 ਤੱਕ ਕਰਕੇ 27 ਸਾਲ ਦੇ ਲਈ ਵੱਖ-ਵੱਖ ਆਈਆਈਟੀ ਦੀ ਸੇਵਾ ਕੀਤੀ। ਦਸੰਬਰ 2004 ਵਿਚ ਉਨ੍ਹਾਂ ਨੇ ਭਾਰਤ ਵਿਚ ਫਿਰਕੂਵਾਦ ਨਾਲ ਜੂਝਣ ਦੇ ਲਈ ਤੇ ਸਾਹਿਤਕ ਪ੍ਰੋਜੈਕਟ ਤੌਰਨ ਦੇ ਲਈ ਸੇਵਾ ਵਿਚ ਮੁਕਤੀ ਲਈ। ਉਹ ਮਨੁੱਖੀ ਅਧਿਕਾਰਾਂ ਦੇ ਲਈ ਤੇ ਫਿਰਕੂ ਸਦਭਾਵਨਾ ਦੇ ਲਈ ਸਰਗਰਮੀ ਨਾਲ ਜੁਟੇ ਹੋਏ ਹਨ। ਪੇਸ਼ ਹੈ ਉਨ੍ਹਾਂ ਦਾ ਹਿੰਦੂ ਰਾਸ਼ਟਰਵਾਦ ਦੇ ਵਿਰੋਧ ਵਿਚ ਇਕ ਲੇਖ। -ਸੰਪਾਦਕ**

### ਰਾਮ ਪੁਨਿਆਨੀ

ਫੋਟੋ ਤੇ ਕੈਪਸ਼ਨ : 1.ਰਾਮ ਪੁਨਿਆਨੀ 2.ਬਾਬਾ ਸਾਹਿਬ ਅੰਬੇਡਕਰ

ਭਾਰਤੀ ਸਮਾਜ ਵਿਚ ਆਪਣੀ ਹੋਂਦ ਉਸਾਰਨ ਦੇ ਲਈ ਇਨ੍ਹਾਂ ਦਿਨਾਂ ਦੌਰਾਨ ਆਰ ਐਸ ਐਸ ਫੋਕੇ ਦਾਅਵੇ ਕਰ ਰਹੀ ਹੈ। ਕੁਝ ਮਹੀਨੇ ਪਹਿਲਾਂ ਇਹ ਦਾਅਵਾ ਕੀਤਾ ਗਿਆ ਸੀ ਕਿ ਗਾਂਧੀ ਆਰ ਐਸ ਐਸ ਦੀ ਕਾਰਜ ਪ੍ਰਣਾਲੀ ਤੋਂ ਪ੍ਰਭਾਵਿਤ ਸਨ। ਫਿਰ ਸਫੈਦ ਝੂਠ ਬੋਲਿਆ ਗਿਆ ਕਿ ਬਾਬਾ ਸਾਹਿਬ ਅੰਬੇਡਕਰ ਸੰਘ ਦੀ ਵਿਚਾਰਧਾਰਾ ਵਿਚ ਯਕੀਨ ਕਰਦੇ ਸਨ। ਇਹ ਗੱਪਾਂ ਕਿਸੇ ਛੋਟੇ ਮੋਟੇ ਆਦਮੀ ਨੇ ਨਹੀਂ, ਬਲਕਿ ਆਰ ਐਸ ਐਸ ਦੇ ਸਰਸੰਘਚਾਲਕ ਮੋਹਨ ਭਾਗਵਤ ਨੇ ਵੱਖ-ਵੱਖ ਭਾਸ਼ਣਾਂ ਦੌਰਾਨ ਮਾਰੀਆਂ। ਇਹ ਮੀਡੀਆ ਵਿਚ ਵੀ ਛਪੀਆਂ ਤੇ ਪ੍ਰਸਾਰਿਤ ਹੋਈਆਂ।

ਆਰ ਐਸ ਐਸ ਤੇ ਬਾਬਾ ਸਾਹਿਬ ਅੰਬੇਡਕਰ ਦੀ ਵਿਚਾਰਧਾਰਾ ਵਿਚ ਜ਼ਮੀਨ ਅਸਮਾਨ ਦਾ ਅੰਤਰ ਹੈ। ਜਿੱਥੇ ਬਾਬਾ ਸਾਹਿਬ ਅੰਬੇਡਕਰ ਭਾਰਤੀ ਰਾਸ਼ਟਰਵਾਦ, ਧਰਮ ਨਿਰਪੱਖਤਾ, ਸੰਵਿਧਾਨਕ ਧਰਮ ਤੇ ਸਾਮਾਜਿਕ ਨਿਆਂ ਦੇ ਸਿਧਾਂਤਾਂ ਵਿਚ ਯਕੀਨ ਕਰਦੇ ਹਨ, ਉੱਥੇ ਆਰ ਐਸ ਐਸ ਦੀ ਵਿਚਾਰਧਾਰਾ ਕੇਵਲ ਦੋ ਮੁੱਦਿਆਂ 'ਤੇ ਟਿਕੀ ਹੋਈ ਹੈ-ਪਹਿਲਾ ਹਿੰਦੂ ਧਰਮ ਦੀ ਬ੍ਰਾਹਮਣਵਾਦੀ ਵਿਆਖਿਆ ਤੇ ਦੂਸਰਾ ਹਿੰਦੂ ਰਾਸ਼ਟਰਵਾਦ, ਜਿਸ ਦਾ ਅੰਤਮ ਨਿਸ਼ਾਨਾ ਹੈ ਹਿੰਦੂ ਰਾਸ਼ਟਰ ਦੀ ਸਥਾਪਨਾ।

ਹਿੰਦੁਤਵ ਦੀ ਵਿਚਾਰਧਾਰਾ ਦੇ ਸੰਬੰਧ ਵਿਚ ਬਾਬਾ ਸਾਹਿਬ ਅੰਬੇਡਕਰ ਦੀ ਸੋਚ ਕੀ ਸੀ ? ਉਹ ਹਿੰਦੂ ਧਰਮ ਨੂੰ ਬ੍ਰਾਹਮਣਵਾਦੀ ਧਰਮ ਸ਼ਾਸਤਰ ਦੱਸਿਆ ਕਰਦੇ ਸਨ। ਅਸੀਂ ਵੀ ਇਹ ਜਾਣਦੇ ਹਾਂ ਕਿ ਹਿੰਦੂ ਧਰਮ ਵਿਚ ਬ੍ਰਾਹਮਣਵਾਦ ਦਾ ਬੋਲਬਾਲਾ ਹੈ। ਉਨ੍ਹਾਂ ਨੂੰ ਇਹ ਅਹਿਸਾਸ ਹੈ ਕਿ ਹਿੰਦੂ ਧਰਮ ਦਾ ਆਧਾਰ ਜਾਤੀਵਾਦੀ ਵਿਵਸਥਾ ਹੈ ਤੇ ਇਹ ਵਿਵਸਥਾ ਅਛੂਤਾਂ ਤੇ ਦਲਿਤਾਂ ਦੇ ਲਈ ਨਰਕ ਭਰਿਆ ਜੀਵਨ ਦੇ ਰਹੀ ਹੈ ਤੇ ਉਨ੍ਹਾਂ ਘੋਰ ਪੀੜਾਂ ਦੇ ਰਹੀ ਹੈ।

ਸ਼ੁਰੂਆਤ ਵਿਚ ਬਾਬਾ ਸਾਹਿਬ ਅੰਬੇਡਕਰ ਨੇ ਹਿੰਦੂ ਧਰਮ ਦੇ ਅੰਦਰੋਂ ਹੀ ਜਾਤੀਵਾਦ ਦੀਆਂ ਬੇੜੀਆਂ ਨੂੰ ਤੋੜਨ ਦੀ ਕੋਸ਼ਿਸ਼ ਕੀਤੀ। ਦਲਿਤਾਂ ਨੂੰ ਪੀਣ ਦੇ ਪਾਣੀ ਦੇ ਸਰੋਤਾਂ ਤੱਕ ਪਹੁੰਚ ਦਿਵਾਉਣ ਦੇ ਲਈ ਉਨ੍ਹਾਂ ਨੇ ਤਲਾਬ ਤੇ ਮੰਦਰਾਂ ਦੇ ਦਰਵਾਜ਼ੇ ਉਨ੍ਹਾਂ ਦੇ ਲਈ ਖੋਲ੍ਹਣ ਦੇ ਲਈ ਅੰਦੋਲਨ ਚਲਾਏ। ਉਨ੍ਹਾਂ ਨੇ ਜਨਤਕ ਤੌਰ 'ਤੇ ਮਨੂੰਸਿਮ੍ਰਤੀ ਫੂਕਣ ਦੇ ਪ੍ਰੋਗਰਾਮ ਵੀ ਆਯੋਜਿਤ ਕੀਤੇ, ਕਿਉਂਕਿ ਉਨ੍ਹਾਂ ਦਾ ਮੰਨਣਾ ਹੈ ਕਿ ਇਹ ਬ੍ਰਾਹਮਣਵਾਦੀ ਗ੍ਰੰਥ ਜਾਤੀਗਤ ਤੇ ਲਿੰਗਕ ਭੇਦਭਾਵ ਦਾ ਪ੍ਰਤੀਕ ਹੈ। ਉਨ੍ਹਾਂ ਨੇ ਹਿੰਦੂ ਧਰਮ ਤੇ ਬ੍ਰਾਹਮਣਵਾਦ 'ਤੇ ਵਿਚਾਰਧਾਰਕ ਹਮਲੇ ਕੀਤੇ। ਪਰੰਤੂ ਸਮੇਂ ਦੇ ਨਾਲ ਉਹ ਇਸ ਨਤੀਜੇ ਤੱਕ ਪਹੁੰਚੇ ਕਿ ਉਨ੍ਹਾਂ ਨੂੰ ਹਿੰਦੂ ਧਰਮ ਤਿਆਗ ਦੇਣਾ ਚਾਹੀਦਾ ਹੈ।

ਆਪਣੀ ਪੁਸਤਕ 'ਰਿਡਲਜ਼ ਆਫ ਹਿੰਦੂਇਜ਼ਮ' ਜਿਸ ਦਾ ਪ੍ਰਕਾਸ਼ਨ ਮਹਾਰਾਸ਼ਟਰ ਸਰਕਾਰ ਦੁਆਰਾ ਵੀ 1987 ਵਿਚ ਕੀਤਾ ਗਿਆ ਸੀ, ਵਿਚ ਅੰਬੇਡਕਰ ਹਿੰਦੂ ਧਰਮ ਦੇ ਬ੍ਰਾਹਮਣਵਾਦੀ ਸਿਸਟਮ ਦੇ ਸੰਬੰਧ ਵਿਚ ਆਪਣੇ ਵਿਚਾਰ ਪ੍ਰਗਟ ਕਰਦੇ ਹਨ। ਆਪਣੀ ਪੁਸਤਕ ਦੀ ਭੂਮਿਕਾ ਵਿਚ ਉਹ ਲਿਖਦੇ ਹਨ, 'ਇਹ ਪੁਸਤਕ ਉਨ੍ਹਾਂ ਵਿਸ਼ਵਾਸਾਂ ਦੀ ਵਿਆਖਿਆ ਕਰਦੀ ਹੈ, ਜਿਨ੍ਹਾਂ ਨੂੰ ਬ੍ਰਾਹਮਣਵਾਦੀ ਧਰਮ ਸ਼ਾਸਤਰ ਕਿਹਾ ਜਾ ਸਕਦਾ ਹੈ। ਮੈਂ ਲੋਕਾਂ ਨੂੰ ਇਹ ਦੱਸਣਾ ਚਾਹੁੰਦਾ ਹਾਂ ਕਿ ਹਿੰਦੂ ਧਰਮ ਸਨਾਤਨ ਨਹੀਂ... ਇਸ ਪੁਸਤਕਾਂ ਦਾ ਦੂਸਰਾ ਉਦੇਸ਼ ਹਿੰਦੂ ਸਮਾਜ ਨੂੰ ਬ੍ਰਾਹਮਣਾਂ ਦੇ ਤੌਰ ਤਰੀਕਿਆਂ ਤੋਂ ਜਾਣੂ ਕਰਵਾਉਣਾ ਹੈ ਤੇ ਉਨ੍ਹਾਂ ਨੂੰ ਬ੍ਰਾਹਮਣਵਾਦੀ ਸਿਧਾਤਾਂ ਬਾਰੇ ਸੁਚੇਤ ਕਰਨਾ ਹੈ, ਜੋ ਉਨ੍ਹਾਂ ਦੇ ਮਾਰਗ ਨੂੰ ਭ੍ਰਿਸ਼ਟ ਕਰਦੇ ਰਹੇ ਹਨ ਤੇ ਧੋਖਾ ਦਿੰਦੇ ਆਏ ਹਨ।'

ਅੰਬੇਡਕਰ 1955 ਦੇ ਨੇੜੇ ਤੇੜੇ ਹੀ ਹਿੰਦੂ ਧਰਮ ਤੋਂ ਦੂਰ ਹੋਣ ਲੱਗੇ। ਜਦ ਉਨ੍ਹਾਂ ਨੇ ਜਨਤਕ ਤੌਰ 'ਤੇ ਇਹ ਐਲਾਨ ਕੀਤਾ ਸੀ ਕਿ ਉਹ ਹਿੰਦੂ ਦੇ ਤੌਰ 'ਤੇ ਜਨਮੇ ਜ਼ਰੂਰ ਹਨ, ਪਰੰਤੂ ਹਿੰਦੂ ਦੇ ਤੌਰ 'ਤੇ ਮਰਨਗੇ ਨਹੀਂ। ਸੰਨ 1956 ਵਿਚ ਉਨ੍ਹਾਂ ਨੇ ਇਕ ਸਿੱਖ ਮਿਸ਼ਨਰੀ ਕਾਨਫਰੰਸ ਵਿਚ ਵੀ ਹਿੱਸਾ ਲਿਆ ਤੇ ਸਿੱਖ ਧਰਮ ਅਪਨਾਉਣ 'ਤੇ ਵੀ ਵਿਚਾਰ ਕੀਤਾ ਸੀ। ਸੰਨ 1936 ਵਿਚ ਉਨ੍ਹਾਂ ਨੇ 'ਐਨਹਿਲੇਸ਼ਨ ਆਫ ਕਾਸਟ' ਨਾਮ ਦੀ ਪੁਸਤਕ ਪ੍ਰਕਾਸ਼ਿਤ ਕੀਤੀ, ਜੋ ਕਿ ਲਾਹੌਰ ਵਿਚ ਆਯੋਜਿਤ 'ਜਾਤ ਪਾਤ ਤੋੜਕ ਮੰਡਲ ਦੀ ਸਭਾ ਵਿਚ ਮੁਖੀ ਦੇ ਤੌਰ 'ਤੇ ਉਨ੍ਹਾਂ ਦਾ ਇਹ ਭਾਸ਼ਣ ਸੀ ਜੋ ਉਹ ਦੇ ਨਾ ਸਕੇ। ਆਪਣੇ ਲਿਖਤੀ ਭਾਸ਼ਣ ਦੇ ਅੰਤ ਵਿਚ ਜ਼ੋਰ ਦੇ ਕੇ ਇਹ ਕਿਹਾ ਕਿ ਉਨ੍ਹਾਂ ਨੇ ਹਿੰਦੂ ਧਰਮ ਨੂੰ ਛੱਡਣ ਦਾ ਫੈਸਲਾ ਲੈ ਲਿਆ ਹੈ। ਮੇਰਾ ਧਰਮ ਪਰਿਵਰਤਨ ਕਰਨ ਦਾ ਇਰਾਦਾ ਪੱਕਾ ਹੈ। ਇਹ ਪਰਿਵਰਤਨ ਕਿਸੇ ਭੌਤਿਕ ਕੰਮ ਦੇ ਲਈ ਨਹੀਂ ਕਰ ਰਿਹਾ ਹਾਂ। ਮੈਂ ਜੇਕਰ ਅਛੂਤ ਵੀ ਬਣਿਆ ਰਹਾਂਗਾ ਤਾਂ ਵੀ ਅਜਿਹੀ ਕੋਈ ਪ੍ਰਾਪਤੀ ਨਹੀਂ ਹੈ, ਜੋ ਮੈਂ ਪ੍ਰਾਪਤ ਨਹੀਂ ਕਰ ਸਕਦਾ। ਮੈਂ ਕੇਵਲ ਆਪਣੇ ਅਧਿਆਤਮਕ ਨਜ਼ਰੀਏ ਦੇ ਕਾਰਨ ਧਰਮ ਪਰਿਵਰਤਨ ਕਰ ਰਿਹਾ ਹਾਂ। ਮੈਂ ਹਿੰਦੂ ਧਰਮ ਨੂੰ ਸਵੀਕਾਰ ਕਰਨ ਲਈ ਤਿਆਰ ਨਹੀਂ ਹਾਂ। ਮੇਰੀ ਅਣਖ ਮੈਨੂੰ ਹਿੰਦੂ ਧਰਮ ਨਾਲ ਜੁੜੇ ਰਹਿਣ ਦੀ ਇਜਾਜ਼ਤ ਨਹੀਂ ਦਿੰਦੀ। ਪਰੰਤੂ ਤੁਹਾਨੂੰ ਧਰਮ ਪਰਿਵਰਤਨ ਨਾਲ ਅਧਿਆਤਮਕ ਤੇ ਭੌਤਿਕ ਦੋਨਾਂ ਤਰ੍ਹਾਂ ਦੇ ਲਾਭ ਪ੍ਰਾਪਤ ਹੋਣਗੇ। ਕੁਝ ਲੋਕ ਭੌਤਿਕ ਲਾਭ ਪ੍ਰਾਪਤ ਕਰਨ ਦੇ ਲਈ ਧਰਮ ਪਰਿਵਰਤਨ ਕਰਨ ਦਾ ਮਜਾਕ ਬਣਾਉਂਦੇ ਨ ਤੇ ਉਸ 'ਤੇ ਹੱਸਦੇ ਹਨ। ਮੈਨੂੰ ਅਜਿਹੇ ਲੋਕਾਂ ਨੂੰ ਮੂਰਖ ਕਹਿਣ ਵਿਚ ਕੋਈ ਹਿਚਕਚਾਹਟ ਨਹੀਂ ਹੈ।

ਭਗਵਾਨ ਰਾਮ ਆਰ. ਐੱਸ. ਐੱਸ. ਦੁਆਰਾ ਪੇਸ਼ ਕੀਤੇ ਸੱਭਿਆਚਾਰਕ ਰਾਸ਼ਟਰਵਾਦ ਦੇ ਮੁੱਖ ਪ੍ਰਤੀਕ ਹਨ। ਆਓ ਦੇਖੀਏ ਕਿ ਬਾਬਾ ਸਾਹਿਬ ਅੰਬੇਡਕਰ ਭਗਵਾਨ ਰਾਮ ਦੇ ਬਾਰੇ ਆਪਣੀ ਪੁਸਤਕ, 'ਰਿਡਲਜ਼ ਆਫ ਰਾਮ ਐਂਡ ਕ੍ਰਿਸ਼ਨ' ਵਿਚ ਕਹਿੰਦੇ ਹਨ, "ਸੀਤਾ ਦੇ ਜੀਵਨ ਤਾਂ ਮੰਨੋ ਕੋਈ ਮਹੱਤਵ ਹੀ ਨਹੀਂ ਹੈ। ਮਹੱਤਵ ਕੇਵਲ ਵਿਅਕਤੀਗਤ ਮਹਾਨਤਾ ਅਤੇ ਨਾਮ ਦਾ ਸੀ। ਉਨ੍ਹਾਂ ਨੇ ਉੱਚ ਪੁਰਸ਼ ਹੁੰਦੇ ਹੋਏ ਇਨ੍ਹਾਂ ਅਫਵਾਹਾਂ ਨੂੰ ਰੋਕਣ ਲਈ ਕੁਝ ਨਹੀਂ ਕੀਤਾ, ਜੋ ਇੱਕ ਰਾਜਾ ਦੇ ਬਤੌਰ ਉਹ ਕਰ ਸਕਦੇ ਸਨ ਅਤੇ ਜੋ ਇੱਕ ਅਜਿਹੇ ਪਤੀ ਦੇ ਬਤੌਰ ਜੋ ਆਪਣੀ ਪਤਨੀ ਦੇ ਨਿਰਦੋਸ਼ ਹੋਣ ਦੇ ਸੰਬੰਧ ਵਿਚ ਵਿਸ਼ਵਾਸ ਕਰਨਾ ਉਨ੍ਹਾਂ ਦਾ ਫਰਜ਼ ਸੀ। ਇਕ ਸਥਾਨ 'ਤੇ ਬਾਬਾ ਸਾਹਿਬ ਲਿਖਦੇ ਹਨ ਕਿ 12 ਸਾਲ ਤੱਕ ਉਹ ਲੜਕੇ ਲਵ-ਕੁਸ਼ ਵਾਲਮੀਕਿ ਦੇ ਆਸ਼ਰਮ ਵਿਚ ਰਹਿ ਰਹੇ, ਜੋ ਅਯੁੱਧਿਆ, ਜਿੱਥੇ ਰਾਮ ਦਾ ਰਾਜ ਸੀ, ਤੋਂ ਬਹੁਤ ਦੂਰ ਸੀ। ਇਨ੍ਹਾਂ 12 ਸਾਲਾਂ ਵਿਚ ਇਸ ਆਦਰਸ਼ ਪਤੀ ਤੇ ਪਿਤਾ ਨੇ ਕਦੀ ਇਹ ਪਤਾ ਲਗਾਉਣ ਦੀ ਕੋਸ਼ਿਸ਼ ਤੱਕ ਨਹੀਂ ਕੀਤੀ ਕਿ ਸੀਤਾ ਕਿੱਥੇ ਹੈ ਜਿੰਦਾ ਹੈ ਜਾਂ ਮਰ ਗਈ ? ਸੀਤਾ ਨੇ ਰਾਮ ਦੇ ਕੋਲ ਪਰਤਣ ਦੀ ਥਾਂ ਮਰ ਜਾਣਾ ਸਹੀ ਸਮਝਿਆ। ਕਿਉਂਕਿ ਰਾਮ ਦਾ ਉਨ੍ਹਾਂ ਦੇ ਨਾਲ ਵਿਹਾਰ ਸਹੀ ਨਹੀਂ ਸੀ। ਹਿੰਦੂਵਾਦੀ ਸਭਿਆਚਾਰਕ ਰਾਸ਼ਟਰਵਾਦ ਵਿਚ ਦਲਿਤਾਂ ਦੇ ਨਾਲ ਕੀ ਵਿਹਾਰ ਹੋਵੇਗਾ ਇਹ ਰਾਮ ਦੇ ਜੀਵਨ ਤੋਂ ਸਪੱਸ਼ਟ ਹੈ ਕਿ ਉਹ ਸ਼ੰਭੂਕ ਨਾਂ ਦਾ ਸ਼ੂਦਰ ਸੀ ਜੋ ਸਵਰਗ ਜਾਣ ਦੇ ਲਈ ਤਪੱਸਿਆ ਕਰ ਰਿਹਾ ਸੀ ਤੇ ਉਸ ਨੂੰ ਬਿਨਾਂ ਕਿਸੇ ਚਿਤਾਵਨੀ ਜਾਂ ਸਪੱਸ਼ਟੀਕਰਨ ਦੇ ਉਸ ਦਾ ਸਿਰ ਕੱਟ ਦਿੱਤਾ।



ਬਾਬਾ ਸਾਹਿਬ ਅੰਬੇਡਕਰ ਦਾ ਸ਼ੂਦਰ ਜਾਤੀਆਂ ਲਈ ਸੁਪਨਾ ਅਜ਼ਾਦੀ ਦੇ ਏਨੇ ਸਾਲਾਂ ਦੇ ਬਾਅਦ ਵੀ ਅਧੂਰਾ ਹੈ। ਜਾਤੀਵਾਦ ਦੇਸ਼ ਵਿਚ ਅੱਜ ਇੱਕ ਮਹੱਤਵਪੂਰਨ ਕਾਰਕ ਬਣਿਆ ਹੋਇਆ ਹੈ। ਬਾਬਾ ਸਾਹਿਬ ਅੰਬੇਡਕਰ ਜਾਤੀਵਾਦ ਨੂੰ ਤੋੜਨ ਦੀ ਗੱਲ ਕਰਦੇ ਸਨ। ਜਦ ਕਿ ਸੰਘ ਪਰਿਵਾਰ ਜਾਤੀਵਾਦ ਨੂੰ ਉਤਸ਼ਾਹਿਤ ਕਰਨ ਤੇ ਮਨੂੰ ਸਿਮ੍ਰਤੀਆਂ ਦੇ ਸੰਵਿਧਾਨ ਨੂੰ ਲਾਗੂ ਕਰਨ ਦੀ ਗੱਲ ਕਰਦਾ ਹੈ। ਇਸ ਤੋਂ ਸਪੱਸ਼ਟ ਹੈ ਕਿ ਅੰਬੇਡਕਰ ਤੇ ਆਰ. ਐੱਸ. ਐੱਸ. ਦੇ ਵਿਚਾਰ ਆਪਸ ਵਿਚ ਨਹੀਂ ਮੇਲ ਖਾਂਦੇ। ਆਰ. ਐੱਸ. ਐੱਸ. ਦੀ ਰਾਜਨੀਤਕ ਵਿਚਾਰਧਾਰਾ ਦੇ ਮੂਲ ਆਧਾਰ ਹੈ ਹਿੰਦੁਤਵ ਜਾਂ ਹਿੰਦੂ ਰਾਸ਼ਟਰਵਾਦ। ਬਾਬਾ ਸਾਹਿਬ ਅੰਬੇਡਕਰ ਨੇ ਇਸ ਮੁੱਦੇ 'ਤੇ ਬਹੁਤ ਡੂੰਘਾਈ ਨਾਲ ਵਿਚਾਰ ਕੀਤਾ। ਉਨ੍ਹਾਂ ਦੇ ਵਿਚਾਰ ਉਨ੍ਹਾਂ ਦੀ ਵਿਦਵਤਾਪੂਰਨ ਪੁਸਤਕ, "ਥਾਟਸ ਆਫ ਪਾਕਿਸਤਾਨ" ਵਿਚ ਪਾਕਿਸਤਾਨ ਬਾਰੇ ਵਿਚਾਰ ਮੌਜੂਦ ਹਨ। ਇਸ ਪੁਸਤਕ ਵਿਚ ਉਹ ਆਰ ਐਸ ਐਸ ਦੀ ਹਿੰਦੂ ਰਾਸ਼ਟਰ ਦੀ ਵਿਚਾਰਧਾਰਾ ਦੇ ਸਿਰਜਣਹਾਰ ਸਾਵਰਕਰ ਦੁਆਰਾ ਪੇਸ਼ ਹਿੰਦੂ ਰਾਸ਼ਟਰਵਾਦ ਦੀ ਮੁਸਲਿਮ ਰਾਸ਼ਰਵਾਦ ਦੀ ਵਿਚਾਰਧਾਰਾ ਦੀ ਤੁਲਨਾ ਕਰਦੇ ਹੋਏ ਕਹਿੰਦੇ ਹਨ, "ਸ੍ਰੀ ਸਾਵਰਕਰ ਤੇ ਜਿਨਾਹ ਵਿਚ ਕੋਈ ਵਿਰੋਧ ਨਹੀਂ, ਉਹ ਇਕ ਦੂਸਰੇ ਨਾਲ ਪੂਰੀ ਤਰ੍ਹਾਂ ਸਹਿਮਤ ਹਨ। ਦੋਨੋਂ ਜੋਰ ਦੇ ਕੇ ਇਹ ਕਹਿੰਦੇ ਹਨ ਕਿ ਭਾਰਤ ਵਿਚ ਦੋ ਰਾਸ਼ਟਰ ਹਨ। ਇਕ ਹਿੰਦੂ ਰਾਸ਼ਟਰ ਤੇ ਦੂਸਰਾ ਮੁਸਲਮ ਰਾਸ਼ਟਰ। ਇਨ੍ਹਾਂ ਦੇ ਮਤਭੇਦ ਸਿਰਫ ਇਸ ਮੁੱਦੇ 'ਤੇ ਹਨ ਕਿ ਇਨ੍ਹਾਂ ਦੋਨਾਂ ਰਾਸ਼ਟਰਾਂ ਨੂੰ ਕਿੰਨਾ ਸ਼ਰਤਾਂ ਦੇ ਅਧੀਨ ਰਹਿਣਾ ਹੋਵੇਗਾ। ਜਿਨਾਹ ਦਾ ਕਹਿਣਾ ਹੈ ਕਿ ਭਾਰਤ ਨੂੰ ਪਾਕਿਸਤਾਨ ਤੇ ਭਾਰਤ ਵਿਚ ਵੰਡ ਦੇਣਾ ਚਾਹੀਦਾ ਹੈ। ਮੁਸਲਮ ਰਾਸ਼ਟਰ ਨੂੰ ਪਾਕਿਸਤਾਨ ਵਿਚ ਰਹਿਣਾ ਚਾਹੀਦਾ ਹੈ ਤੇ ਹਿੰਦੂ ਰਾਸ਼ਟਰ ਨੂੰ ਹਿੰਦੁਸਤਾਨ ਵਿਚ। ਦੂਸਰੇ ਪਾਸੇ ਸ੍ਰੀ ਸਾਵਰਕਰ ਦਾ ਜ਼ੋਰ ਇਸ ਗੱਲ 'ਤੇ ਸੀ ਕਿ ਜੇਕਰ ਭਾਰਤ ਵਿਚ ਦੋ ਰਾਸ਼ਟਰ ਹਨ ਤਾਂ ਭਾਰਤ ਦੇ ਭਾਗਾਂ ਵਿਚ ਵੰਡਿਆ ਨਹੀਂ ਜਾਣਾ ਚਾਹੀਦਾ, ਜਿਨ੍ਹਾਂ ਵਿਚ ਇਕ ਭਾਗ ਮੁਸਲਮਾਨਾਂ ਦਾ ਹੋਵੇ ਤੇ ਦੂਸਰਾ ਹਿੰਦੂਆਂ ਦਾ। ਬਲਕਿ ਦੋਨੋਂ ਰਾਸ਼ਟਰ ਇਕ ਹੀ ਦੇਸ਼ ਵਿਚ ਰਹਿਣਗੇ ਜਿਸ ਦਾ ਇਕ ਹੀ ਸੰਵਿਧਾਨ ਹੋਵੇਗਾ ਤੇ ਇਹ ਉਹ ਸੰਵਿਧਾਨ ਇਹੋ ਅਜਿਹਾ ਹੋਵੇਗਾ ਜੋ ਹਿੰਦੂ ਰਾਸ਼ਟਰ ਨੂੰ ਪ੍ਰਵਾਨ ਹੋਵੇਗਾ ਤੇ ਮੁਸਲਮ ਰਾਸ਼ਟਰ ਨੂੰ ਹਿੰਦੂ ਰਾਸ਼ਟਰ ਦੇ ਅਧੀਨ ਰਹਿਣਾ ਹੋਵੇਗਾ। (ਥਾਟਸ ਆਨ ਪਾਕਿਸਤਾਨ ਖੰਡ 3 ਅਧਿਆਇ 7)

ਬਾਬਾ ਸਾਹਿਬ ਅੰਬੇਡਕਰ ਇਹ ਕਹਿੰਦੇ ਸਨ ਕਿ ਹਿੰਦੂ ਭਾਵੇਂ ਕੁਝ ਵੀ ਕਹਿਣ ਪਰ ਹਿੰਦੂ ਧਰਮ ਸੁਤੰਤਰਤਾ, ਸਮਾਨਤਾ ਤੇ ਭਾਈਚਾਰੇ ਲਈ ਖਤਰਾ ਹੈ। ਇਸ ਕਾਰਨ ਇਹ ਜਮਹੂਰੀਅਤ ਦੇ ਨਾਲ ਧੋਖਾ ਹੈ। ਹਿੰਦੂ ਰਾਜ ਨੂੰ ਕਿਸੇ ਵੀ ਕੀਮਤ 'ਤੇ ਰੋਕਿਆ ਜਾਣਾ ਚਾਹੀਦਾ ਹੈ। ਜਿੱਥੇ ਬਾਬਾ ਸਾਹਿਬ ਅੰਬੇਡਕਰ ਸੰਵਿਧਾਨ ਦੇ ਨਿਰਮਾਤਾ ਸਨ, ਉੱਥੇ ਸੰਘ ਪਰਿਵਾਰ ਭਾਰਤੀ ਸੰਵਿਧਾਨ ਨੂੰ ਹਿੰਦੂ ਵਿਰੋਧੀ ਦੱਸਦਾ ਹੈ ਤੇ ਹਿੰਦੂ ਧਰਮ ਗ੍ਰੰਥਾਂ ਦੇ ਆਧਾਰਿਤ ਨਵਾਂ ਸਿਧਾਂਤ ਰਚਣ ਦੇ ਲਈ ਸਰਗਰਮ ਹੈ। ਬਾਬਾ ਸਾਹਿਬ ਅੰਬੇਡਕਰ ਨੂੰ ਆਰ ਐਸਐਸ ਦੀ ਵਿਚਾਰਧਾਰਾ ਨਾਲ ਜੋੜਨ ਦਾ ਮੋਹਨ ਭਾਗਵਤ ਦਾ ਯਤਨ ਲੋਕਾਂ ਦੀਆਂ ਅੱਖਾਂ ਵਿਚ ਮਿੱਟੀ ਪਾਉਣਾ ਹੈ। ਆਰ ਐਸ ਐਸ ਦਰਅਸਲ ਉਨ੍ਹਾਂ ਲੋਕਾਂ ਦਾ ਸਮਰੱਥਨ ਹਾਸਲ ਕਰਨਾ ਚਾਹੁੰਦਾ ਹੈ ਜੋ ਅੰਬੇਡਕਰ ਦੀ ਵਿਚਾਰਧਾਰਾ ਨਾਲ ਜੁੜੇ ਹੋਏ ਹਨ ਤਾਂ ਜੋ ਸੱਤਾ 'ਤੇ ਕਬਜ਼ਾ ਕੀਤਾ ਜਾ ਸਕੇ। ਮੂਲ ਨਿਵਾਸੀਆਂ ਨੂੰ ਆਰ ਐਸ ਐਸ ਦੀਆਂ ਇਨ੍ਹਾਂ ਸਾਜ਼ਿਸ਼ੀ ਨੀਤੀਆਂ ਨੂੰ ਪਛਾਨਣਾ ਪਵੇਗਾ।

ਹਿੰਦੂ ਮੁਸਲਮ ਅਤੇ ਮੁਸਲਮਾਨ ਤੇ ਭਾਗਵਤ

ਹਿੰਦੂ ਰਾਸ਼ਟਰ ਦੇ ਆਪਣੇ ਏਜੰਡੇ ਨੂੰ ਅੱਗੇ ਵਧਾਉਂਦੇ 'ਏ ਆਰ ਐਸ ਐਸ ਅੱਜ ਦੇਸ਼ ਦਾ ਸਭ ਤੋਂ ਵੱਡਾ ਸੰਗਠਨ ਬਣ ਗਿਆ ਹੈ। ਉਸ ਦੇ ਮੁਖੀ ਆਰ ਐਸ ਐਸ 'ਤੇ ਪੂਰਾ ਕੰਟਰੋਲ ਰੱਖਦੇ ਹੀ ਹਨ, ਅਪ੍ਰੱਤਖ ਰੂਪ ਵਿਚ ਭਾਜਪਾ ਵਿਸ਼ਵ ਹਿੰਦੂ ਪ੍ਰੀਸ਼ਦ, ਬਜਰੰਗ ਦਲ, ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ ਤੇ ਆਰ ਐਸ ਐਸ ਨਾਲ ਸੰਬੰਧਿਤ ਹੋਰ ਸੈਂਕੜੇ ਸੰਗਠਨ ਉਨ੍ਹਾਂ ਦੀ ਮੁੱਠੀ ਵਿਚ ਰਹਿੰਦੇ ਹਨ। ਇਹ ਸੰਗਠਨ ਭਾਰਤ ਦੇ ਵੱਖ ਵੱਖ ਹਿੱਸਿਆਂ ਵਿਚ ਸਾਮਾਜਿਕ, ਸਿੱਖਿਅਕ, ਰਾਜਨੀਤਕ ਤੇ ਆਰਥਿਕ ਖੇਤਰਾਂ ਵਿਚ ਸਰਗਰਮ ਹੈ। 24 ਫਰਵਰੀ 2018 ਦੌਰਾਨ ਆਗਰਾ ਵਿਚ ਆਯੋਜਿਤ ਰਾਸ਼ਟਰ ਉਦੈ ਸਮਾਗਮ ਵਿਚ ਬੋਲਦੇ ਹੋਏ ਸਰਸੰਘਚਾਲਕ ਮੋਹਨ ਭਾਗਵਤ ਨੇ ਹਿੰਦੂ ਰਾਸ਼ਟਰ ਦੇ ਸੰਬੰਧ ਵਿਚ ਕਈ ਗੱਲਾਂ ਕਹੀਆਂ। ਭਾਗਵਤ ਨੇ ਕਿਹਾ ਹਿੰਦੂਆਂ ਨੂੰ ਇਕ ਹੋਣਾ ਚਾਹੀਦਾ ਹੈ ਤੇ ਜਾਤੀ ਦੇ ਆਧਾਰ 'ਤੇ ਆਪਸ ਵਿਚ ਸੰਘਰਸ਼ ਜਾਂ ਵਿਵਾਦ ਨਹੀਂ ਕਰਨਾ ਚਾਹੀਦਾ। ਉਨ੍ਹਾਂ ਨੇ ਇਹ ਵੀ ਕਿਹਾ ਕਿ ਭਾਰਤ ਹਿੰਦੂਆਂ ਦਾ ਦੇਸ਼ ਹੈ। ਜਿਸ ਨੂੰ ਬਾਬਾ ਸਾਹਿਬ ਅੰਬੇਡਕਰ ਜਾਤੀ ਸੰਘਰਸ਼ ਦੱਸ ਰਹੇ ਹਨ, ਦਰਅਸਲ ਉਹ ਸਾਮਾਜਿਕ ਨਿਆਂ ਦਾ ਸੰਘਰਸ਼ ਹੈ। ਹਿੰਦੂ ਧਰਮ ਦੇ ਜਾਤੀ ਆਧਾਰਿਤ ਢਾਂਚੇ ਦੇ ਵਿਰੋਧ ਵਿਚ ਸਦੀਆਂ ਤੋਂ ਅੰਦੋਲਨ ਖੜੇ ਹੁੰਦੇ ਰਹੇ। ਗੌਤਮ ਬੁੱਧ ਨੂੰ ਅਸੀਂ ਇਸ ਅੰਦੋਲਨ ਦਾ ਸਭ ਤੋਂ ਪੁਰਾਣਾ ਆਗੂ ਕਹਿ ਸਕਦੇ ਹਾਂ। ਇਸ ਦੇ ਬਾਅਦ ਸੰਤ ਕਬੀਰ, ਸੰਤ ਨਾਮਦੇਵ, ਸੰਤ ਰਵੀਦਾਸ, ਗੁਰੂ ਨਾਨਕ ਸਾਹਿਬ ਵਰਗੇ ਸੰਤਾਂ ਨੇ ਵੀ ਜਾਤੀ ਪ੍ਰਥਾ ਦੇ ਵਿਰੁੱਧ ਆਵਾਜ਼ ਉਠਾਈ। ਭਾਗਵਤ ਜਿਸ ਨੂੰ ਜਾਤੀ ਆਧਾਰਿਤ ਸੰਘਰਸ਼ ਦੱਸ ਰਹੇ ਹਨ, ਉਸ ਵਿਚ ਜੋਤਿਬਾ ਫੂਲੇ ਦਾ ਅੰਦੋਲਨ ਵੀ ਸ਼ਾਮਲ ਹੈ, ਜਿਸ ਦਾ ਨਿਸ਼ਾਨਾ ਅਛੂਤਾਂ ਨੂੰ ਸਿੱਖਿਅਕ ਕਰਨਾ ਸੀ। ਬਾਬਾ ਸਾਹਿਬ ਅੰਬੇਡਕਰ ਨੇ ਇਸ ਸੰਘਰਸ਼ ਨੂੰ ਅੱਗੇ ਵਧਾਇਆ ਤੇ ਜਾਤੀਗਤ ਸਮਾਨਤਾ ਦੇ ਅੰਦੋਲਨ ਨੂੰ ਨਵੀਂ ਦਿਸ਼ਾ ਪ੍ਰਦਾਨ ਕੀਤੀ। ਸੁਤੰਤਰਤਾ ਤੋਂ ਪਹਿਲਾਂ, ਹਿੰਦੂ ਮਹਾਂ ਸਭਾ, ਆਰ ਐਸ ਐਸ, ਅਜ਼ਾਦੀ ਅੰਦੋਲਨ ਦੇ ਸਮਾਨਾਂਤਰ ਚਲ ਰਹੇ ਸਮਾਜ ਸੁਧਾਰ ਅੰਦੋਲਨਾਂ ਤੋਂ ਬਹੁਤ ਪਰੇਸ਼ਾਨ ਸੀ ਤੇ ਇਸ ਲਈ ਉਨ੍ਹਾਂ ਨੇ ਹਿੰਦੂਆਂ ਨੂੰ ਇਕ ਹੋਣ ਦਾ ਸੱਦਾ ਦਿੱਤਾ।

ਜਾਤੀ ਦੇ ਸੁਆਲ 'ਤੇ ਹਿੰਦੁਤਵ ਵਾਦੀ ਸੰਗਠਨ ਇਕੱਠੇ ਸਨ। ਜਦ ਕਿ ਅੰਬੇਡਕਰ ਜਾਤੀ ਦੇ ਵਿਰੋਧ ਵਿਚ ਖੜੇ ਸਨ। ਇਸੇ ਕਰਕੇ ਉਨ੍ਹਾਂ ਨੇ ਮਨੂੰਸਿਮਰਤੀਆਂ ਨੂੰ ਫੂਕਿਆ ਤੇ ਭਾਰਤੀ ਸੰਵਿਧਾਨ ਦਾ ਖਾਕਾ ਤਿਆਰ ਕਰਨ ਵਾਲੀ ਕਮੇਟੀ ਦੇ ਮੁਖੀ ਤੌਰ 'ਤੇ ਭਾਰਤ ਨੂੰ ਸਮਾਨਤਾ ਦੇ ਆਧਾਰਿਤ ਸੰਵਿਧਾਨ ਦਿੱਤਾ। ਇਸ ਦੇ ਨਾਲ ਹੀ ਸੰਵਿਧਾਨ ਵਿਚ ਦੱਬੇ ਕੁਚਲੇ ਤੇ ਪੱਛੜੇ ਵਰਗਾਂ ਦੇ ਲਈ ਸਾਕਾਰਾਤਮਕ ਕਾਰਵਾਈ ਕਰਨ ਸੰਬੰਧੀ ਕਾਨੂੰਨ ਵੀ ਪਾਸ ਕੀਤੇ ਤਾਂ ਕਿ ਪੱਛੜੇ ਅਤੇ ਦੱਬੇ ਕੁਚਲੇ ਲੋਕ ਅਜ਼ਾਦੀ ਦਾ ਆਨੰਦ ਮਾਣ ਸਕਣ। ਹਿੰਦੂ ਰਾਸ਼ਟਰਵਾਦੀ ਰਾਜਨੀਤੀ ਦੱਬੇ ਕੁਚਲੇ ਲੋਕਾਂ ਦੀ ਬਿਹਤਰੀ ਦੇ ਲਈ ਸਾਕਾਰਾਤਮਕ ਕਦਮਾਂ ਦੀ ਵਿਰੋਧੀ ਹੈ। ਉਹ ਰਾਖਵਾਂਕਰਨ ਨਹੀਂ ਚਾਹੁੰਦੀ। ਸਰਕਾਰੀ ਨੌਕਰੀਆਂ ਵਿਚ ਯੋਗਤਾ ਨੂੰ ਉਤਸ਼ਾਹਿਤ ਕਰਨ ਦੇ ਨਾਮ 'ਤੇ ਉਸ ਨੇ ਰਾਖਵਾਂਕਰਨ ਦਾ ਵਿਰੋਧ ਕਰਨ ਦੇ ਲਈ ਯੂਥ ਫਾਰ ਇਕੁਆਲਿਟੀ ਵਰਗੀਆਂ ਸੰਸਥਾਵਾਂ ਬਣਾਈਆਂ। ਹੁਣ ਆਰ ਐਸ ਐਸ ਵੀ ਇਸੇ ਰਾਹ 'ਤੇ ਚਲ ਰਿਹਾ ਹੈ।

ਆਰ ਐਸ ਐਸ ਦੇ ਪੁਰਾਣੇ ਨੇਤਾ ਗੁਰੂ ਗੋਲਵਾਲਕਰ ਮਨੂੰਸਿਮਰਤੀਆਂ ਦੀ ਪ੍ਰਸ਼ੰਸਾ ਦੇ ਗੀਤ ਗਾਉਂਦੇ ਹੇ ਹਨ। ਸੰਘ ਪਰਿਵਾਰ ਨੂੰ ਭਾਰਤੀ ਸੰਵਿਧਾਨ ਪਸੰਦ ਨਹੀਂ ਹੈ। ਭਾਗਵਤ ਜਦ ਇਹ ਕਹਿੰਦੇ ਹਨ ਕਿ ਹਿੰਦੂਆਂ ਦੇ ਕੋਲ ਵਸਣ ਦੇ ਲਈ ਹਿੰਦੋਸਤਾਨ ਤੋਂ ਇਲਾਵਾ ਕੋਈ ਦੇਸ਼ ਨਹੀਂ ਤਦ ਇਸ ਤੋਂ ਉਨ੍ਹਾਂ ਦਾ ਕੀ ਮਤਲਬ ਹੈ ? ਕੀ ਉਹ ਨਹੀਂ ਜਾਣਦੇ ਕਿ ਪੂਰੀ ਦੁਨੀਆਂ ਵਿਚ ਬਿਹਤਰ ਮੌਕਿਆਂ ਦੀ ਤਲਾਸ਼ ਵਿਚ ਹੋਰ ਦੇਸਾਂ ਵਿਚ ਵਸਦੇ ਰਹੇ ਹਨ ਤੇ ਭਾਰਤੀ ਹਿੰਦੂ ਇਸ ਤੋਂ ਸੱਖਣੇ ਨਹੀਂ ਹਨ। ਵੱਡੀ ਸੰਖਿਆ ਵਿਚ ਹਿੰਦੂ ਕੈਨੇਡਾ, ਲੋਕ ਅਸਟਰੇਲੀਆ ਤੇ ਇੰਗਲੈਂਡ ਜਾ ਰਹੇ ਹਨ ਤੇ ਇਨ੍ਹਾਂ ਦੇਸ਼ਾਂ ਦੀ ਨਾਗਰਿਕਤਾ ਲੈ ਰਹੇ ਹਨ। ਸੰਘ ਪ੍ਰਮੁਖ ਦਾ ਇਹ ਕਥਨ ਹਿੰਦੂਆਂ ਦੇ ਕੋਲ ਭਾਰਤ ਤੋਂ ਇਲਾਵਾ ਕੋਈ ਦੇਸ਼ ਨਹੀਂ ਹੈ, ਤਰਕ ਦੇ ਤੌਰ 'ਤੇ ਗਲਤ ਹੈ। ਇਹ ਵੀ ਗਲਤ ਧਾਰਨਾ ਹੈ ਕਿ ਭਾਰਤ ਕੇਵਲ ਹਿੰਦੂਆਂ ਦਾ ਦੇਸ਼ ਹੈ। ਕੌਣ ਇਸ

ਬਾਕੀ ਸਫ਼ਾ 32 'ਤੇ

## ਭਾਜਪਾ ਦੇ ਕੌਰਵਾਂ ਨਾਲ ਪਾਂਡਵਾਂ ਵਾਂਗ ਲੜਾਂਗੇ: ਰਾਹੁਲ

### ਸ਼ੋਸ਼ੇਬਾਜ਼ੀ ਰਾਹੀਂ ਮੂਲ ਮਸਲਿਆਂ ਤੋਂ ਧਿਆਨ ਹਟਾਉਣ ਦਾ ਦੋਸ਼



**ਨਵੀਂ ਦਿੱਲੀ/ਬਿਊਰੋ ਨਿਊਜ਼:** ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੇ ਮਹਾਂਭਾਰਤ ਦੀ ਮਿਸਾਲ ਦਿੰਦਿਆਂ ਕਿਹਾ ਕਿ ਅਗਲੇ ਸਾਲ ਦੀਆਂ ਆਮ ਚੋਣਾਂ ਵਿੱਚ ਸੱਤਾਧਾਰੀ ਭਾਜਪਾ ਨਾਲ ਕੌਰਵਾਂ ਤੇ ਪਾਂਡਵਾਂ ਵਾਂਗ ਯੁੱਧ ਹੋਵੇਗਾ। ਪਾਰਟੀ ਦੇ ਮਹਾਂ-ਸੰਮੇਲਨ ਨੂੰ ਸੰਬੋਧਨ ਕਰਦਿਆਂ ਰਾਹੁਲ ਗਾਂਧੀ ਨੇ ਕਿਹਾ ਕਿ ਭਾਜਪਾ ਸੱਤਾ ਖ਼ਾਤਰ ਕੌਰਵਾਂ ਦੀ ਤਰ੍ਹਾਂ ਵਿਹਾਰ ਕਰ ਰਹੀ ਹੈ ਜਦਕਿ ਕਾਂਗਰਸ ਪਾਂਡਵਾਂ ਦੀ ਤਰ੍ਹਾਂ ਹਮੇਸ਼ਾਂ ਸਚਾਈ ਲਈ ਜੂਝਦੀ ਹੈ। ਭਾਜਪਾ ਸ਼ੋਸ਼ੇਬਾਜ਼ੀ ਕਰ ਕੇ ਬੇਰੁਜ਼ਗਾਰੀ ਤੇ ਖੇਤੀਬਾੜੀ ਸੰਕਟ ਜਿਹੇ ਮੂਲ ਮੁੱਦਿਆਂ ਤੋਂ ਲੋਕਾਂ ਦਾ ਧਿਆਨ ਹਟਾਉਣਾ ਚਾਹੁੰਦੀ ਹੈ। ਦੇਸ਼ ਸਾਹਮਣੇ ਮੂੰਹ ਅੱਡੀ ਖੜ੍ਹੀਆਂ ਚੁਣੌਤੀਆਂ ਨੂੰ ਸਵੀਕਾਰਨ ਦੀ ਬਜਾਏ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਮਸਲਿਆਂ ਤੋਂ ਲੋਕਾਂ ਦਾ ਧਿਆਨ ਹਟਾਉਣਾ ਚਾਹੁੰਦੇ ਹਨ। ਸਾਨੂੰ ਦੱਸਿਆ ਜਾ ਰਿਹਾ ਹੈ ਕਿ ਸਾਡੀਆਂ ਇਹ ਸਮੱਸਿਆਵਾਂ ਸਾਡੀ ਕਲਪਨਾ ਦਾ ਹਿੱਸਾ ਮਾਤਰ ਹਨ।" "ਕੌਰਵਾਂ ਦੀ ਤਰ੍ਹਾਂ ਭਾਜਪਾ ਤੇ ਆਰਐਸਐਸ ਸੱਤਾ ਲਈ ਲੜਦੇ ਹਨ। ਕਾਂਗਰਸ ਪਾਂਡਵਾਂ ਦੀ ਤਰ੍ਹਾਂ ਸਚਾਈ ਲਈ ਲੜਦੀ ਹੈ। ਭਾਜਪਾ ਜਥੇਬੰਦੀ ਦੀ ਆਵਾਜ਼ ਹੈ ਜਦਕਿ ਕਾਂਗਰਸ ਦੇਸ਼ ਦੀ ਆਵਾਜ਼ ਹੈ।"

ਕਾਂਗਰਸ ਆਗੂ ਨੇ ਕਿਹਾ ਕਿ ਅੱਜ ਭ੍ਰਿਸ਼ਟ ਤੇ ਸ਼ਕਤੀਸ਼ਾਲੀ ਲੋਕ ਦੇਸ਼ ਦੇ ਸੰਵਾਦ ਨੂੰ ਕੰਟਰੋਲ ਕਰ ਰਹੇ ਹਨ ਤੇ ਮੋਦੀ ਸੱਤਾ ਤੇ ਚਹੇਤੇ ਪੂੰਜੀਪਤੀਆਂ ਵਿਚਕਾਰ ਗੱਠਜੋੜ ਦੇ ਪ੍ਰਤੀਕ ਬਣ ਗਏ ਹਨ। ਉਨ੍ਹਾਂ ਕਿਹਾ ਕਿ ਇਸ ਵੇਲੇ ਦੁਨੀਆ ਪ੍ਰਤੀ ਅਮਰੀਕਾ ਤੇ ਚੀਨ ਦੇ ਦੋ ਨਜ਼ਰੀਏ ਕੰਮ ਕਰ ਰਹੇ ਹਨ ਤੇ 10 ਸਾਲਾਂ ਬਾਅਦ ਉਹ ਉਨ੍ਹਾਂ ਦੇ ਮੁਕਾਬਲੇ 'ਤੇ ਭਾਰਤੀ ਨਜ਼ਰੀਆ ਸਾਹਮਣੇ ਆਉਂਦਾ ਦੇਖਣਾ ਚਾਹੁੰਦੇ ਹਨ। ਆਪਣੀ ਤਕਰੀਰ ਵਿੱਚ ਸ੍ਰੀ ਗਾਂਧੀ ਨੇ ਪਾਰਟੀ ਵਰਕਰਾਂ ਨੂੰ ਭਰੋਸਾ ਦਿਵਾਇਆ ਕਿ ਉਨ੍ਹਾਂ (ਕਾਰਕੁਨਾਂ) ਤੇ ਪਾਰਟੀ ਆਗੂਆਂ ਦਰਮਿਆਨ ਕੰਧ ਗਿਰਾ ਦੇਣਗੇ ਤੇ ਉਨ੍ਹਾਂ ਕਾਂਗਰਸ ਦੇ ਮੰਚ ਹੋਣਹਾਰ ਨੌਜਵਾਨਾਂ ਨਾਲ ਭਰ ਦੇਣ ਦਾ ਅਹਿਦ ਲਿਆ। ਨਾਲ ਹੀ ਜ਼ਾਬਤੇ ਦੀ ਲੋੜ 'ਤੇ ਜ਼ੋਰ ਦਿੰਦਿਆਂ ਉਨ੍ਹਾਂ ਕਿਹਾ " ਆਓ ਆਪਾਂ ਸਾਰੇ ਆਪਸੀ ਮਤਭੇਦ ਭੁਲਾ ਕੇ ਪਾਰਟੀ ਦੀ ਜਿੱਤ ਯਕੀਨੀ ਬਣਾਉ ਲਈ ਯਤਨਸ਼ੀਲ ਹੋਈਏ।"

### ਕਾਂਗਰਸੀ ਤਾਂ ਭਗਵਾਨ ਰਾਮ 'ਤੇ ਕਿੰਤੂ ਕਰਦੇ ਨੇਂ: ਸੀਤਾਰਾਮਨ

ਨਵੀਂ ਦਿੱਲੀ: ਰੱਖਿਆ ਮੰਤਰੀ ਨਿਰਮਲਾ ਸੀਤਾਰਾਮਨ ਨੇ ਕਿਹਾ ਕਿ ਕਾਂਗਰਸ ਪਾਂਡਵਾਂ ਦੀ ਗੱਲ ਕਿਵੇਂ ਕਰ ਸਕਦੀ ਹੈ ਜਦਕਿ ਇਹ ਭਗਵਾਨ ਰਾਮ ਦੀ ਬੁਨਿਆਦੀ ਹੋਂਦ ਤੋਂ ਹੀ ਮੁਨਕਰ ਹੋ ਚੁੱਕੀ ਹੈ। ਉਨ੍ਹਾਂ ਕਿਹਾ ਰਾਹੁਲ ਗਾਂਧੀ ਦੀ ਤਕਰੀਰ ਇਕ ਹਾਰੇ ਹੋਏ ਆਗੂ ਦਾ ਵਖਿਆਨ ਤੇ ਠੋਸ ਸਬੂਤਾਂ ਤੋਂ ਸੱਖਣੀ ਜਾਪਦੀ ਹੈ।

### ਸਿੱਖ ਕਤਲੇਆਮ ਦਾ ਮਿਹਣਾ ਮਾਰਿਆ

ਨਵੀਂ ਦਿੱਲੀ: ਮਨੁੱਖੀ ਸਰੋਤ ਵਿਕਾਸ ਮੰਤਰੀ ਤੇ ਸੀਨੀਅਰ ਭਾਜਪਾ ਨੇਤਾ ਪ੍ਰਕਾਸ਼ ਜਾਵੜੇਕਰ ਨੇ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਵੱਲੋਂ ਕੀਤੀ ਤਕਰੀਰ ਦੀ ਨਿਖੇਧੀ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਪਹਿਲਾਂ ਆਪਣੀ ਪਾਰਟੀ ਦੇ ਕਾਰਨਾਮਿਆਂ ਬਦਲੇ ਮੁਆਫ਼ੀ ਮੰਗਣੀ ਚਾਹੀਦੀ ਹੈ, ਫਿਰ ਪ੍ਰਧਾਨ ਮੰਤਰੀ ਮੋਦੀ ਦਾ ਨਾਂ ਲੈਣਾ ਚਾਹੀਦਾ ਹੈ। ਸ੍ਰੀ ਜਾਵੜੇਕਰ ਨੇ ਕਿਹਾ "ਮੋਦੀ ਸਰਕਾਰ ਦੀ ਨੁਕਤਾਚੀਨੀ ਕਰਦਿਆਂ ਉਹ ਭੁੱਲ ਜਾਂਦੇ ਹਨ ਕਿ ਕਾਂਗਰਸ ਨੇ ਸਿੱਖਾਂ ਦਾ ਕਤਲੇਆਮ ਕੀਤਾ ਸੀ, ਉਨ੍ਹਾਂ ਮੀਡੀਆ ' ਚ ਸੈਂਸਰਸ਼ਿਪ ਲਿਆਂਦੀ ਤੇ ਉਨ੍ਹਾਂ ਦੇ ਭ੍ਰਿਸ਼ਟਾਚਾਰ ਤੇ ਘਪਲੇ ਜੱਗ ਜ਼ਾਹਰ ਹਨ।"

## ਮੋਦੀ ਸਰਕਾਰ ਨੇ ਦੇਸ਼ ਦੇ ਅਰਥਚਾਰੇ ਦਾ ਬੁਰਾ ਹਾਲ ਕੀਤਾ: ਡਾ. ਮਨਮੋਹਨ ਸਿੰਘ

**ਨਵੀਂ ਦਿੱਲੀ/ਬਿਊਰੋ ਨਿਊਜ਼:**
ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਮੋਦੀ ਸਰਕਾਰ 'ਤੇ ਜ਼ੋਰਦਾਰ ਹਮਲਾ ਬੋਲਦਿਆਂ ਕਿਹਾ ਕਿ ਇਸ ਸਰਕਾਰ ਨੇ ਦੇਸ਼ ਦੇ ਅਰਥਚਾਰੇ ਦਾ 'ਬੁਰਾ ਹਾਲ' ਕਰ ਦਿੱਤਾ ਹੈ ਤੇ ਆਮ ਲੋਕਾਂ ਨੂੰ 'ਜੁਮਲਿਆਂ' ਤੋਂ ਬਿਨਾਂ ਹੋਰ ਕੁਝ ਨਹੀਂ ਦਿੱਤਾ। ਉਨ੍ਹਾਂ ਕਿਹਾ ਕਿ ਭਾਜਪਾ ਦੀ ਅਗਵਾਈ ਵਾਲੀ ਐਨਡੀਏ ਸਰਕਾਰ ਨੇ ਦੋ ਕਰੋੜ ਨੌਕਰੀਆਂ ਪੈਦਾ ਕਰਨ ਤੇ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦੇ ਮਹਿਜ਼ ਸਬਜ਼ਬਾਗ ਹੀ ਦਿਖਾਏ ਹਨ।

ਉਹ ਇਥੇ ਕਾਂਗਰਸ ਦੇ 84ਵੇਂ ਮਹਾਂਸੰਮੇਲਨ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਸਰਕਾਰ 'ਤੇ ਕਸ਼ਮੀਰ ਵਿਵਾਦ ਨਾਲ ਵੀ 'ਗ਼ਲਤ ਢੰਗ ਨਾਲ' ਸਿੱਝਣ ਦੇ ਦੋਸ਼ ਲਾਏ ਅਤੇ ਸਰਕਾਰ ਵੱਲੋਂ ਢਾਈ ਜੰਗਾਂ ਲੜਨ ਦੀਆਂ ਗੱਲਾਂ ਨੂੰ ਇਕ ਹੋਰ 'ਝੂਠਾ ਵਾਅਦਾ' ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਇਸ ਸਮੇਂ ਦੇਸ਼ ਦੀ ਜੀਡੀਪੀ ਦਾ ਮਹਿਜ਼ 1.6 ਫ਼ੀਸਦੀ ਹੀ ਰੱਖਿਆ ਉਤੇ ਖ਼ਰਚਿਆ ਜਾ ਰਿਹਾ ਹੈ, ਜੋ ਦੇਸ਼ ਦੀਆਂ ਸਲਾਮਤੀ ਲੋੜਾਂ ਦੇ ਮੁਕਾਬਲੇ ਬਹੁਤ ਘੱਟ ਹੈ। ਉਨ੍ਹਾਂ ਕਿਹਾ ਕਿ ਵਿਦੇਸ਼ ਨੀਤੀ ਨਾਲ ਸਬੰਧਤ ਅਨੇਕਾਂ ਮਾਮਲਿਆਂ ਨੂੰ ਵੀ ਸਰਕਾਰ ਨੇ ਸਹੀ ਢੰਗ ਨਾਲ ਨਹੀਂ ਨਜਿੱਠਿਆ।

ਉਨ੍ਹਾਂ ਕਿਹਾ, "ਜੰਮੂ-ਕਸ਼ਮੀਰ ਸਮੱਸਿਆ ਨੂੰ ਮੋਦੀ ਸਰਕਾਰ ਨੇ ਜਿੰਨਾ ਗ਼ਲਤ ਢੰਗ ਨਾਲ ਨਜਿੱਠਿਆ ਹੈ, ਅਜਿਹਾ ਪਹਿਲਾਂ ਕਦੇ ਨਹੀਂ ਹੋਇਆ।" ਉਨ੍ਹਾਂ ਕਿਹਾ ਕਿ ਸਰਕਾਰ ਨੂੰ ਸੂਬੇ ਦੀਆਂ ਖ਼ਾਸ ਕਿਸਮ ਦੀਆਂ ਸਮੱਸਿਆਵਾਂ ਨੂੰ ਸਮਝਣਾ ਚਾਹੀਦਾ ਹੈ।



ਕਾਂਗਰਸ ਦੇ ਮਹਾਂਸੰਮੇਲਨ ਦੌਰਾਨ ਸੋਨੀਆ ਗਾਂਧੀ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨਾਲ।

### ਡਾ. ਮਨਮੋਹਨ ਸਿੰਘ ਦਾ ਮੌਨ ਭਾਜਪਾ ਦੇ ਸ਼ੋਰ ਤੋਂ ਵੱਧ ਅਸਰਦਾਰ- ਨਵਜੋਤ ਸਿੱਧੂ

**ਨਵੀਂ ਦਿੱਲੀ/ਬਿਊਰੋ ਨਿਊਜ਼:** ਪੰਜਾਬ ਦੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਤੋਂ ਉਨ੍ਹਾਂ ਖ਼ਿਲਾਫ਼ ਪਿਛਲੇ ਸਮੇਂ ਵਿੱਚ ਭਾਜਪਾ ਵੱਲੋਂ ਚੋਣ ਪ੍ਰਚਾਰ ਦੌਰਾਨ ਕੀਤੀਆਂ ਤਲਖ਼ ਟਿੱਪਣੀਆਂ ਲਈ ਮੁਆਫ਼ੀ ਮੰਗੀ ਤੇ ਕਿਹਾ ਕਿ ਡਾ. ਮਨਮੋਹਨ ਸਿੰਘ ਨੇ ਜੋ ਕੰਮ ਚੁੱਪ ਰਹਿ ਕੇ ਕੀਤੇ ਹਨ ਉਹ ਭਾਜਪਾ ਦੇ ਸ਼ੋਰ-ਸ਼ਰਾਬੇ ਦੌਰਾਨ ਨਹੀਂ ਹੋਏ। ਉਨ੍ਹਾਂ ਕਿਹਾ, "ਮੈਂ ਸਰਦਾਰ ਮਨਮੋਹਨ ਸਿੰਘ ਤੋਂ ਮੁਆਫ਼ੀ ਮੰਗਣਾ ਚਾਹੁੰਦਾ ਹਾਂ। ਕਹਿਣਾ ਚਾਹੁੰਦਾ ਹਾਂ ਕਿ ਜੋ ਤੁਹਾਡੀ ਚੁੱਪ ਨੇ ਕਰ ਦਿਖਾਇਆ ਹੈ, ਉਹ ਭਾਜਪਾ ਦੇ ਸ਼ੋਰ-ਸ਼ਰਾਬੇ ਵਿੱਚ ਨਹੀਂ ਹੋਇਆ ਤੇ ਮੈਨੂੰ ਦਸ ਸਾਲ ਬਾਅਦ ਇਹ ਸਮਝ ਆਇਆ।" ਜ਼ਿਕਰਯੋਗ ਹੈ ਕਿ ਭਾਜਪਾ ਲਈ ਚੋਣ ਪ੍ਰਚਾਰ ਦੌਰਾਨ ਆਪਣੇ ਲੱਛੇਦਾਰ ਭਾਸ਼ਣ ਸਮੇਂ ਸ੍ਰੀ ਸਿੱਧੂ ਨੇ ਸਾਬਕਾ ਪ੍ਰਧਾਨ ਮੰਤਰੀ ਨੂੰ ਨਿਸ਼ਾਨਾ ਬਣਾਇਆ ਸੀ। ਉਨ੍ਹਾਂ ਭਾਜਪਾ ਦੀ ਤੁਲਨਾ ਖੋਖਲੇ ਬਾਂਸ ਨਾਲ ਤੇ ਰਾਹੁਲ ਗਾਂਧੀ ਨੂੰ ਗੰਨੇ ਵਾਂਗ ਅੰਦਰੋਂ-ਬਾਹਰੋਂ ਮਿੱਠਾ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਭੂਤਕਾਲ ਵਿੱਚ ਕਾਂਗਰਸ ਦੀਆਂ ਹੋਈਆਂ ਹਾਰਾਂ ਦਾ ਜ਼ਿੰਮੇਵਾਰ ਰਾਹੁਲ ਨਹੀਂ ਹੈ। ਉਨ੍ਹਾਂ ਰਾਹੁਲ ਗਾਂਧੀ ਨੂੰ ਦੇਸ਼ ਦਾ ਅਗਲਾ ਪ੍ਰਧਾਨ ਮੰਤਰੀ ਦੱਸਿਆ।

### ਕੇਂਦਰ ਨੇ ਕਿਹਾ : 2017 'ਚ ਹੋਈ ਫਿਰਕੂ ਹਿੰਸਾ 'ਚ ਯੂਪੀ ਮੋਹਰੀ

ਨਵੀਂ ਦਿੱਲੀ/ਬਿਊਰੋ ਨਿਊਜ਼: ਪਿਛਲੇ ਸਾਲ ਦੇਸ ਵਿਚ ਫਿਰਕੂ ਹਿੰਸਾ ਦੇ ਮਾਮਲੇ ਵਿਚ ਉੱਤਰ ਪ੍ਰਦੇਸ਼ ਦੇਸ ਵਿਚ ਅੱਵਲ ਰਿਹਾ ਹੈ। ਇਹ ਜਾਣਕਾਰੀ ਕੇਂਦਰ ਸਰਕਾਰ ਨੇ ਬੀਤੇ ਦਿਨੀਂ ਲੋਕ ਸਭਾ ਵਿਚ ਦਿੱਤੀ। ਕੇਂਦਰੀ ਗ੍ਰਹਿ ਰਾਜਮੰਤਰੀ ਹੰਸਰਾਜ ਅਹੀਰ ਨੇ ਦੱਸਿਆ ਕਿ ਦੇਸ ਵਿਚ 2017 ਵਿਚ ਫਿਰਕੂ ਹਿੰਸਾ ਦੀ ਕੁਲ 822 ਘਟਨਾਵਾਂ ਹੋਈਆਂ ਹਨ। ਇਨ੍ਹਾਂ ਵਿਚ 195 ਘਟਨਾਵਾਂ ਕੇਵਲ ਉੱਤਰ ਪ੍ਰਦੇਸ਼ ਵਿਚ ਹੋਈਆਂ। 2016 ਵਿਚ ਅਜਿਹੀਆਂ ਘਟਨਾਵਾਂ ਦੀ ਗਿਣਤੀ 703 ਤੇ 2015 ਵਿਚ 751 ਸੀ। ਕੇਂਦਰ ਦੇ ਮੁਤਾਬਕ 2017 ਵਿਚ ਕਰਨਾਟਕ ਵਿਚ ਸੌ, ਰਾਜਸਥਾਨ ਵਿਚ 91, ਬਿਹਾਰ ਵਿਚ 85 ਤੇ ਮੱਧ ਪ੍ਰਦੇਸ਼ ਵਿਚ ਫਿਰਕੂ ਹਿੰਸਾ ਦੀਆਂ 60 ਘਟਨਾਵਾਂ ਹੋਈਆਂ ਹਨ। ਜਦ ਕਿ 2016 ਵਿਚ ਵੀ ਉੱਤਰ ਪ੍ਰਦੇਸ਼ 162 ਘਟਨਾਵਾਂ ਦੇ ਨਾਲ ਅੱਵਲ ਸੀ। ਉੱਥੇ ਕਰਨਾਟਕ ਵਿਚ 101, ਮਹਾਰਾਸ਼ਟਰ ਵਿਚ 68, ਬਿਹਾਰ ਵਿਚ 65 ਤੇ ਰਾਜਸਥਾਨ ਵਿਚ 63 ਘਟਨਾਵਾਂ ਵਾਪਰੀਆਂ।

## ਡੇਰਾ ਸੱਚਾ ਸੌਦਾ ਸਿਰਸਾ ਦੇ 44 ਬਿਜਲੀ ਕੁਨੈਕਸ਼ਨਾਂ 'ਚੋਂ 41 ਕੱਟੇ

### ਬਿੱਲ ਨਹੀਂ ਭਰਿਆ ਤਾਂ ਨਿਗਮ ਕੁਰਕ ਕਰੇਗਾ ਡੇਰੇ ਦੀ ਜਾਇਦਾਦ

**ਸਿਰਸਾ/ਬਿਊਰੋ ਨਿਊਜ਼:** ਸਾਧਵੀਆਂ ਤੋਂ ਬਲਾਤਕਾਰ ਕੇਸ ਮਾਮਲੇ ਵਿਚ ਡੇਰਾ ਮੁਖੀ ਗੁਰਮੀਤ ਸਿੰਘ ਨੂੰ ਸਜ਼ਾ ਹੋਣ ਤੋਂ ਬਾਅਦ ਡੇਰਾ ਸੱਚਾ ਸੌਦਾ ਸਿਰਸਾ ਆਰਥਿਕ ਸੰਕਟ ਵਿਚ ਘਿਰ ਗਿਆ ਹੈ। ਇਸ ਕਾਰਨ ਡੇਰੇ 'ਤੇ ਬਿਜਲੀ ਨਿਗਮ ਦਾ ਤਕਰੀਬਨ 95 ਲੱਖ ਰੁਪਏ ਦਾ ਬਿਲ ਬਕਾਇਆ ਪਿਆ ਹੈ। ਵਾਰ-ਵਾਰ ਨੋਟਿਸ ਦੇਣ ਦੇ ਬਾਵਜੂਦ ਬਿੱਲ ਨਹੀਂ ਭਰਿਆ ਜਾ ਰਿਹਾ ਹੈ। ਇਸ 'ਤੇ ਕਾਰਵਾਈ ਕਰਦੇ ਹੋਏ ਬਿਜਲੀ ਨਿਗਮ ਨੇ ਡੇਰਾ ਡਿਫਾਲਟਰ ਐਲਾਨ ਦਿੱਤਾ ਹੈ। ਹੁਣ ਜੇਕਰ ਡੇਰੇ ਵੱਲੋਂ 95 ਲੱਖ ਰੁਪਏ ਦਾ ਬਿਲ ਨਹੀਂ ਭਰਿਆ, ਤਾਂ ਬਿਜਲੀ ਨਿਗਮ ਡੇਰਾ ਸੱਚਾ ਸੌਦਾ ਦੀ ਜਾਇਦਾਦ ਕੁਰਕ ਕਰੇਗਾ। ਬਿਜਲੀ ਨਿਗਮ ਨੇ ਡੇਰਾ ਸੱਚਾ ਸੌਦਾ ਦੀ ਸੰਸਥਾ ਵਿਚ ਚੱਲ ਰਹੇ 44 ਕੁਨੈਕਸ਼ਨਾਂ ਵਿਚੋਂ 41 ਨੂੰ ਡਿਫਾਲਟਰ ਐਲਾਨ ਕੇ ਕੁਨੈਕਸ਼ਨ ਕੱਟ ਦਿੱਤਾ ਹੈ। ਕੱਟੇ ਗਏ 41 ਕੁਨੈਕਸ਼ਨਾਂ ਦੀ ਬਕਾਇਆ ਰਾਸ਼ੀ ਵੀ ਏਨੀ ਜ਼ਿਆਦਾ ਹੈ ਕਿ ਹੁਣ ਡੇਰਾ ਸੱਚਾ ਸੌਦਾ ਜ਼ਿਲ੍ਹੇ ਦਾ ਸਭ ਤੋਂ ਵੱਡਾ ਡਿਫਾਲਟਰ ਬਣ ਗਿਆ ਹੈ। ਜ਼ਿਕਰਯੋਗ ਹੈ ਕਿ ਡੇਰਾ ਦੇ ਸਾਰੇ ਬੈਂਕ ਖਾਤੇ ਵੀ ਸਰਕਾਰ ਨੇ ਸੀਜ਼ ਕਰ ਰੱਖੇ ਹਨ। ਡੇਰੇ ਵਿਚ ਹੁਣ ਕੇਵਲ 3 ਕੁਨੈਕਸ਼ਨ ਹੀ ਚੱਲ ਰਹੇ ਹਨ। ਇਸ ਵਿਚ ਇੱਕ ਸ਼ਾਹ ਸਤਨਾਮ ਸਿੰਘ ਸੁਪਰ ਸਪੈਸ਼ਲਿਟੀ ਹਸਪਤਾਲ, ਸਕੂਲ-ਕਾਲਜ ਤੇ ਸਤਿਸੰਗ ਹਾਲ ਦਾ ਕੁਨੈਕਸ਼ਨ ਚਾਲੂ ਹਾਲਤ ਵਿਚ ਹਨ, ਜਿਸ ਦਾ ਡੇਰਾ ਪ੍ਰਬੰਧ ਦੇ ਸਮੇਂ 'ਤੇ ਬਿਲ ਭਰ ਰਿਹਾ ਹੈ ਜਿਨ੍ਹਾਂ ਦੇ ਕੁਨੈਕਸ਼ਨ ਕੱਟੇ ਗਏ ਹਨ, ਉਨ੍ਹਾਂ ਵਿਚ ਡੇਰੇ ਦੇ ਦਫ਼ਤਰ ਸਮੇਤ ਫੈਕਟਰੀ, ਸ਼ੋਅਰੂਮ, ਐੱਮਐੱਸਜੀ ਕੰਪਨੀ ਆਦਿ ਸ਼ਾਮਲ ਹਨ। ਇਸ ਤੋਂ ਇਲਾਵਾ ਬੀਤੇ ਦਿਨੀਂ ਐੱਸਡੀਓ ਰਵੀ ਕੁਮਾਰ ਨੇ ਆਪਣੀ ਟੀਮ ਨੂੰ ਲੈ ਕੇ ਡੇਰੇ ਵਿਚ ਕੁਨੈਕਸ਼ਨ ਕੱਟੋ ਮੁਹਿੰਮ ਚਲਾਈ। ਉਨ੍ਹਾਂ ਨੇ ਡੇਰੇ ਵਿਚ ਵਰਤਮਾਨ ਵਿਚ ਚੱਲ ਰਹੇ ਕੁਲ 6 ਕੁਨੈਕਸ਼ਨ ਵਿਚੋਂ 3 ਕੁਨੈਕਸ਼ਨ ਹੋਰ ਕੱਟ ਦਿੱਤੇ। ਇਸ ਵਿਚ ਮੈਸਰਜ ਨਾਲ ਹਰਬੋਟੇਕ ਦਾ 3 ਲੱਖ 87 ਹਜ਼ਾਰ ਰੁਪਏ ਬਕਾਇਆ ਸੀ। ਮੈਸਰਜ਼ ਐਸੋਮੈਟਿਕ ਵਾਟਰ ਦਾ 3 ਲੱਖ 47 ਹਜ਼ਾਰ ਤੇ ਮੈਸਰਜ਼ ਟੇਸਟੀ ਕੈਟਲ ਫੀਡਲ ਲਈ ਕੁਨੈਕਸ਼ਨ 'ਤੇ 93 ਹਜ਼ਾਰ 602 ਰੁਪਏ ਬਿਲ ਦਾ ਬਕਾਇਆ ਪਿਆ ਸੀ, ਜੋ ਹੁਣ ਕੱਟ ਦਿੱਤਾ ਗਿਆ ਹੈ।



'ਡੇਰਾ ਸੱਚਾ ਸੌਦਾ ਦੀ ਸੰਸਥਾ ਦੇ 41 ਕੁਨੈਕਸ਼ਨ ਡਿਫਾਲਟਰ ਹੋ ਚੁੱਕੇ ਹਨ। ਰਾਸ਼ੀ ਵੀ ਏਨੀ ਜ਼ਿਆਦਾ ਹੈ ਕਿ ਪ੍ਰਾਈਵੇਟ ਕੁਨੈਕਸ਼ਨ ਦੇ ਹਿਸਾਬ ਨਾਲ ਜ਼ਿਲ੍ਹੇ ਵਿਚ ਸਭ ਤੋਂ ਵੱਡਾ ਡਿਫਾਲਟਰ ਹੁਣ ਡੇਰਾ ਸੱਚਾ ਸੌਦਾ ਹੈ। ਇਸ ਲਈ ਹੁਣ ਬਿਜਲੀ ਨਿਗਮ ਬਿੱਲ ਨਾ ਭਰਨ 'ਤੇ ਉਨ੍ਹਾਂ ਨੂੰ ਨੋਟਿਸ ਦੇ ਕੇ ਆਪਣੀ ਅਗਲੀ ਕਾਰਵਾਈ ਅਮਲ ਵਿਚ ਲਿਆਵੇਗਾ। ਜੇਕਰ ਬਿਲ ਨਹੀਂ ਭਰਿਆ ਗਿਆ, ਤਾਂ ਬਿਜਲੀ ਨਿਗਮ ਦੇ ਲੈਂਡ ਰਿਕਵਰੀ ਐਕਟ ਤਹਿਤ ਕੁਨੈਕਸ਼ਨ ਨਾਲ ਸੰਬੰਧਿਤ ਡੇਰੇ ਦੀ ਜਾਇਦਾਦ ਕੁਰਕ ਕੀਤੀ ਜਾਵੇਗੀ। ਇਸ ਲਈ ਤਹਿਸੀਲਦਾਰ ਰਾਹੀਂ ਕੇਸ ਪਾਇਆ ਜਾਵੇਗਾ।'

**-ਪੀਕੇ ਚੌਹਾਨ, ਬਿਜਲੀ ਨਿਗਮ**

### ਡੇਰਾ 'ਚ ਵਾਈਫਾਈ ਦਾ ਪ੍ਰਬੰਧ ਕਰਨ ਵਾਲੇ ਵਿਨੀਤ ਦਾ ਸਾਥ ਦੇਣ ਵਾਲੇ ਗ੍ਰਿਫ਼ਤਾਰ

ਡੇਰੇ ਦੇ ਬਦਲ ਵਿਚ ਇੰਟਰਨੈੱਟ ਸੇਵਾ ਬੰਦ ਹੋਣ ਦੀ ਸੰਭਾਵਨਾ ਦਾ ਅੰਦਾਜ਼ਾ ਲਗਾ ਕੇ ਡੇਰਾ ਸੱਚਾ ਸੌਦਾ ਵਿਚ ਪਹਿਲਾਂ ਤੋਂ ਹੀ ਵਾਈਫਾਈ ਵਿਵਸਥਾ ਦਾ ਪ੍ਰਬੰਧ ਕਰਨ ਲਈ ਆਈਟੀ ਹੈੱਡ ਵਿਨੀਤ ਤੇ ਪ੍ਰਵੀਨ ਕੁਮਾਰ ਦਾ ਸਾਥ ਦੇਣ ਵਾਲੇ ਰਾਜਸਥਾਨ ਦੇ ਪਿੰਡ ਨਿਠਰਾਨਾ ਤੋਂ ਦੋ ਲੋਕਾਂ ਨੂੰ ਐੱਸਆਈਟੀ ਸਿਰਸਾ ਪੁਲੀਸ ਨੇ ਗ੍ਰਿਫ਼ਤਾਰ ਕਰ ਲਿਆ ਹੈ। ਗ੍ਰਿਫ਼ਤਾਰ ਕੀਤੇ ਗਏ ਨੇਠਰਾਨਾ ਵਾਸੀ ਲਿਛੀਰਾਮ ਚਾਹਰ ਅਤੇ ਮੁਖਰਾਮ ਨੇ ਕਬੂਲ ਕੀਤਾ ਕਿ ਉਨ੍ਹਾਂ ਨੇ ਨਿਠਰਾਨਾ ਵਿਚ ਐੱਮਟੀਐੱਸ ਕੰਪਨੀ ਦੇ ਟਾਵਰ 'ਤੇ ਦੋ ਹਾਈਟੈੱਕ ਵਾਈ ਫਾਈ ਯੰਤਰ ਲਗਾਉਣ ਵਿਚ ਵਿਨੀਤ ਤੇ ਪਰਵੀਨ ਦੀ ਮਦਦ ਕੀਤੀ ਸੀ। ਇਸ ਨਾਲ ਡੇਰਾ ਸੱਚਾ ਸੌਦਾ ਵਿਚ ਵਾਈਫਾਈ ਰਾਹੀਂ ਇੰਟਰਨੈੱਟ ਵਿਵਸਥਾ 21 ਤੋਂ 26 ਅਗਸਤ ਤੱਕ ਉਸ ਵੇਲੇ ਵੀ ਬਹਾਲ ਰਹੀ ਸੀ। ਜਦੋਂ ਡੇਰਾ ਵਿਵਾਦ ਦੇ ਕਾਰਨ ਇੰਟਰਨੈੱਟ ਪੂਰੇ ਪ੍ਰਦੇਸ਼ ਵਿਚ ਬੰਦ ਸੀ। ਦੋਵਾਂ ਨੂੰ ਬੀਤੇ ਦਿਨੀਂ ਕੋਰਟ ਵਿਚ ਪੇਸ਼ ਕਰਕੇ ਰਿਮਾਂਡ ਲਿਆ ਜਾਵੇਗਾ। ਇਸ ਤੋਂ ਪਹਿਲਾਂ ਫੜੇ ਨਵੇਂ ਸਾਈਬਰ ਸਪੈਸ਼ਲਿਸਟ ਪਰਵੀਨ ਕੁਮਾਰ ਨੇ ਪੁੱਛਗਿੱਛ ਵਿਚ ਖੁਲਾਸਾ ਕੀਤਾ ਸੀ ਕਿ ਸੀਬੀਆਈ ਕੋਰਟ ਦੇ ਸੰਭਾਵਿਤ ਫ਼ੈਸਲੇ ਤੇ ਸਰਕਾਰ ਦੀਆਂ ਤਿਆਰੀਆਂ ਨੂੰ ਭਾਂਪਦਿਆਂ ਉਨ੍ਹਾਂ ਨੂੰ ਪਤਾ ਲੱਗ ਗਿਆ ਸੀ ਕਿ ਸਰਕਾਰ ਇੰਟਰਨੈੱਟ ਸੇਵਾ ਬੰਦ ਕਰ ਦੇਵੇਗੀ। ਇਸ ਲਈ ਦਿੱਲੀ ਤੋਂ ਆਧੁਨਿਕ ਹਾਈਟੈੱਕ ਵਾਈਫਾਈ ਯੰਤਰ ਮੰਗਵਾ ਕੇ ਡੇਰਾ ਵਿਚ ਲੱਗੇ ਮੋਬਾਈਲ ਟਾਵਰ 'ਤੇ ਲਗਾਇਆ ਗਿਆ ਤੇ ਦੂਜਾ ਰਾਜਸਥਾਨ ਦੇ ਨਿਠਰਾਨਾ ਵਿਚ ਲੱਗੇ ਐੱਮਟੀਐੱਸ ਕੰਪਨੀ ਦੇ ਟਾਵਰ 'ਤੇ ਲਗਾਇਆ। ਰਾਜਸਥਾਨ ਵਿਚ ਇੰਟਰਨੈੱਟ ਸੇਵਾ ਚਾਲੂ ਸੀ ਤੇ ਇਸੇ ਟਾਵਰ ਰਾਹੀਂ ਡੇਰੇ ਵਿਚ ਇੰਟਰਨੈੱਟ ਸੇਵਾ ਬਹਾਲ ਰਹੀ।

# ਬੋਕੋ ਹਰਾਮ ਨੇ ਨਾਈਜੀਰੀਆ 'ਚ ਦਹਿਸ਼ਤਗਰਦੀ ਫੈਲਾਈ

## • ਲੜਕੀਆਂ ਕਰ ਰਹੇ ਨੇ ਅਗਵਾ • ਕਈ ਥਾਂਵਾਂ 'ਤੇ ਚਲਾ ਰਹੇ ਨੇ ਆਪਣੀ ਸਰਕਾਰ

ਸਾਲ 2014 ਦੇ ਅਪ੍ਰੈਲ ਮਹੀਨੇ ਵਿਚ ਬੋਕੋ ਹਰਾਮ ਦੇ ਕੱਟੜਪੰਥੀਆਂ ਨੇ ਚਿਬੋਕ ਕਸਬੇ ਦੇ ਇੱਕ ਸਕੂਲ 'ਤੇ ਹਮਲਾ ਕੀਤਾ।276 ਵਿਦਿਆਰਥਣਾਂ ਨੂੰ ਟਰੱਕ ਵਿਚ ਭਰਿਆ ਤੇ ਗਾਇਬ ਹੋ ਗਿਆ। ਕੁਝ ਲੜਕੀਆਂ ਭੱਜ ਨਿਕਲੀਆਂ ਤਾਂ ਕੁਝ ਨੂੰ ਅੰਤਰਰਾਸ਼ਟਰੀ ਸੰਸਥਾਵਾਂ ਨੇ ਗੱਲਬਾਤ ਕਰਕੇ ਛੁਡਾਇਆ। ਹਾਲੇ ਵੀ 100 ਤੋਂ ਵੱਧ ਵਿਦਿਆਰਥਣਾਂ ਲਾਪਤਾ ਹਨ।

ਇਸ ਘਟਨਾ ਦੇ ਚਾਰ ਸਾਲ ਬਾਅਦ ਇੱਕ ਵਾਰ ਫਿਰ 110 ਵਿਦਿਆਰਥਣਾਂ ਦਾ ਯੋਬ ਪ੍ਰਾਂਤ ਤੋਂ ਅਗ਼ਵਾ ਕਰ ਲਿਆ ਗਿਆ ਹੈ। ਮੰਨਿਆ ਜਾ ਰਿਹਾ ਹੈ ਕਿ ਪਿਛਲੇ ਹਫ਼ਤੇ ਹੋਈ ਇਸ ਘਟਨਾ ਦੇ ਪਿੱਛੇ ਵੀ ਬੋਕੋ ਹਰਾਮ ਦਾ ਹੱਥ ਹੈ।



ਬੋਕੋ ਹਰਾਮ ਨੇ ਅਫਰੀਕਾ ਦੇ ਸਭ ਤੋਂ ਸੰਘਣੀ ਅਬਾਦੀ ਵਾਲੇ ਦੇਸ ਨਾਈਜੀਰੀਆ ਵਿਚ ਬੰਬ ਧਮਾਕਿਆਂ, ਹੱਤਿਆਵਾਂ ਤੇ ਅਗਵਾ ਨਾਲ ਦਹਿਸ਼ਤ ਮਚਾਈ ਹੋਈ ਹੈ। ਇਹ ਸੰਗਠਨ ਸਰਕਾਰ ਨੂੰ ਉਖਾੜ ਕੇ ਇਸਲਾਮਿਕ ਸਟੇਟ ਦੀ ਸਥਾਪਨਾ ਕਰਨਾ ਚਾਹੁੰਦਾ ਹੈ। ਇਸ ਦਾ ਅਧਿਕਾਰਿਕ ਨਾਂ ਹੈ-ਜਮਾਤ ਏਹਲ ਅਲ-ਸੁੱਨਾ ਲਿਦ ਦਾਵਾ ਵਲ ਜਿਹਾਦ। ਇਸ ਦਾ ਅਰਥ ਹੋਇਆ 'ਪੈਗੰਬਰ ਦੀਆਂ ਸਿਖਿਆਵਾਂ ਤੇ ਜਿਹਾਦ ਦੇ ਪਸਾਰ ਲਈ ਪ੍ਰਤੀਬੱਧ ਲੋਕ'। ਪਰ ਉੱਤਰ ਪੂਰਬੀ ਸ਼ਹਿਰ ਮੈਦੁਗੁਰੀ ਵਿਚ, ਜਿੱਥੇ ਇਸ ਦਾ ਗੜ੍ਹ ਹੈ, ਇਸ ਨੂੰ ਬੋਕੋ ਹਰਾਮ ਕਿਹਾ ਜਾਂਦਾ ਹੈ। ਬੋਕੋ ਹਰਾਮ ਦਾ ਅਰਥ ਹੋਇਆ-ਪੱਛਮੀ ਸਿੱਖਿਆ ਹਰਾਮ ਹੈ।

ਜੇਐੱਨਯੂ ਦੇ ਸੈਂਟਰ ਫਾਰ ਅਫਰੀਕਨ ਸਟੱਡੀਜ਼ ਦੇ ਪ੍ਰੋਫੈਸਰ ਅਜੇ ਕੁਮਾਰ ਦੂਬੇ ਕਹਿੰਦੇ ਹਨ ਕਿ ਇਹ ਸੰਗਠਨ ਲੋਕਾਂ ਨੂੰ ਇਹ ਦੱਸਣਾ ਚਾਹੁੰਦਾ ਹੈ ਕਿ ਤੁਸੀਂ ਲੜਕੀਆਂ ਨੂੰ ਪੜ੍ਹਾਓਗੇ ਤਾਂ ਅਸੀਂ ਉਨ੍ਹਾਂ ਨੂੰ ਚੁੱਕ ਲਵਾਂਗੇ, ਕਿਉਂਕਿ ਇਹ ਸਾਡੇ ਧਰਮ ਦੇ ਖ਼ਿਲਾਫ਼ ਹੈ। ਇਸੇ ਲਈ ਉਹ ਲੜਕੀਆਂ 'ਤੇ ਹਮਲੇ ਕਰਦੇ ਹਨ।"

ਅਜਿਹੀ ਰਿਪੋਰਟ ਆਉਂਦੀ ਹੀ ਹੈ ਕਿ ਬੋਕੋ ਹਰਾਮ ਆਪਣੇ ਕਬਜ਼ੇ ਵਿਚ ਆਏ ਪੇਂਡੂਆਂ ਤੋਂ ਮਜ਼ਦੂਰੀ ਕਰਵਾਉਂਦਾ । ਲੜਕਿਆਂ ਨੂੰ ਹਥਿਆਰਬੰਦ ਲੜਾਕੇ ਬਣਾ ਦਿੱਤਾ ਜਾਂਦਾ ਹੈ ਤੇ ਲੜਕੀਆਂ ਨੂੰ ਇਨ੍ਹਾਂ ਲੜਾਕਿਆਂ ਦੀ ਪਤਨੀ ਬਣਾ ਦਿੱਤਾ ਜਾਂਦਾ ਹੈ। ਅਗਵਾ ਕੀਤੀਆਂ ਗਈਆਂ ਵਿਦਿਆਰਥਣਾਂ ਨੂੰ ਸੈਕਸ ਸਲੇਵ ਤੋਂ ਲੈ ਕੇ ਆਤਮਘਾਤੀ ਹਮਲਾਵਰ ਤੱਕ ਬਣਾਉਣ ਵਿਚ ਇਸਤੇਮਾਲ ਕੀਤਾ ਜਾਂਦਾ ਹੈ।

ਦਿੱਲੀ ਯੂਨੀਵਰਸਿਟੀ ਦੇ ਡਿਪਾਰਟਮੈਂਟ ਆਫ ਅਫਰੀਕਨ ਸਟੱਡੀਜ਼ ਦੇ ਪ੍ਰੋਫੈਸਰ ਸੁਰੇਸ਼ ਕੁਮਾਰ ਦੱਸਦੇ ਹਨ ਕਿ ਖਾਸ ਤੌਰ 'ਤੇ ਨਾਬਾਲਿਗ ਵਿਦਿਆਰਥਣਾਂ ਦੇ ਅਗ਼ਵਾ ਕਰਨ ਪਿੱਛੇ ਤਿੰਨ ਕਾਰਨ ਹਨ-

ਉਹ ਕਹਿੰਦੇ ਹਨ, 'ਨਾਈਜੀਰੀਆ ਦੇ ਪੂਰਬ ਉੱਤਰ ਵਿਚ ਬੋਕੋ ਹਰਾਮ ਦਾ ਕੰਟਰੋਲ ਹੈ ਜਿੱਥੇ ਚਾਡ ਤੇ ਨਾਈਜਰ ਦੇ ਨਾਲ ਹੱਦ ਲੱਗਦੀ ਹੈ। ਦੂਜੇ ਦੇਸਾਂ ਵਿਚ ਹਥਿਆਰ ਸਪਲਾਈ ਕਰਨ ਲਈ ਜਾਂ ਫਿਰ ਜੋ ਇੱਕ ਟੈਰਰਿਸਟ ਰੂਟ ਹੈ, ਉੱਥੇ ਇਨ੍ਹਾਂ ਲੜਕੀਆਂ ਨੂੰ ਇਸਤੇਮਾਲ ਕੀਤਾ ਜਾਂਦਾ ਹੈ। ਦੂਜਾ, ਬੋਕੋ ਹਰਾਮ ਦਾ ਡਰੱਗਸ ਦਾ ਵੱਡਾ ਕਾਰੋਬਾਰ ਵੀ ਹੈ। ਉੱਥੇ ਵੀ ਇਨ੍ਹਾਂ ਲੜਕੀਆਂ ਨੂੰ ਇਸਤੇਮਾਲ ਕੀਤਾ ਜਾਂਦਾ ਹੈ। ਤੀਜਾ, ਇਨ੍ਹਾਂ ਨਾਬਾਲਿਗ ਵਿਦਿਆਰਥਣਾਂ ਨੂੰ ਧਰਮ ਦੇ ਆਧਾਰ 'ਤੇ ਪੱਛਮੀ ਸਿੱਖਿਆ ਦੇ ਖ਼ਿਲਾਫ਼ ਕੀਤਾ ਜਾਂਦਾ ਹੈ, ਤਾਂ ਕਿ ਉਹ ਉਨ੍ਹਾਂ ਲਈ ਕੰਮ ਕਰਨ।'

2014 ਵਾਲੀ ਘਟਨਾ ਤੋਂ ਬਾਅਦ ਇੱਕ ਵਾਰ ਫਿਰ ਦਬਾਚੀ ਕਸਬੇ ਤੋਂ ਵਿਦਿਆਰਥਣਾਂ ਦਾ ਅਗ਼ਵਾ ਹੋ ਜਾਣਾ ਦਿਖਾਉਂਦਾ ਕਿ ਕਿਤੇ ਨਾ ਕਿਤੇ ਨਾਈਜੀਰੀਆ ਦੀ ਸਰਕਾਰ ਖ਼ੁਦ ਨੂੰ ਇਸ ਸੰਗਠਨ ਦੇ ਅੱਗੇ ਬੇਵੱਸ ਪਾ ਰਹੀ ਹੈ। ਬੋਕੋ ਹਰਾਮ ਆਖਿਰ ਕਿੰਨਾ ਤਾਕਤਵਰ ਹੈ ਜੋ ਇਹ ਸਕੂਲਾਂ ਤੋਂ ਵਿਦਿਆਰਥਣਾਂ ਨੂੰ ਚੁੱਕ ਲੈਂਦਾ ਹੈ ਤੇ ਕੋਈ ਕੁਝ ਵੀ ਨਹੀਂ ਕਰ ਪਾਉਂਦਾ ?ਡੀਯੂ ਦੇ ਪ੍ਰੋਫੈਸਰ ਸੁਰੇਸ਼ ਕੁਮਾਰ ਦੱਸਦੇ ਹਨ, 'ਨਾਈਜੀਰੀਆ ਵਿਚ ਛੇ ਸੂਬੇ ਬੋਕੋ ਹਰਾਮ ਦੇ ਕੰਟਰੋਲ ਵਿਚ ਹਨ ਤੇ ਸਰਕਾਰ ਦਾ ਇੱਥੇ ਕੋਈ ਪ੍ਰਭਾਵ ਨਹੀਂ। ਸਥਾਨਕ ਪੱਧਰ 'ਤੇ ਬੋਕੋ ਹਰਾਮ ਦਾ ਹੀ ਪ੍ਰਸ਼ਾਸਨ ਚੱਲਦਾ ਹੈ। ਇੱਥੇ ਉਨ੍ਹਾਂ ਨੇ ਇਸਲਾਮਕ ਵਿਵਸਥਾ ਦੇ ਆਧਾਰ 'ਤੇ ਰਾਜ ਚਲਾਇਆ ਹੈ।'

ਇੱਕ ਪਾਸੇ ਜਿੱਥੇ ਗ਼ਰੀਬ ਲੋਕ ਬੇਵੱਸ ਹਨ, ਉੱਥੇ ਇਸ ਸੰਗਠਨ ਨੂੰ ਸਮੱਰਥਨ ਵੀ ਜਨਤਾ ਤੋਂ ਹੀ ਮਿਲਦਾ ਹੈ। 1903 ਵਿਚ ਉੱਤਰੀ ਨਾਈਜੀਰੀਆ, ਨਾਈਜਰ ਤੇ ਦੱਖਣੀ ਕੈਮੂਰਨ ਦੇ ਇਲਾਕੇ ਜਦੋਂ ਬ੍ਰਿਟੇਨ ਦੇ ਕੰਟਰੋਲ ਵਿਚ ਆ ਗਏ ਸਨ, ਉਦੋਂ ਤੋਂ ਮੁਸਲਿਮ ਅਬਾਦੀ ਵਾਲੇ ਇਲਾਕਿਆਂ ਵਿਚ ਪੱਛਮੀ ਸਿੱਖਿਆ ਦਾ ਵਿਰੋਧ ਸ਼ੁਰੂ ਹੋ ਗਿਆ ਸੀ।

100 ਸਾਲ ਤੋਂ ਵੱਧ ਦਾ ਵਕਤ ਬੀਤ ਗਿਆ, ਪਰ ਕਈ ਮੁਸਲਿਮ ਪਰਿਵਾਰ ਆਪਣੇ ਬੱਚਿਆਂ ਨੂੰ ਪੱਛਮੀ ਸਿੱਖਿਆ ਵਾਲੇ ਸਕੂਲਾਂ ਵਿਚ ਨਹੀਂ ਭੇਜਣਾ ਚਾਹੁੰਦੇ, ਪਰ ਅਜਿਹਾ ਕਿਉਂ ਹੈ? ਜੇਐੱਨਯੂ ਦੇ ਪ੍ਰੋਫੈਸਰ ਦੂਬੇ ਇਸ ਲਈ ਉੱਥੇ ਦੀ ਗ਼ਰੀਬੀ ਨੂੰ ਜ਼ਿੰਮੇਵਾਰ ਠਹਿਰਾਉਂਦੇ ਨ।

ਉਹ ਕਹਿੰਦੇ ਹਨ, "ਨਾਈਜੀਰੀਆ ਕੁਦਰਤੀ ਨਜ਼ਾਰਿਆਂ ਨਾਲ ਭਰਪੂਰ ਹੈ, ਪਰ ਬਹੁਤ ਸਾਰੀ ਆਰਥਿਕ ਸੰਪੰਨਤਾ ਦੇ ਬਾਵਜੂਦ ਉੱਥੇ ਵੱਡੇ ਸੰਪਰਦਾਇ ਦੇ ਕੋਲ ਰੋਜ਼ੀ-ਰੋਟੀ ਦੇ ਸਾਧਨ ਨਹੀਂ ਹਨ। ਉਹ ਗ਼ਰੀਬ ਹਨ। ਨਾਈਜੀਰੀਆ ਸ਼ੁਰੂ ਤੋਂ ਹੀ ਧਰਮ ਤੇ ਜਨਜਾਤੀਆਂ ਦੇ ਨਾਂ 'ਤੇ ਵੰਡਿਆ ਹੋਇਆ ਹੈ। ਗ਼ਰੀਬੀ ਨੇ ਇਸ ਵੰਡ ਨੂੰ ਹੋਰ ਵਧਾ ਦਿੱਤਾ ਹੈ। 'ਬੋਕੋ ਹਰਾਮ ਇੱਥੇ ਦੀ ਗ਼ਰੀਬੀ ਤੇ ਅਨਪੜ੍ਹਤਾ ਦੇ ਕਾਰਨ ਉਪਜਿਆ ਹੈ, ਇਸੇ ਦੇ ਨਾਂ 'ਤੇ ਫੈਲਦਾ ਜਾ ਰਿਹਾ ਹੈ ਤੇ ਧਰਮ ਦੇ ਨਾਂ 'ਤੇ ਸਮਰਥਨ ਜੁਟਾਉਂਦਾ । ਇਹੀ ਕਾਰਨ ਹੈ ਕਿ ਨਾਈਜੀਰੀਆ ਦੇ ਕਈ ਸੂਬਿਆਂ ਵਿਚ ਅੱਜ ਸ਼ਰੀਆ ਕਾਨੂੰਨ ਚੱਲਦਾ ਹੈ।'

ਦਿੱਲੀ ਯੂਨੀਵਰਸਿਟੀ ਦੇ ਪ੍ਰੋਫੈਸਰ ਸੁਰੇਸ਼ ਕੁਮਾਰ ਦੱਸਦੇ ਹਨ ਕਿ ਬੋਕੋ ਹਰਾਮ ਅੱਜ ਇੱਕ ਬਹੁਤ ਵੱਡਾ ਆਰਥਿਕ ਗਿਰੋਹ ਬਣ ਗਿਆ ਹੈ। ਉਹ ਕਹਿੰਦੇ ਹਨ, "ਅੱਜ ਖਰਬਾਂ ਡਾਲਰ ਤੇਲ ਦਾ ਵਪਾਰ ਇਸੇ ਰਾਹੀਂ ਹੋ ਰਿਹਾ ਹੈ। ਨਾਲ ਹੀ ਪੱਛਮੀ ਅਫਰੀਕਾ ਤੋਂ ਹੁੰਦੇ ਹੋਏ ਸੀਰੀਆ ਤੇ ਅਫਗਾਨਿਸਤਾਨ ਤੱਕ ਫੈਲੇ ਹਥਿਆਰਾਂ ਦੇ ਨੈੱਟਵਰਕ ਵਿਚ ਬੋਕੋ ਹਰਾਮ ਵੀ ਇੱਕ ਪੌੜੀ ਹੈ, ਇਸ ਨੇ ਹੋਰ ਅੱਤਵਾਦੀ ਜੱਥੇਬੰਦੀਆਂ ਦੇ ਨਾਲ ਵੀ ਗਿਰੋਹ ਬਣਾਇਆ ਹੋਇਆ ਹੈ।

ਨਾਈਜੀਰੀਆ ਦੀ ਸਰਕਾਰ ਨੇ ਫ਼ੌਜੀ ਕਾਰਵਾਈ ਨਾਲ ਬੋਕੋ ਹਰਾਮ ਨੂੰ ਕੁਝ ਹੱਦ ਤੱਕ ਕਮਜ਼ੋਰ ਤਾਂ ਕੀਤਾ ਹੈ, ਪਰ ਉਸ ਨੂੰ ਖ਼ਾਸ ਸਫਲਤਾ ਨਹੀਂ ਮਿਲ ਰਹੀ। ਪ੍ਰੋ. ਦੂਬੇ ਦੱਸਦੇ ਹਨ, 'ਬੋਕੋ ਹਰਾਮ ਨਾਲ ਮੁਕਾਬਲੇ ਲਈ ਅਫ਼ਰੀਕੀ ਯੂਨੀਅਨ ਤੇ ਅਮਰੀਕਾ ਨੇ ਵੀ ਆਪਣੀਆਂ ਫ਼ੌਜਾਂ ਭੇਜੀਆਂ ਸਨ, ਪਰ ਉਨ੍ਹਾਂ ਨੂੰ ਜ਼ਿਆਦਾ ਸਫਲਤਾ ਨਹੀਂ ਮਿਲੀ, ਕਿਉਂਕਿ ਉਨ੍ਹਾਂ ਨੂੰ ਸਥਾਨਕ ਲੋਕਾਂ ਦਾ ਸਮਰਥਨ ਨਹੀਂ ਮਿਲਿਆ।'

'ਨਾਈਜੀਰੀਆ ਵਿਚ ਈਸਾਈਆਂ ਦਾ ਦਬਦਬਾ ਹੈ, ਪਰ ਉਹ ਮੁਹੰਮਦ ਬੁਹਾਰੀ ਦਾ ਸਮਰਥਨ ਕਰਦੇ ਹਨ, ਤਾਂ ਕਿ ਉਹ ਬੋਕੋ ਹਰਾਮ ਦੇ ਖ਼ਿਲਾਫ਼ ਕਾਰਵਾਈ ਕਰਨ, ਤਾਂ ਵਿਰੋਧ ਨਾ ਹੋਵੇ। ਪਰ ਇਹ ਮਾਮਲਾ ਫ਼ੌਜ ਦਾ ਨਹੀਂ, ਗ਼ਰੀਬੀ ਤੇ ਅਨਪੜ੍ਹਤਾ ਦਾ ਹੈ। ਇਸੇ ਕਾਰਨ ਬੋਕੋ ਹਰਾਮ ਬਣਿਆ ਹੋਇਆ ਹੈ।'

ਡੀਯੂ ਦੇ ਪ੍ਰੋਫੈਸਰ ਸੁਰੇਸ਼ ਕੁਮਾਰ ਦੱਸਦੇ ਹਨ ਕਿ ਨਾਈਜੀਰੀਆ ਵਿਚ ਬੋਕੋ ਹਰਾਮ ਰਾਹੀਂ ਜਦੋਂ ਤੱਕ ਖਰਬਾਂ ਡਾਲਰ ਦਾ ਤੇਲ ਦਾ ਕਾਰੋਬਾਰ ਚੱਲਦਾ ਰਹੇਗਾ, ਉਦੋਂ ਤੱਕ ਉਸ ਨੂੰ ਹਟਾਉਣਾ ਮੁਸ਼ਕਲ ਹੋਵੇਗਾ। ਉਹ ਕਹਿੰਦੇ ਹਨ, 'ਮੁਹੰਮਦ ਬੁਹਾਰੀ ਦੀ ਸਰਕਾਰ ਨੇ ਏਅਰਸਟਰਾਈਕ ਰਾਹੀਂ ਇਸ ਦੇ ਕੰਟਰੋਲ ਨੂੰ ਘੱਟ ਕੀਤਾ ਹੈ, ਪਰ ਅਸਲ ਵਿਚ ਇਹ ਹੈ ਕਿ ਉੱਥੇ ਦੀ ਰਾਜਨੀਤੀ ਤੇ ਆਰਥਿਕ ਸ਼ਕਤੀ ਬੋਕੋ ਹਰਾਮ ਦੇ ਕੰਟਰੋਲ ਵਿਚ ਹਨ, ਇਸ ਲਈ ਉਹ ਕਮਜ਼ੋਰ ਹੋ ਨਹੀਂ ਰਿਹਾ, ਖ਼ਰਬਾਂ ਡਾਲਰ ਦੇ ਤੇਲ ਦਾ ਇਹ ਵਪਾਰ ਇੰਝ ਹੀ ਚੱਲੇਗਾ, ਤਾਂ ਇਸ ਵਿਚ ਕਈ ਲੋਕਾਂ ਦਾ ਹਿਤ ਹੈ। ਫਿਰ ਉਹ ਪੱਛਮੀ ਦੇਸਾਂ ਦੇ ਜਾਂ ਦੂਜੇ ਦੇਸਾਂ ਦੇ ਹੋਣ, ਇਸੇ ਕਾਰਨ ਇਸ ਵਿਚ ਸਫਲਤਾ ਨਹੀਂ ਮਿਲ ਰਹੀ।'

ਨਾਈਜੀਰੀਆ ਵਿਚ ਬੋਕੋ ਹਰਾਮ ਜਿਹੇ ਸੰਗਠਨ ਨੂੰ ਇੱਕ ਪਾਸੇ ਜਿੱਥੇ ਗ਼ਰੀਬੀ ਤੇ ਅਨਪੜ੍ਹਤਾ ਤੋਂ ਤਾਕਤ ਮਿਲ ਰਹੀ ਹੈ, ਉੱਥੇ ਦੂਜੇ ਪਾਸੇ ਤੇਲ ਤੇ ਹਥਿਆਰਾਂ ਦੇ ਨਾਜਾਇਜ਼ ਕਾਰੋਬਾਰ ਨਾਲ ਇਹ ਹੋਰ ਮਜ਼ਬੂਤ ਹੁੰਦਾ ਜਾ ਰਿਹਾ ਹੈ।

HOTHI FREIGHTLINES

HOTHI FREIGHTLINES

ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।

- California to Michigan, New Jersey Florida & Texas
- Dedicated Load (ਪੱਕੇ ਲੋਡ)




- ਪੈਸਿਆਂ ਦਾ ਭੁਗਤਾਨ ਆਪ ਸਾਨੂੰ ਲੋਡ ਡਲਿਵਰ ਕਰਕੇ ਪੇਪਰ ਦਿਉ ਅਤੇ ਆਪਣੇ ਪੈਸੇ ਲਉ।
- ਸਾਡੇ ਡਿਸਪੈਚਰ ਪੰਜਾਬੀ ਅਤੇ ਇੰਗਲਿਸ਼ ਬੋਲਦੇ ਹਨ।

ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ

ਗੁਰਜੀਤ ਸਿੰਘ ਹੋਠੀ (408) 332-9355

248 South Hillview Dr Milpitas CA 95035

# ਪੰਜਾਬ ਦੇ ਵਪਾਰੀ ਸਨਅਤ ਬੰਦ ਕਰਕੇ ਸ਼ਿਫਟ ਹੋ ਰਹੇ ਨੇ ਕੈਨੇਡਾ

## ਕੈਨੇਡਾ 'ਚ ਪੰਜਾਬੀ ਕਮਾਉਂਦੇ ਨੇ ਚੀਨੀਆਂ ਤੋਂ ਵੱਧ ਪੈਸਾ ਪਰ ਚੀਨੀ ਲੋਕ ਆਪਣੇ ਦੇਸ ਦਾ ਕਾਰੋਬਾਰ ਮਜ਼ਬੂਤ ਕਰਨ 'ਚ ਪੰਜਾਬੀਆਂ ਤੋਂ ਅੱਗੇ

**ਜਲੰਧਰ/ਬਿਊਰੋ ਨਿਊਜ਼:**




ਕੈਨੇਡਾ ਵਿਚ ਭਾਰੀ ਕਮਾਈ ਕਰਕੇ ਵੀ ਪੰਜਾਬੀ ਆਪਣੇ ਦੇਸ ਦੇ ਨਾਲ ਵਪਾਰ ਨਹੀਂ ਕਰ ਰਹੇ ਹਨ। ਜਦ ਕਿ ਚੀਨੀ ਇਸ ਵਿਚ ਅੱਗੇ ਹਨ। ਉਦੋਂ ਵੀ, ਜਦ ਕਿ ਉਹ ਪੰਜਾਬੀਆਂ ਤੋਂ 10-15 ਫ਼ੀਸਦੀ ਘੱਟ ਕਮਾਉਂਦੇ ਨ। ਕੈਨੇਡਾ ਦੀ ਰੈਵਨਿਊ ਏਜੰਸੀ ਦੀ ਟੈਕਸ ਦਰ ਰਿਪੋਰਟ ਵਿਚ ਖੁਲਾਸਾ ਹੋਇਆ ਹੈ ਕਿ ਉੱਥੇ ਰਹਿੰਦੇ ਪੜ੍ਹੇ-ਲਿਖੇ ਪੰਜਾਬੀ ਸਾਲ ਵਿਚ ਘੱਟ ਤੋਂ ਘੱਟ 80 ਹਜ਼ਾਰ ਡਾਲਰ ਕਮਾ ਰਹੇ ਹਨ। ਜਦ ਕਿ ਉੱਥੇ ਸਰਕਾਰੀ ਨੌਕਰੀ ਤੇ ਬਿਜ਼ਨਸ ਕਰਨ ਵਾਲੇ ਪੰਜਾਬੀ ਸਾਲਾਨਾ 2 ਤੋਂ ਢਾਈ ਲੱਖ ਰੁਪਏ। ਇਸ ਵਿਚ ਸੱਚਾਈ ਇਹ ਹੈ ਕਿ ਪੰਜਾਬੀ ਆਪਣੇ ਸ਼ਹਿਰਾਂ ਵਿਚ ਇਨਵੈਸਟਮੈਂਟ ਨਹੀਂ ਕਰ ਰਹੇ ਹਨ। ਪਿਛਲੇ 5 ਸਾਲ ਵਿਚ ਦੋਵੇਂ ਦੇਸਾਂ ਵਿਚਾਲੇ ਜਿਹੜਾ ਵਪਾਰ ਹੋਇਆ ਹੈ, ਉਸ ਵਿਚ ਉਲਟਾ ਭਾਰਤ ਹੀ 7007 ਮਿਲੀਅਨ ਡਾਲਰ ਦੇ ਘਾਟੇ ਵਿਚ ਹੈ। ਜਦ ਕਿ ਚੀਨੀ ਕੰਪਨੀਆਂ ਨੇ 16 ਬਿਲੀਅਨ ਡਾਲਰ ਸਾਲਾਨਾ ਦੀ ਔਸਤ 'ਤੇ ਸਾਮਾਨ ਦੀ ਵਿਕਰੀ ਕੀਤੀ ਹੈ। ਚੀਨੀ ਲੋਕ ਆਪਣੇ ਦੇਸ ਤੋਂ ਸਾਰੇ ਸਾਮਾਨ ਮੰਗਵਾ ਕੇ ਕੈਨੇਡਾ ਵਿਚ ਵੇਚ ਕੇ, ਆਪਣੇ ਦੇਸ ਨੂੰ ਤਰੱਕੀ ਦੇ ਰਹੇ ਹਨ। ਇਸ ਦੌਰਾਨ ਪੰਜਾਬ ਲਈ ਨਵੀਂ ਚਿੰਤਾ ਪੈਦਾ ਹੋ ਗਈ ਹੈ ਕਿ ਦੋਵਾਂ ਦੇਸਾਂ ਵਿਚਾਲੇ ਤਲਖ ਹੁੰਦੇ ਸੰਬੰਧਾਂ ਵਿਚਾਲੇ ਪੰਜਾਬੀ ਸਨਅਤ ਸੰਚਾਲਕ ਜਲੰਧਰ, ਲੁਧਿਆਣਾ ਤੇ ਮੰਡੀ ਗੋਬਿੰਦਗੜ੍ਹ ਵਿਚ ਕੰਮ ਬੰਦ ਕਰਕੇ ਕੈਨੇਡਾ ਸ਼ਿਫਟ ਹੋ ਰਹੇ ਹਨ।

ਕੈਨੇਡਾ ਰੈਵਨਿਊ ਏਜੰਸੀ ਤੋਂ ਉਪਲੱਬਧ ਡਾਟਾ ਅਨੁਸਾਰ ਘੱਟ ਪੜ੍ਹੇ-ਲਿਖੇ ਪੰਜਾਬੀ 11 ਰੁਪਏ ਡਾਲਰ ਦੀ ਪ੍ਰਤੀ ਘੰਟਾ ਕਮਾਈ ਨਾਲ ਦਿਨ ਵਿਚ ਔਸਤਨ 88 ਡਾਲਰ ਕਮਾ ਰਹੇ ਹਨ, ਪਰ ਉੱਥੇ ਪੜ੍ਹੇ-ਲਿਖੇ ਪੰਜਾਬੀ ਇਸ ਤੋਂ ਤਿੰਨ ਗੁਣਾ ਤੱਕ ਇਨਕਮ ਕਮਾ ਰਹੇ ਹਨ। 2006 ਵਿਚ ਕੈਨੇਡਾ ਵਿਚਟ ਪੰਜਾਬੀ 4 ਲੱਖ 44 ਹਜ਼ਾਰ ਸਨ। ਇਨ੍ਹਾਂ ਵਿਚੋਂ 70 ਫ਼ੀਸਦੀ ਸਾਲ ਵਿਚ 29,900 ਡਾਲਰ ਕਮਾ ਲੈਂਦੇ ਸਨ। ਹੁਣ ਪੰਜਾਬੀਆਂ ਦੀ ਗਿਣਤੀ 10 ਲੱਖ ਦੇ ਪਾਰ ਹੈ। ਅਜਿਹੇ ਵਿਚ ਘੱਟ ਪੜ੍ਹੇ-ਲਿਖੇ ਵੀ ਇਨਕਮ ਟੈਕਸ ਰਿਟਰਨ ਵਿਚ ਔਸਤਨ 80 ਹਜ਼ਾਰ ਡਾਲਰ ਦੀ ਕਮਾਈ ਦਰਜ ਕਰ ਰਹੇ ਹਨ। ਜਦਕਿ ਇਨਫਰਮੇਸ਼ਨ ਟੈਕਨਾਲੋਜੀਸ ਲਾਅ, ਸਰਕਾਰੀ ਨੌਕਰੀਪੇਸ਼ਾ-2 ਲੱਖ ਡਾਲਰ ਤੋਂ ਵੱਧ ਦੀ ਕਮਾਈ ਵੀ ਦਰਜ ਕਰਵਾ ਰਹੇ ਹਨ। ਔਸਤਨ ਚੀਨੀ ਲੋਕ ਇਨ੍ਹਾਂ ਤੋਂ 15 ਤੋਂ 25ਗ ਤੱਕ ਪਿੱਛੇ ਹਨ। ਪੰਜਾਬੀ ਘਰ ਬਣਾਉਣ 'ਤੇ ਵੀ ਖ਼ਾਸ ਪੈਸੇ ਖ਼ਰਚ ਕਰਦੇ ਹਨ। ਚੀਨੀ ਇੱਥੇ ਵੀ ਕੰਜੂਸੀ ਕਰਦੇ ਹਨ।

ਪਹਿਲਾਂ ਬੇਰੋਜ਼ਗਾਰ ਜਾਂ ਫਿਰ ਵਿਦਿਆਰਥੀ ਹੀ ਕੈਨੇਡਾ ਜਾਂਦੇ ਸਨ। ਹੁਣ ਟਰੈਂਡ ਬਦਲਿਆ ਹੈ। ਪਿਛਲੇ 1 ਸਾਲ ਵਿਚ ਜਲੰਧਰ ਤੋਂ ਤਕਰੀਬਨ ਦੋ ਦਰਜਨ ਵਪਾਰੀ ਕੈਨੇਡਾ ਸ਼ਿਫਟ ਹੋ ਚੁੱਕੇ ਹਨ। ਇਹ ਇੰਜੀਨੀਅਰਿੰਗ ਗੁਡਜ਼, ਸਿਵਲ ਇੰਜੀਨੀਅਰਿੰਗ ਤੇ ਕੰਸਲਟੈਂਸੀ ਨਾਲ ਜੁੜੇ ਲੋਕ ਸ਼ਾਮਲ ਹਨ। ਇਨ੍ਹਾਂ ਨੇ ਔਸਤਨ 1 ਕਰੋੜ ਰੁਪਏ ਤੋਂ ਵੱਧ ਕੈਨੇਡਾ ਵਿਚ ਇਨਵੈਸਟ ਕੀਤੇ ਹਨ। ਜਲੰਧਰ ਦੇ ਵਪਾਰੀਆਂ ਦੇ ਨਾਲ ਬਿਜਨਸ ਕਰਨ ਵਾਲੇ ਲੁਧਿਆਣਾ ਤੇ ਮੰਡੀ ਗੋਬਿੰਦਗੜ੍ਹ ਦੇ 1 ਦਰਜਨ ਲੋਕ ਵੱਖ ਤੋਂ ਹਨ।

ਪੰਜਾਬੀ ਕੈਨੇਡਾ ਵਿਚ ਪੜ੍ਹਾਈ ਦੇ ਨਾਲ-ਨਾਲ ਕੰਮ ਕਰਨ ਲਈ ਹਰ ਸਾਲ ਜਾਂਦੇ ਹਨ। ਵਿਦਿਆਰਥੀਆਂ ਨੇ ਉੱਥੋਂ ਦੀਆਂ ਸਿੱਖਿਅਕ ਸੰਸਥਾਵਾਂ ਨੂੰ 15 ਤੋਂ 20 ਲੱਖ ਰੁਪਏ ਪ੍ਰਤੀ ਕੋਰਸ ਬਤੌਰ ਪੜ੍ਹਾਈ ਖ਼ਰਚ ਦੇ ਦਿੱਤੇ ਹਨ। ਕਾਰੋਬਾਰ ਨਾਲ ਜੁੜੇ ਲੋਕ ਦੱਸਦੇ ਹਨ ਕਿ ਤਕਰੀਬਨ 900 ਕਰੋੜ ਦਾ ਸਾਲਾਨਾ ਬਿਜ਼ਨਸ ਦਿੱਤਾ ਹੈ।

ਜਲੰਧਰ ਤੋਂ ਇੰਜੀਨੀਅਰਿੰਗ, ਲੈਦਰ ਗੁਡਜ਼ ਦਾ ਕਾਰੋਬਾਰ ਕਰਨ ਪੰਜਾਬੀ

ਈਈਪੀਸੀ ਦੇ ਰੀਜਨਲ ਡਾਇਰੈਕਟਰ ਅਪਿੰਦਰ ਸਿੰਘ ਅਨੁਸਾਰ ਕੈਨੇਡਾ ਵਿਚ ਇੰਜੀਨੀਅਰਿੰਗ ਗੁਡਜ ਦੀ ਪ੍ਰੋਡਕਸ਼ਨ ਨਾ ਦੇ ਬਰਾਬਰ ਹੈ। ਪੰਜਾਬੀ ਜਲੰਧਰ ਤੋਂ ਬਣੇ ਹੈਂਡਟੂਲ, ਆਟੋ ਪਾਰਟਸ, ਲੈਦਰ ਗੁਡਜ਼ ਲਿਜਾ ਕੇ ਕੈਨੇਡਾ ਵਿਚ ਵੇਚਣ। ਚੀਨੀ ਆਪਣੇ ਦੇਸ ਤੋਂ ਇੰਝ ਹੀ ਸਾਮਾਨ ਮੰਗਵਾ ਰਹੇ ਹਨ। ਕੈਨੇਡਾ ਦੀ ਜਨਗਣਨਾ ਦੇ ਅਨੁਸਾਰ 1903 ਵਿਚ ਕੈਨੇਡਾ ਵਿਚ 300 ਪੰਜਾਬੀ ਸਨ, 1980 ਵਿਚ 5000 ਹੋਏ, 2006 ਵਿਚ 4.44 ਲੱਖ ਤੇ ਹੁਣ 10 ਲੱਖ ਪਾਰ ਹੈ।

# ਡੇਰਾਵਾਦ ਦੀ ਦਲਦਲ

**ਪਰਮਜੀਤ ਕੌਰ ਸਰਹਿੰਦ**

ਕਿਹਾ ਜਾਂਦਾ ਹੈ, "ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ" ਫਰਕ ਐਨਾ ਹੈ ਕਿ ਮੁਹਿੰਮਾਂ ਰੂਪ ਬਦਲ-ਬਦਲ ਕੇ ਦਰਪੇਸ਼ ਰਹਿੰਦੀਆਂ ਹਨ। ਕਦੇ ਮੁਗਲ ਹਕੂਮਤਾਂ ਕਦੇ ਬਰਤਾਨਵੀ ਸਰਕਾਰਾਂ ਇਨ੍ਹਾਂ ਨੂੰ ਲੁੱਟਦੀਆਂ-ਕੁੱਟਦੀਆਂ ਰਹੀਆਂ। ਫਿਰ 1947 ਦੀ ਖ਼ੂਨੀ ਵੰਡ ਵੇਲ਼ੇ ਵੱਢ-ਟੁੱਕ ਹੋਈ, ਭਰਾ-ਭਰਾ ਵੈਰੀ ਬਣੇ, ਇਜ਼ਤਾਂ ਰੁਲੀਆਂ ਤੇ ਜਿੰਦ ਕੱਢ ਲੈਣ ਵਾਲ਼ੇ ਵਿਛੋੜੇ ਪਏ। ਜਿਨ੍ਹਾਂ ਮੰਦਭਾਗਿਆਂ ਨੇ ਇਹ ਦੁਖ ਜਰੇ ਉਨ੍ਹਾਂ ਨੂੰ ਇਹ ਯਾਦਾਂ ਅੱਜ ਵੀ ਖ਼ੂਨ ਦੇ ਅੱਥਰੂ ਰੁਆਉਂਦੀਆਂ ਹਨ। ਮੁੜ ਅਜ਼ਾਦ ਭਾਰਤ ਵਿਚ ਆਪਣੇ ਦੇਸ਼ ਵਿਚ 1984 ਵਿਚ ਆਪਣੇ ਆਖੇ ਜਾਣ ਵਾਲੇ ਹਾਕਮਾਂ ਦੇ ਹੱਥੋਂ ਅਜਿਹੀ ਮਾਰ ਪਈ ਜਿਸ ਨੇ ਬਾਬਰ ਵੇਲ਼ੇ ਦੀ ਮਾਰ ਯਾਦ ਕਰਵਾ ਦਿੱਤੀ। ਉਸ ਵੇਲ਼ੇ ਮਨੁੱਖਤਾ ਦਾ ਹੁੰਦਾ ਘਾਣ ਦੇਖ ਕੇ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰੱਬ ਨਾਲ਼ ਵੀ ਨਹੋਰਾ ਕੀਤਾ ਕਿ "ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ।। " ਪਰ ਸਾਡੇ ਸਿਦਕੀ ਸੂਰਮੇ ਸਦਾ ਜ਼ੁਲਮ-ਜ਼ਬਰ ਦੇ ਖ਼ਿਲਾਫ਼ ਲੜਦੇ ਰਹੇ ਕਦੇ ਹਾਰੇ ਨਹੀਂ।



ਅਜੋਕੇ ਸਮੇਂ ਵੀ ਬਹੁਤ ਸਾਰੀਆਂ ਮੁਹਿੰਮਾਂ ਸਾਨੂੰ ਦਰਪੇਸ਼ ਹਨ ਜਿਵੇਂ ਬੇਰੁਜਗਾਰੀ, ਮੁਕਦੇ-ਸੁਕਦੇ ਜਾਂਦੇ ਪਾਣੀ ਤੇ ਰੁੱਖ, ਕੁੜੀਆਂ-ਚਿੜੀਆਂ ਦੀ ਘੱਟ ਰਹੀ ਗਿਣਤੀ। ਇਸ ਤੋਂ ਇਲਾਵਾ ਨਸ਼ੇ ਦੀ ਮਾਰ-ਕਾਲ਼ਾ ਬਾਜ਼ਾਰ, ਦੂਸ਼ਿਤ ਹੋ ਰਿਹਾ ਵਾਤਾਵਰਣ, ਕਿਸਾਨਾਂ ਵੱਲੋਂ ਕੀਤੀਆਂ ਜਾ ਰਹੀਆਂ ਖ਼ੁਦਕੁਸ਼ੀਆਂ ਅਤੇ ਇਨ੍ਹਾਂ ਅੰਦਰਲੇ ਸੰਕਟਾਂ ਦੇ ਨਾਲ਼ ਹਰ ਦੂਜੇ-ਚੌਥੇ ਸਰਹੱਦਾਂ ਉੱਤੇ ਹੁੰਦੀ ਗੋਲੀਬਾਰੀ। ਇਹਨਾਂ ਸਾਰੀਆਂ ਮੁਸ਼ਕਲਾਂ ਨਾਲ਼ ਤਾਂ ਅਸੀਂ ਲੋਕ ਜੂਝ ਹੀ ਰਹੇ ਹਾਂ ਪਰ ਇਕ ਬਹੁਤ ਅਹਿਮ ਤੇ ਖਤਰਨਾਕ ਮੁਸੀਬਤ ਸਾਡੇ ਗਲ ਪਈ ਹੋਈ ਹੈ, ਉਹ ਹੈ ਪਖੰਡੀ ਬਾਬੇ ਤੇ ਝੂਠਾ ਡੇਰਾਵਾਦ। ਇਸ ਨੇ ਪੂਰੇ ਸੰਸਾਰ ਵਿਚ ਸਾਡਾ ਸਿਰ ਨੀਵਾਂ ਕੀਤਾ ਹੈ। ਇਕ ਬਾਬੇ ਦੇ ਕਾਲ਼ੇ ਕਾਰਨਾਮੇ ਅਜੇ ਅਖਬਾਰਾਂ ਅਤੇ ਟੀ.ਵੀ. ਚੈਨਲਾਂ ਤੋਂ ਮੁੱਕੇ ਨਹੀਂ ਹੁੰਦੇ ਦੂਜੇ ਦੇ ਸ਼ੁਰੂ ਹੋ ਜਾਂਦੇ ਹਨ। ਪੰਜਾਬ ਹਰਿਆਣਾ, ਹਿਮਾਚਲ ਤੇ ਰਾਜਸਥਾਨ ਭਾਵੇਂ ਵੱਖ-ਵੱਖ ਸੂਬੇ ਹਨ ਪਰ ਇਹ ਇਕ ਰੁੱਖ ਦੀਆਂ ਸ਼ਾਖਾਵਾਂ ਹਨ ਜਦੋਂ ਕਿਸੇ ਸੂਬੇ ਵਿਚ ਕੋਈ ਹੋਰ ਜਾਂ ਫਿਰ ਬਾਬਾਵਾਦ ਦੀ ਹਨ੍ਹੇਰੀ ਝੁੱਲਦੀ ਹੈ ਤਾਂ ਇਹ ਸੂਬੇ ਪ੍ਰਭਾਵਿਤ ਹੁੰਦੇ ਹਨ ਜਾਂ ਕਹਿ ਲਓ ਲਹੂ-ਲੁਹਾਣ ਤੇ ਸ਼ਰਮਸਾਰ ਵੀ ਹੁੰਦੇ ਹਨ। ਹੁਣੇ ਜਿਹੇ ਸਿਰਸਾ ਵਿਚ ਝੁਲੇ ਝੱਖੜ ਨੇ ਦੱਬੇ ਮੁਰਦੇ ਉਖਾੜ ਕੇ ਉਨ੍ਹਾਂ ਦੇ ਪਿੰਜਰ ਜਨਤਾ ਦੇ ਸਾਹਮਣੇ ਲਿਆ ਰੱਖੇ ਹਨ। ਪਖੰਡੀ ਸਾਧਾਂ ਨੇ ਗੁਰਬਾਣੀ ਜਾਂ ਸੱਚ-ਧਰਮ ਦਾ ਪ੍ਰਚਾਰ ਕਰਨ ਵਾਲ਼ੇ ਕੁਝ ਦਰਵੇਸ਼ ਲੋਕਾਂ ਨੂੰ ਵੀ ਸ਼ਰਮਿੰਦੇ ਕੀਤਾ ਹੈ।

ਸੋਚਣ ਵਾਲ਼ੀ ਗੱਲ ਹੈ ਕਿ ਇਸ ਸਭ ਕੁਝ ਲਈ ਅਸੀਂ ਵੀ ਕਿਤੇ ਨਾ ਕਿਤੇ ਦੋਸ਼ੀ ਹਾਂ। ਅੱਜ 21 ਵੀਂ ਸਦੀ ਅਤੇ ਵਿਗਿਆਨ ਦੇ ਯੁੱਗ ਵਿਚ ਨਾ ਜਨਤਾ ਅਨਪੜ੍ਹ ਹੈ, ਨਾ ਹੀ ਭੋਲ਼ੀ-ਭਾਲ਼ੀ। ਉਹ ਜ਼ਮਾਨੇ ਬੀਤ ਗਏ ਜਦੋਂ ਕਿਸੇ ਨੂੰ ਬੁਖਾਰ ਹੋ ਜਾਣ ਦੀ ਹਾਲਤ ਵਿਚ ਜਾਦੂ-ਟੂਣੇ ਕਰਕੇ ਇਲਾਜ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਸੀ। ਅੱਜ ਮਨੁੱਖ ਚੰਦ ਤੱਕ ਪਹੁੰਚ ਗਿਆ ਹੈ ਪਰ ਕੁਝ ਲੋਕ ਅਜੇ ਵੀ ਬਾਬਾਵਾਦ ਜਾਂ ਡੇਰਾਵਾਦ ਦੀ ਡੂੰਘੀ ਦਲਦਲ ਵਿਚ ਧਸੇ ਹੋਏ ਹਨ। ਕਿਹਾ ਜਾਂਦਾ ਹੈ ਮਾਂ, ਬੱਚੇ ਦਾ ਪਹਿਲਾ ਗੁਰੂ ਹੁੰਦੀ ਹੈ ਤੇ ਅਧਿਆਪਕ ਦੂਜਾ। ਕੀ ਮਾਂ ਤੇ ਤੇ ਅਧਿਆਪਕ ਬੱਚਿਆਂ ਨੂੰ ਸਹੀ ਸੇਧ ਨਹੀਂ ਦੇ ਰਹੇ ? ਜਾਂ ਬੱਚੇ ਐਡੇ ਕਮਅਕਲ ਤੇ ਬੇਪ੍ਰਵਾਹ ਹਨ ਕਿ ਕੋਈ ਗੱਲ ਉਹਨਾਂ ਨੂੰ ਪੋਂਹਦੀ ਹੀ ਨਹੀਂ। ਪਿਛਲੇ ਦਿਨੀਂ ਡੇਰਾ ਵਿਚ ਲੜਕੀਆਂ ਕਹਿ ਰਹੀਆਂ ਸਨ ਕਿ ਅਸੀਂ ਮਾਪਿਆਂ ਨੂੰ ਡੇਰੇ ਵਿਚ ਹੁੰਦੇ ਕੁਕਰਮਾਂ ਬਾਰੇ ਮਾਪਿਆਂ ਨੂੰ ਜਾਣੂ ਕਰਵਾਉਂਦੀਆਂ ਤੇ ਉੱਥੇ ਵਾਪਸ ਨਹੀਂ ਸਨ ਜਾਣਾ ਚਾਹੁੰਦੀਆਂ ਪਰ ਮਾਪੇ ਅੰਨ੍ਹੀ ਸ਼ਰਧਾ ਵਿਚ ਡੁੱਬੇ ਸਾਡੀ ਇਕ ਨਹੀਂ ਸੁਣਦੇ ਸਨ ਤੇ ਵਾਪਸ ਭੇਜ ਦਿੰਦੇ ਸਨ।

ਕੁਝ ਪੜ੍ਹੇ-ਲਿਖੇ ਮਰਦ-ਮੁੰਡਿਆਂ ਨੇ ਵੀ ਅਜਿਹੇ ਹੀ ਬਿਆਨ ਜਨਤਾ ਨਾਲ਼ ਸਾਂਝੇ ਕੀਤੇ ਹਨ ਕਿ ਸਾਡੇ ਮਾਪੇ ਡੇਰੇ ਵਿਚ ਜਾਂਦੇ ਜਾਂ ਰਹਿੰਦੇ ਸਨ ਉਨ੍ਹਾਂ ਨਾਲ਼ ਅਸੀਂ ਵੀ ਜਾਣ ਲੱਗੇ। ਨਾ ਹੀ ਇਹ ਮੁੰਡੇ ਅਨਪੜ੍ਹ-ਉਜੱਡ ਸਨ ਅਤੇ ਨਾ ਹੀ ਛੋਟੇ ਬੱਚੇ ਜਿਨ੍ਹਾਂ ਨੂੰ ਚੰਗੇ-ਮਾੜੇ ਦੀ ਸੋਝੀ ਨਹੀਂ ਸੀ। ਇਕ ਪਾਸੇ ਤਾਂ ਇਹੋ ਭਰਾ ਜਾਂ ਮਾਪੇ ਆਪਣੀ ਕਿਸੇ ਧੀ-ਭੈਣ ਦੇ ਆਪ ਵਰ ਚੁਣ ਲੈਣ ਕਾਰਨ ਦੋਵਾਂ ਨੂੰ ਜਾਂ ਆਪਣੀ ਧੀ-ਭੈਣ ਨੂੰ ਮਾਰ ਮੁਕਾਉਂਦੇ ਹਨ ਅਤੇ ਅਖਬਾਰਾਂ ਵਿਚ "ਅਣਖ ਲਈ ਕਤਲ਼" ਦੀਆਂ ਸੁਰਖੀਆਂ ਲੱਗਦੀਆਂ ਹਨ, ਦੂਜੇ ਪਾਸੇ ਇਹ ਅਣਖੀਲੇ ਲੋਕ ਆਪ ਧੀਆਂ-ਭੈਣਾਂ ਭਾਵ ਔਰਤਾਂ ਨੂੰ ਡੇਰਿਆਂ ਵਿਚ ਭੇਜਦੇ ਜਾਂ ਛੱਡ ਰੱਖਦੇ ਹਨ। ਹਰ ਦੂਜੇ-ਚੌਥੇ ਦਿਨ ਮੀਡੀਆਂ ਭੇਖੀ ਸਾਧਾਂ ਅਤੇ ਡੇਰਿਆਂ ਦੇ ਕੱਚੇ ਚਿੱਠੇ ਸਾਨੂੰ ਸੁਣਾਉਂਦਾ ਤੇ ਦਿਖਾਉਂਦਾ ਹੈ।

ਬਾਕੀ ਸਫ਼ਾ 32 'ਤੇ

# ਹਾਕੀ ਵਾਲਾ ਕੀਨੀਆਈ ਸਰਦਾਰ ਅਵਤਾਰ ਸਿੰਘ

**ਡਾ. ਰੂਪ ਸਿੰਘ**

ਅੰਤਰਰਾਸ਼ਟਰੀ ਪੱਧਰ 'ਤੇ ਦੁਨੀਆਂ ਦੇ 18 ਦੇਸ਼ਾਂ ਦੀਆਂ ਟੀਮਾਂ ਦੇ ਸਿੱਖ ਖਿਡਾਰੀ ਸ਼ਾਮਿਲ ਰਹੇ ਹਨ। ਕੀਨੀਆ ਏਸ਼ੀਅਨ ਸਪੋਰਟਸ ਐਸੋਸੀਏਸ਼ਨ ਅਗਸਤ 1912 ਵਿੱਚ ਹੋਂਦ ਵਿੱਚ ਆਈ। ਇਸ ਦੇ ਰਿਕਾਰਡ ਤੋਂ ਪਤਾ ਚੱਲਦਾ ਹੈ ਕਿ ਕੀਨੀਆ ਵਿਚ ਸਿੱਖ 1920 ਤੋਂ ਪਹਿਲਾਂ ਦੇ ਹਾਕੀ ਖੇਡ ਰਹੇ ਹਨ। ਖ਼ਾਲਸਾ ਯੂਨੀਅਨ 1920 ਇੱਕ ਕਲੱਬ ਦੇ ਰੂਪ ਵਿੱਚ ਹੋਂਦ ਵਿਚ ਆਈ ਜੋ 1926 ਵਿੱਚ ਸਿੱਖ ਯੂਨੀਅਨ ਕਲੱਬ (ਫੋਰੈਸਟ ਰੋਡ) ਬਣ ਗਈ। ਕੀਨੀਆ ਹਾਕੀ ਦੇ ਪਿੱਛੇ ਇਸ ਕਲੱਬ ਦਾ ਹਮੇਸ਼ਾਂ ਹੱਥ ਰਿਹਾ। 2 ਜੂਨ 1949 ਨੂੰ ਕੀਨੀਆ ਹਾਕੀ ਯੂਨੀਅਨ, ਨੈਰੋਬੀ ਦੀ ਸਥਾਪਨਾ ਕੀਤੀ ਗਈ।

ਕੀਨੀਆ ਵਿੱਚ ਹਾਕੀ ਵਾਲੇ ਸਰਦਾਰਾਂ ਦੀ ਹਮੇਸ਼ਾਂ ਸਰਦਾਰੀ ਕਾਇਮ ਰਹੀ ਹੈ। ਗੁਰੂ ਗੋਬਿੰਦ ਸਿੰਘ ਦੇ 350ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਮਾਗਮ 'ਦਸਮੇਸ਼ ਸਮਾਗਮ 350' (ਕੀਨੀਆ) ਸਿੱਖ ਯੂਨੀਅਨ ਕਲੱਬ ਦੇ ਗਰਾਊਂਡ ਵਿੱਚ 22 ਤੋਂ 26 ਜੂਨ 2017 ਨੂੰ ਹੋਇਆ। ਭਾਰਤ ਤੋਂ ਬਾਹਰ ਪਹਿਲੀ ਵਾਰ ਇੰਨੇ ਵੱਡੇ ਸਮਾਗਮ ਦਾ ਪ੍ਰਬੰਧ ਸੁਪਰੀਮ ਸਿੱਖ ਕੌਂਸਲ, ਕੀਨੀਆ ਤੇ ਭਾਈ ਮਹਿੰਦਰ ਸਿੰਘ, ਮੁਖੀ, ਗੁਰੂ ਨਾਨਕ ਨਿਸ਼ਕਾਮ ਸੇਵਕ ਜਥੇ ਵੱਲੋਂ ਕੀਤਾ ਗਿਆ ਸੀ। ਇਸ ਵਿੱਚ ਮੈਨੂੰ ਤੇ ਮੇਰੀ ਪਤਨੀ ਰਮਨਦੀਪ ਕੌਰ ਨੂੰ ਸ਼ਾਮਿਲ ਹੋਣ ਦਾ ਸੁਭਾਗ ਪ੍ਰਾਪਤ ਹੋਇਆ। ਸਮਾਗਮ ਵਿਚੋਂ ਹੀ ਮੈਂ ਸਿੱਖ ਯੂਨੀਅਨ ਕਲੱਬ (ਨੈਰੋਬੀ) ਦੇਖਣ ਗਿਆ। ਸਿੱਖ ਯੂਨੀਅਨ ਕਲੱਬ ਬਹੁਤ ਪੁਰਾਣਾ ਹੈ। 1920 ਤੋਂ ਹੁਣ ਤੀਕ ਦੇ ਅਹੁਦੇਦਾਰਾਂ ਤੇ ਸਰਦਾਰਾਂ ਦੀਆਂ ਤਸਵੀਰਾਂ ਸਿੱਖ ਅਜਾਇਬਘਰ ਵਜੋਂ ਪ੍ਰਤੀਤ ਹੁੰਦੀਆਂ ਹਨ। ਜ਼ਿਆਦਾਤਰ ਹਾਕੀ ਤੇ ਕ੍ਰਿਕਟ ਦੇ ਸਰਦਾਰਾਂ ਨੂੰ ਤਸਵੀਰਾਂ ਰਾਹੀਂ ਦਰਸਾਇਆ ਗਿਆ ਹੈ। ਸਰਦਾਰ ਖਿਡਾਰੀਆਂ ਦੇ ਸਿਰਾਂ 'ਤੇ ਰੁਮਾਲ ਜਾਂ ਦਸਤਾਰਾਂ ਹਨ। ਕੁਝ ਨੇ ਕੀਨੀਆ ਸਟਾਈਲ ਵਿਚ ਦਾੜ੍ਹੀ ਦੀ ਬੇਅਦਬੀ ਕੀਤੀ ਹੈ। ਖ਼ੈਰ, ਤਸਵੀਰਾਂ ਦੇਖਦਿਆਂ-ਦੇਖਦਿਆਂ ਹਾਕੀ ਵਾਲੇ ਸਰਦਾਰਾਂ ਦੀਆਂ ਤਸਵੀਰਾਂ ਦੇਖ ਕੇ ਮਨ ਚਾਓ-ਖੜਾਓ ਵਿਚ ਆ ਗਿਆ। ਮੈਂ ਕੀਨੀਆ ਦੇ ਨਿਵਾਸੀਆਂ ਨਾਲ ਹਾਕੀ ਵਾਲੇ ਸਰਦਾਰਾਂ ਬਾਰੇ ਗੱਲ ਕੀਤੀ ਤਾਂ ਮੈਨੂੰ ਇੱਕ ਨੇ ਦੱਸਿਆ ਕਿ ਇੱਕ ਹਾਕੀ ਵਾਲਾ ਅਵਤਾਰ ਸਿੰਘ 'ਦਸਮੇਸ਼ ਸਮਾਗਮ' ਵਿੱਚ ਆਇਆ ਸੀ ਜਿਸ ਨੇ ਕੀਨੀਆ ਹਾਕੀ ਟੀਮ ਦੇ ਕੈਪਟਨ ਵਜੋਂ ਤਿੰਨ ਓਲੰਪਿਕ ਖੇਡੇ। ਮੇਰੇ ਮਨ ਵਿਚ ਉਸ ਸਰਦਾਰ ਨੂੰ ਮਿਲਣ ਦੀ ਤਮੰਨਾ ਜਾਗ ਪਈ। ਅਗਲੇ ਦਿਨ ਮੈਨੂੰ ਉਸ ਸਰਦਾਰ ਦੇ ਦਰਸ਼ਨ ਹੋ ਗਏ। ਮੈਂ ਸੰਖੇਪ ਗੱਲਬਾਤ ਤੋਂ ਬਾਅਦ ਤਸਵੀਰ ਖਿਚਾਉਣੀ ਚਾਹੀ ਤਾਂ ਉਹ ਮੈਨੂੰ ਸਿੱਖ ਯੂਨੀਅਨ ਕਲੱਬ ਦੀ ਉਸ ਥਾਂ 'ਤੇ ਲੈ ਗਏ ਜਿੱਥੇ ਹਾਕੀ ਵਾਲੇ ਸਾਰੇ ਸਰਦਾਰਾਂ ਦੀਆਂ ਤਸਵੀਰਾਂ ਸ਼ੋਭਨੀਕ ਸਨ।



ਕੱਦ-ਕਾਠ ਤੇ ਸਿਹਤ ਕਰਕੇ ਮੈਂ ਉਨ੍ਹਾਂ ਕੋਲ ਬਲੂੰਗੜਾ ਜਿਹਾ ਲੱਗ ਰਿਹਾ ਸਾਂ, ਪਰ ਮੈਂ ਇਸ ਹਾਕੀ ਵਾਲੇ ਸਰਦਾਰ ਨਾਲ ਮਿਲ ਕੇ ਤੇ ਤਸਵੀਰ ਖਿਚਵਾ ਕੇ ਮਾਣ ਮਹਿਸੂਸ ਕਰ ਰਿਹਾ ਸਾਂ। ਉਹ ਪਲ ਮੇਰੇ ਵਾਸਤੇ ਬੜੇ ਅਜ਼ੀਮ ਸਨ। ਹਾਕੀ ਵਾਲੇ ਖਿਡਾਰੀ ਸ਼ਕਤੀਸ਼ਾਲੀ, ਰਿਸ਼ਟ-ਪੁਸ਼ਟ ਤੇ ਦ੍ਰਿੜ੍ਹ ਇਰਾਦੇ ਵਾਲੇ ਹੁੰਦੇ ਹੀ ਹਨ, ਪਰ ਅਵਤਾਰ ਸਿੰਘ ਦੀ ਛੋਹ ਪ੍ਰਾਪਤ ਕਰਕੇ ਮੈਂ ਅਲੱਗ ਹੀ ਮਹਿਸੂਸ ਕੀਤਾ। ਇਸ ਦਾ ਕਾਰਨ ਉਮਰ ਦਾ ਬਹੁਤ ਵੱਡਾ ਪਾੜਾ ਸੀ। ਮੇਰੀ ਇੱਕ ਸਾਲ ਦੀ ਉਮਰ ਵਿਚ ਉਨ੍ਹਾਂ ਨੇ (1964 ਦੇ) ਓਲੰਪਿਕਸ ਵਿੱਚ ਕੀਨੀਆ ਹਾਕੀ ਟੀਮ ਦੀ ਕਪਤਾਨੀ ਕੀਤੀ ਸੀ। ਹਸਮੁੱਖ ਸੁਭਾਅ ਦੇ ਇਸ ਸ਼ਕਤੀਸ਼ਾਲੀ ਨੌਜਵਾਨ-ਬਜ਼ੁਰਗ ਦੀ ਸ਼ਖ਼ਸੀਅਤ ਗੁਰੂ ਬਖ਼ਸ਼ਿਸ਼ ਸਦਕਾ ਅਲੱਗ ਹੀ ਹੈ।

ਕੀਨੀਆ ਦੇ ਵਿਕਾਸ ਵਿਚ ਸਿੱਖਾਂ ਨੇ ਬਹੁਪੱਖੀ ਯੋਗਦਾਨ ਪਾਇਆ ਹੈ, ਪਰ ਹਾਕੀ ਦੇ ਖੇਤਰ ਵਿੱਚ ਸਿੱਖਾਂ ਨੇ ਜੋ ਯੋਗਦਾਨ ਦਿੱਤਾ ਹੈ, ਬਹੁਤ ਅਨੋਖਾ, ਅਦਭੁੱਤ ਤੇ ਵਿਲੱਖਣ ਵਿਸ਼ੇਸ਼ ਹੈ। ਅਵਤਾਰ ਸਿੰਘ ਸੋਹਲ ਦਾ ਜਨਮ 22 ਮਾਰਚ 1938 ਨੂੰ ਹੋਇਆ। ਸਿਟੀ ਪ੍ਰਾਇਮਰੀ ਸਕੂਲ, ਨੈਰੋਬੀ ਵਿਚ ਪੜ੍ਹਦਿਆਂ ਉਨ੍ਹਾਂ ਨੇ ਹਾਕੀ ਖੇਡਣੀ ਸ਼ੁਰੂ ਕੀਤੀ ਅਤੇ ਡਿਊਕ ਆਫ਼ ਗਤਸੈਂਟਰ ਸਕੂਲ, ਨੈਰੋਬੀ ਵਿਚ ਪੜ੍ਹਦਿਆਂ 19 ਸਾਲ ਦੀ ਉਮਰ ਵਿਚ ਪਹਿਲੀ ਵਾਰ ਅੰਤਰਰਾਸ਼ਟਰੀ ਖਿਡਾਰੀ ਵਜੋਂ ਉੱਭਰੇ ਅਤੇ ਦੱਖਣੀ ਅਫ਼ਰੀਕਾ ਵਿਰੁੱਧ ਖੇਡੇ। ਕੁਝ ਸਮਾਂ ਬਰਕਲੇ ਬੈਂਕ ਵਿੱਚ ਨੌਕਰੀ ਕੀਤੀ ਤੇ ਨੌਕਰੀ ਦੌਰਾਨ ਬਰਕਲੇ ਬੈਂਕ ਵੱਲੋਂ ਖੇਡਦੇ ਰਹੇ। 1959 ਵਿਚ ਅਵਤਾਰ ਸਿੰਘ ਦੀ ਅਗਵਾਈ ਵਾਲੀ ਟੀਮ ਨੇ ਐੱਮ. ਆਰ. ਡੀ ਸਲੂਜਾ ਗੋਲਡ ਕੱਪ ਜਿੱਤਿਆ। ਇਸ ਖੇਡ ਪ੍ਰਦਰਸ਼ਨ ਨੂੰ ਦੇਖਦਿਆਂ 1960 ਦੇ ਰੋਮ ਓਲੰਪਿਕ ਲਈ ਕੀਨੀਆਈ ਟੀਮ ਲਈ ਉਨ੍ਹਾਂ ਨੂੰ ਚੁਣ ਲਿਆ ਗਿਆ। 1962 ਵਿੱਚ ਕੀਨੀਆ ਦੀ ਰਾਸ਼ਟਰੀ ਹਾਕੀ ਟੀਮ ਦਾ ਕਪਤਾਨ ਨਿਯੁਕਤ ਕੀਤਾ ਗਿਆ। ਲਗਭਗ 15 ਸਾਲ ਅਵਤਾਰ ਸਿੰਘ ਸੋਹਲ ਕੀਨੀਆ ਦੀ ਰਾਸ਼ਟਰੀ ਹਾਕੀ ਟੀਮ ਦੇ ਕਪਤਾਨ ਰਹੇ।

ਅਵਤਾਰ ਸਿੰਘ ਚਾਰ ਵਾਰ ਕੀਨੀਆ ਵੱਲੋਂ ਹਾਕੀ ਓਲੰਪਿਕ ਹਾਕੀ ਟੀਮ ਵਿਚ ਖੇਡੇ। 1971 ਵਿੱਚ ਬਾਰਸੀਲੋਨਾ (ਸਪੇਨ) ਵਿਚ ਹੋਏ ਵਿਸ਼ਵ ਹਾਕੀ ਕੱਪ ਸਮੇਂ ਵੀ ਉਹ ਕੀਨੀਆ ਟੀਮ ਦੇ ਕਪਤਾਨ ਸਨ। ਇਸ ਵਿਸ਼ਵ ਕੱਪ ਵਿਚ ਕੀਨੀਆ ਚੌਥੇ ਨੰਬਰ 'ਤੇ ਰਿਹਾ ਸੀ। ਉਸ ਨੂੰ ਭਾਰਤ ਤੋਂ 2-1 ਦੇ ਫ਼ਰਕ ਨਾਲ ਵਾਧੂ ਸਮੇਂ ਵਿਚ ਹਾਰ ਹੋਈ ਸੀ। 1957 ਤੋਂ 1972 ਤੱਕ ਅਵਤਾਰ ਸਿੰਘ ਸੋਹਲ ਨੇ ਕੀਨੀਆ ਦੀ ਤਰਫ਼ੋਂ ਹਾਕੀ ਖੇਡਦਿਆਂ 167 ਅੰਤਰਰਾਸ਼ਟਰੀ ਮੈਚਾਂ ਵਿਚ ਭਾਗ ਲਿਆ ਅਤੇ ਨਵਾਂ ਵਿਸ਼ਵ ਕੀਰਤੀਮਾਨ ਸਥਾਪਿਤ ਕੀਤਾ। ਸਰਗਰਮ ਹਾਕੀ ਤੋਂ ਸੇਵਾਮੁਕਤੀ ਲੈਣ ਉਪਰੰਤ ਵੀ ਅਵਤਾਰ ਸਿੰਘ 1978 ਤੋਂ 1988 ਤਕ ਕੀਨੀਆ ਹਾਕੀ ਟੀਮ ਦੇ ਕੋਚ ਰਹੇ। ਕੁਝ ਸਮਾਂ ਅੰਤਰਰਾਸ਼ਟਰੀ ਮੈਚਾਂ ਦੇ ਅੰਪਾਇਰ ਵੀ ਰਹੇ।

ਪੰਜ ਸਿੱਖ ਖਿਡਾਰੀ ਓਲੰਪਿਕ ਖੇਡਾਂ ਵਿਚ ਕੀਨੀਆ ਟੀਮ ਦੇ ਕਪਤਾਨ ਰਹੇ ਤੇ ਵਿਸ਼ਵ ਕੱਪ ਸਮੇਂ ਵੀ ਪੰਜ ਸਿੱਖ ਟੀਮ ਦੇ ਕੋਚ ਰਹੇ। ਸੁਰਜੀਤ ਸਿੰਘ ਨੇ ਵੀ ਚਾਰ ਓਲੰਪਿਕ ਗੇਮਾਂ ਖੇਡੀਆਂ ਤੇ ਕੁੱਲ ਅੱਠ ਗੋਲ ਕੀਤੇ। ਅਵਤਾਰ ਸਿੰਘ ਸੋਹਲ ਨੇ ਚਾਰ ਓਲੰਪਿਕ ਖੇਡਾਂ ਵਿਚ 7 ਗੋਲ ਕਰਕੇ ਕੀਨੀਆ ਦਾ ਸਿਰ ਉੱਚਾ ਕੀਤਾ। 23 ਨਵੰਬਰ 2000 ਨੂੰ ਕੌਮਾਂਤਰੀ ਹਾਕੀ ਫੈਡਰੇਸ਼ਨ (ਐੱਫਆਈਐੱਚ) ਵੱਲੋਂ ਅਵਤਾਰ ਸਿੰਘ ਨੂੰ 'ਇੰਟਰਨੈਸ਼ਨਲ ਹਾਕੀ ਫੈਡਰੇਸ਼ਨ ਡਿਪਲੋਮਾ ਆਫ਼ ਮੈਰਿਟ' ਭੇਂਟ ਕੀਤਾ ਗਿਆ। ਅੱਜਕੱਲ੍ਹ ਵੀ ਉਹ ਕੀਨੀਆ ਦੀ ਹਾਕੀ ਪਨੀਰੀ ਨੂੰ ਸਿੱਖਿਅਤ ਕਰ ਰਹੇ ਹਨ।

# Sir Speedy Tustin

*Printers to the Community*

## Outdoor 3'x11' Promo Flag

**Only $29/-**

Pole & Spike $55/-

## Outdoor 3'x6' Durable Banner

All weather, durable to sunlight, rain and wear & tear. Text only.

**Only $69/-**

## Receipt Books

Customized with your information and design. 2 part carbonless with numbering and perforation.

**Call for Price**

## Retractable 33"x 80" Banner

Includes stand and carry bag. Hi-res imaging, durable and Brilliant colors!

**Only $225/-**

## All Weather 18"x24" Yard Signs

Includes H-stakes. Single sided, durable to sunlight and rain. Reusable!

**$49/- for 4**

## 11" Printed Balloons

Printed with your logo and info. One color, one location. Min. qty 1000

**19¢ each**

## Your Printed T-Shirts

White T-Shirts, 1 color screen printing in 1 position. Min Qty. 100

**Only $4.99**

## Your Printed Caps

1 color in 1 position. Min Qty. 100

**Only $4.99**

## Trip Envelopes Qty 1000

**Only $199/-**

**What we can do for you today?**

- Printing & Copying
- Creative Services
- Mailing Services
- Mailing List Aquisition
- Signs Posters & Banners
- Promotional Product
- Website design and development

1045 East Main Street, Tustin, CA 92780

**Call 562-881-7430**

Fax: 714-731-8931

E-mail: sirspeedy_tustin@yahoo.com

www.sirspeedy.com/tustin



Jagjit Singh Bains

**CUSTOMIZED SWEET BOXES**

*South Asian Wedding Cards*

**CALL NOW**

## 'ਸਾਡਾ ਮਿਸ਼ਨ ਸ.ਫਲ ਹੋਇਆ, ਸਜ਼ਾ ਦਾ ਕੋਈ .ਗਮ ਨਹੀਂ'

ਵਿਚ ਸ਼ਨਿਚਰਵਾਰ ਸਵੇਰੇ ਕੇਸ ਦੀ ਸੁਣਵਾਈ ਸ਼ੁਰੂ ਹੋਣ ਤੋਂ ਪਹਿਲਾਂ ਹੀ ਭਾਈ ਤਾਰਾ ਦੇ ਸਮਰਥਕਾਂ ਨੇ ਡੇਰਾ ਲਾ ਲਿਆ। ਸ਼ਾਮ ਨੂੰ ਸਜ਼ਾ ਸੁਣਾਏ ਜਾਣ ਤੋਂ ਬਾਅਦ ਵੀ ਅਨੇਕਾਂ ਸਮਰਥਕ ਇਥੇ ਮੌਜੂਦ ਰਹੇ। ਕੇਸ ਦੀ ਸੁਣਵਾਈ ਕਰਨ ਵਾਲਾ ਵਧੀਕ ਜ਼ਿਲ੍ਹਾ ਅਤੇ ਸੈਸ਼ਨ ਜੱਜ ਜੇ.ਐੱਸ. ਸਿੱਧੂ ਫੈਸਲਾ ਸੁਣਾਉਣ ਲਈ ਕਰੜੀ ਸੁਰੱਖਿਆ ਹੇਠ ਅਦਾਲਤ ਵਿਚ ਪੁੱਜਾ। ਅਦਾਲਤ ਨੇ ਭਾਈ ਤਾਰਾ ਨੂੰ ਮਾਮਲੇ ਵਿਚ ਦੋਸ਼ੀ ਕਰਾਰ ਦਿੱਤਾ ਸੀ। ਬੁੜੈਲ ਜੇਲ੍ਹ ਅੰਦਰ ਕੇਸ ਦੀ ਸੁਣਵਾਈ ਕਰਦੀ ਆ ਰਹੇ ਵਧੀਕ ਜ਼ਿਲ੍ਹਾ ਅਤੇ ਸੈਸ਼ਨ ਜੱਜ ਜੇ.ਐੱਸ. ਸਿੱਧੂ ਨੇ ਜਗਤਾਰ ਸਿੰਘ ਤਾਰਾ ਨੂੰ ਸੁਕਰਰਵਾਰ ਨੂੰ ਦੋਸ਼ੀ ਕਰਾਰ ਦੇਣ ਬਾਅਦ ਸਜ਼ਾ ਸੁਣਾਉਣ ਦਾ ਫੈਸਲਾ 17 ਮਾਰਚ ਸ਼ਨਿਚਰਵਾਰ ਉੱਤੇ ਪਾ ਦਿੱਤਾ ਸੀ।

ਹਾਲਾਂਕਿ ਇਸ ਮਾਮਲੇ ਦੀ ਸੁਣਵਾਈ ਦੌਰਾਨ ਸੀ.ਬੀ.ਆਈ. ਪੱਖ ਨੇ ਅਦਾਲਤ ਤੋਂ ਭਾਈ ਤਾਰਾ ਦੀ ਫਾਂਸੀ ਦੀ ਮੰਗ ਕੀਤੀ ਸੀ। ਸੁਣਵਾਈ ਸਮੇਂ ਅਦਾਲਤ ਵਿਚ ਮੌਜੂਦ ਭਾਈ ਤਾਰਾ ਦੇ ਰਿਸ਼ਤੇਦਾਰਾਂ ਨੇ ਦੱਸਿਆ ਕਿ ਭਾਈ ਤਾਰਾ ਨੂੰ ਸਜ਼ਾ ਦਾ ਕੋਈ .ਗਮ ਨਹੀਂ ਹੈ ਪਰ ਧਮਾਕੇ ਦੌਰਾਨ ਮਾਰੇ ਗਏ ਨਿਰਦੋਸ਼ ਲੋਕਾਂ ਦੀ ਮੌਤ ਦਾ ਉਨ੍ਹਾਂ ਨੂੰ ਅ.ਫਸੋਸ ਜ਼ਰੂਰ ਹੈ। ਮੁਕੱਦਮੇ ਦੀ ਸੁਣਵਾਈ ਦੌਰਾਨ ਭਾਈ ਤਾਰਾ ਵਲੋਂ ਅਦਾਲਤ ਵਿਚ ਪਹਿਲਾਂ ਹੀ ਆਪਣਾ ਕਬੂਲਨਾਮਾ ਦਾਇਰ ਕਰ ਦਿੱਤਾ ਗਿਆ ਸੀ, ਜਿਸ ਵਿਚ ਉਨ੍ਹਾਂ ਨੇ ਬੇਅੰਤ ਸਿੰਘ ਦੀ ਹੱਤਿਆ ਵਿਚ ਆਪਣੀ ਸ਼ਮੂਲੀਅਤ ਮੰਨੀ ਸੀ।

ਜਿਕਰਯੋਗ ਹੈ ਕਿ ਭਾਈ ਜਗਤਾਰ ਸਿੰਘ ਤਾਰਾ ਨੇ ਖੁਦ ਇਕਬਾਲੀਆ ਬਿਆਨ ਦੇ ਕੇ ਬੇਅੰਤ ਸਿੰਘ ਦੇ ਕਤਲ ਦੀ ਜ਼ਿੰਮੇਵਾਰੀ ਕਬੂਲ ਲਈ ਸੀ। ਭਾਈ ਜਗਤਾਰ ਸਿੰਘ ਦੇ ਵਕੀਲ ਨੇ ਦੱਸਿਆ ਕਿ ਭਾਈ ਜਗਤਾਰ ਸਿੰਘ ਤਾਰਾ ਨੇ ਸੁਨੇਹਾ ਦਿੱਤਾ ਹੈ ਕਿ ਉਹ ਇਸ ਫੈਂਸਲੇ ਦੇ ਖਿਲਾਫ ਕਿਸੇ ਵੀ ਅਦਾਲਤ ਵਿਚ ਅਪੀਲ ਨਹੀਂ ਕਰਨਗੇ।

ਭਾਈ ਜਗਤਾਰ ਸਿੰਘ ਤਾਰਾ ਨੇ ਆਪਣੇ ਹਲਫੀਆ ਬਿਆਨ ਵਿਚ ਕਿਹਾ ਸੀ ਕਿ ਉਨ੍ਹਾਂ ਨੂੰ ਭਾਰਤੀ ਸੰਵਿਧਾਨ 'ਤੇ ਕੋਈ ਵਿਸ਼ਵਾਸ ਨਹੀਂ ਹੈ। ਉਨ੍ਹਾਂ ਕਿਹਾ ਹੈ ਕਿ ਉਨ੍ਹਾਂ ਨੂੰ ਇਸ ਕਤਲ ਵਿਚ ਸ਼ਾਮਿਲ ਹੋਣ ਦਾ ਕੋਈ ਪਛਤਾਵਾ ਨਹੀਂ ਹੈ। ਉਨ੍ਹਾਂ ਕਿਹਾ ਕਿ ਜੇ ਇਕ ਜ਼ਾਲਮ ਨੂੰ ਖਤਮ ਕਰਕੇ ਹਜ਼ਾਰਾਂ ਜ਼ਿੰਦਗੀਆਂ ਬਚਾਈਆਂ ਜਾ ਸਕਦੀਆਂ ਹਨ ਤਾਂ ਇਸ ਵਿਚ ਕੁਝ ਗਲਤ ਨਹੀਂ ਹੈ। ਜਿਕਰਯੋਗ ਹੈ ਕਿ ਬੇਅੰਤ ਸਿੰਘ ਦੀ ਸਰਕਾਰ ਮੌਕੇ ਪੰਜਾਬ ਵਿਚ ਸਿੱਖ ਨੌਜਵਾਨਾਂ ਦਾ ਵੱਡੇ ਪੱਧਰ 'ਤੇ ਕਤਲੇਆਮ ਹੋਇਆ ਸੀ।

ਵਰਨਣਯੋਗ ਹੈ ਕਿ 31 ਅਗਸਤ 1995 ਨੂੰ ਪੰਜਾਬ ਅਤੇ ਹਰਿਆਣਾ ਸਕੱਤਰੇਤ ਦੇ ਬਾਹਰ ਹੋਏ ਬੰਬ ਧਮਾਕੇ ਵਿੱਚ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੀ ਮੌਤ ਹੋ ਗਈ ਸੀ। ਪੰਜਾਬ ਅਤੇ ਹਰਿਆਣਾ ਸਕੱਤਰੇਤ ਦੇ ਬਾਹਰ ਹੋਏ ਇਸ ਬੰਬ ਧਮਾਕੇ 'ਚ 17 ਹੋਰ ਵਿਅਕਤੀ ਮਾਰੇ ਗਏ ਸਨ। ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਕੇਸ ਦੀ ਸੁਣਵਾਈ ਮਾਡਲ ਜੇਲ੍ਹ ਬੁੜੈਲ ਵਿੱਚ ਚੱਲ ਰਹੀ ਸੀ।

ਅਦਾਲਤ ਵਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੀ ਹੱਤਿਆ ਦੇ ਕੇਸ 'ਚ ਅੱਠ ਸਿੰਘਾਂ ਬਾਰੇ .ਫੈਸਲਾ ਪਹਿਲਾਂ ਹੀ ਸੁਣਾਇਆ ਜਾ ਚੁੱਕਿਆ ਹੈ । ਬਲਵੰਤ ਸਿੰਘ ਰਾਜੋਆਣਾ ਨੂੰ ਫਾਂਸੀ ਦੀ ਸਜ਼ਾ ਸੁਣਾਈ ਜਾ ਚੁੱਕੀ ਹੈ ਅਤੇ ਉਹ ਕੇਂਦਰੀ ਜੇਲ੍ਹ ਪਟਿਆਲਾ 'ਚ ਬੰਦ ਹੈ। ਜਗਤਾਰ ਸਿੰਘ ਹਵਾਰਾ ਦੀ ਫਾਂਸੀ ਦੀ ਸਜ਼ਾ ਉਮਰ ਕੈਦ ਵਿੱਚ ਤਬਦੀਲ ਹੋ ਚੁੱਕੀ ਹੈ ਅਤੇ ਉਹ ਤਿਹਾੜ ਜੇਲ੍ਹ ਵਿੱਚ ਕੈਦ ਹੈ। ਪਰਮਜੀਤ ਸਿੰਘ ਭਿਓਰਾ, ਲਖਵਿੰਦਰ ਸਿੰਘ ਅਤੇ ਗੁਰਮੀਤ ਸਿੰਘ ਮਾਡਲ ਜੇਲ੍ਹ ਬੁੜੈਲ 'ਚ ਸਜ਼ਾ ਕੱਟ ਰਹੇ ਹਨ। ਤਿੰਨ ਹੋਰ ਦੋਸ਼ੀਆਂ ਨਵਜੋਤ ਸਿੰਘ, ਨਸੀਬ ਸਿੰਘ ਅਤੇ ਸ਼ਮਸ਼ੇਰ ਸਿੰਘ ਦੀ ਰਿਹਾਈ ਹੋ ਚੁੱਕੀ ਹੈ। ਇਨ੍ਹਾਂ ਵਿਰੁੱਧ ਅਦਾਲਤ ਵੱਲੋਂ ਜੁਲਾਈ 2005 ਨੂੰ .ਫੈਸਲਾ ਸੁਣਾਇਆ ਗਿਆ ਸੀ। ਦੱਸਣਯੋਗ ਹੈ ਕਿ ਬੇਅੰਤ ਸਿੰਘ ਕਤਲ ਕੇਸ ਦੇ ਤਿੰਨ ਮੁਲਜ਼ਮ ਜਗਤਾਰ ਸਿੰਘ ਤਾਰਾ, ਪਰਮਜੀਤ ਸਿੰਘ ਭਿਓਰਾ ਅਤੇ ਜਗਤਾਰ ਸਿੰਘ ਹਵਾਰਾ ਇੱਕ ਹੋਰ ਕੈਦੀ ਨਾਲ 21 ਅਤੇ 22 ਜਨਵਰੀ 2003 ਦੀ ਰਾਤ ਨੂੰ ਮਾਡਲ ਜੇਲ੍ਹ 'ਚੋਂ .ਫਰਾਰ ਹੋ ਗਏ ਸਨ। ਭਿਓਰਾ ਅਤੇ ਹਵਾਰਾ ਪੁਲੀਸ ਦੇ ਹੱਥ ਛੇਤੀ ਲੱਗ ਗਏ ਸਨ ਪਰ ਜਗਤਾਰ ਸਿੰਘ ਤਾਰਾ ਨੂੰ ਪੁਲੀਸ ਨੇ ਜਨਵਰੀ 2016 'ਚ ਥਾਈਲੈਂਡ ਤੋਂ ਫੜਿਆ ਸੀ। ਇਸ ਕਰਕੇ ਕੇਸ 'ਚ ਜਗਤਾਰ ਸਿੰਘ ਤਾਰਾ ਦੀ ਸੁਣਵਾਈ ਵੱਖਰੇ ਤੌਰ 'ਤੇ ਹੋ ਰਹੀ ਸੀ।

ਭਾਈ ਤਾਰਾ ਵਲੋਂ ਅਦਾਲਤ ਵਿਚ ਪੇਸ਼ ਕੀਤੇ ਗਏ ਆਖ਼ਰੀ ਬਿਆਨਾਂ ਵਿਚ ਕਿਹਾ ਗਿਆ ਸੀ ਕਿ ਬੇਅੰਤ ਸਿੰਘ ਨਾਲ ਭਾਈ ਤਾਰਾ ਅਤੇ ਮਾਮਲੇ ਵਿਚ ਸ਼ਾਮਿਲ ਹੋਰਨਾਂ ਦੀ ਕੋਈ ਨਿੱਜੀ ਦੁਸ਼ਮਣੀ ਨਹੀਂ ਸੀ ਅਤੇ ਉਨ੍ਹਾਂ ਨੇ ਆਪਣੇ ਇਤਿਹਾਸ ਤੋਂ ਪ੍ਰੇਰਿਤ ਹੋ ਕੇ ਇਸ ਵਾਰਦਾਤ ਨੂੰ ਅੰਜਾਮ ਦਿੱਤਾ ਸੀ।

### ਮਾਨ ਤੇ ਹੋਰਨਾਂ ਵਲੋਂ ਭਾਈ ਤਾਰਾ ਤੇ ਖਾਲਿਸਤਾਨ ਪੱਖੀ ਜੈਕਾਰੇ

ਸਨ ਤੇ ਉਨ੍ਹਾਂ ਚਿੱਟੇ ਰੰਗ ਦਾ ਕੁੜਤਾ ਪਜਾਮਾ ਤੇ ਕੇਸਰੀ ਦਸਤਾਰ ਸਜਾਈ ਹੋਈ ਸੀ। ਭਾਈ ਤਾਰਾ ਦੀ ਭੈਣ ਸਰਬਜੀਤ ਕੌਰ ਨੇ ਕਿਹਾ ਕਿ ਭਾਈ ਤਾਰਾ ਚੜ੍ਹਦੀ ਕਲ੍ਹਾ ਵਿਚ ਹੈ ਅਤੇ ਉਸ ਨੂੰ ਸਜ਼ਾ ਦਾ ਕੋਈ .ਗਮ ਨਹੀਂ।

ਭਾਈ ਜਗਤਾਰ ਸਿੰਘ ਤਾਰਾ ਦੇ ਖ਼ਿਲਾ.ਫ ਦਿੱਲੀ, ਪੰਜਾਬ ਤੇ ਯੂਟੀ ਵਿਚ ਦਰਜ ਅੱਧਾ ਦਰਜਨ ਕੇਸ ਦਰਜ ਹਨ। ਇਨ੍ਹਾਂ ਵਿਚ ਸਤੰਬਰ 2009 ਤੇ 2012 ਵਿਚ ਜਲੰਧਰ ਵਿਚ ਦਰਜ ਕੇਸ, ਸਾਲ 2009 ਤੇ 2013 ਵਿਚ ਪਟਿਆਲਾ ਵਿਚ ਦਰਜ ਦੋ ਕੇਸ, ਬਠਿੰਡਾ ਵਿਚ ਨਵੰਬਰ 2014 ਵਿਚ ਵੀ ਕੇਸ ਦਰਜ ਹੋਇਆ ਸੀ। ਇਹ ਸਾਰੇ ਕੇਸ ਆਰਮਡ ਤੇ ਐਮੂਨੇਸ਼ਨਲ ਐਕਟ ਦੇ ਹਨ। ਇਸ ਤੋਂ ਇਲਾਵਾ ਯੂਟੀ ਵਿਚ ਜੇਲ੍ਹ ਬਰੇਕ ਕੇਸ ਦਰਜ ਹੈ।

## ਸਰਕਾਰ ਨੇ ਇਰਾਕ 'ਚ 39 ਭਾਰਤੀਆਂ ਦੇ ਮਾਰੇ ਜਾਣ ਦੀ ਗੱਲ ਮੰਨੀ

ਹਨ, ਜਿਨ੍ਹਾਂ ਦੀ ਸ਼ਨਾਖ਼ਤ ਡੀਐਨਏ ਟੈਸਟਾਂ ਰਾਹੀਂ ਕੀਤੀ ਗਈ ਹੈ। ਇਸ ਦੇ ਨਾਲ ਹੀ ਕੇਂਦਰ ਵੱਲੋਂ ਇਨ੍ਹਾਂ ਭਾਰਤੀਆਂ ਦੇ ਮਾਮਲੇ ਨਾਲ ਸਿੱਝਣ ਦੇ ਮੁੱਦੇ 'ਤੇ ਵਿਵਾਦ ਖੜ੍ਹਾ ਹੋ ਗਿਆ ਹੈ। ਕਾਂਗਰਸ ਤੇ ਕੁਝ ਪੀੜਤ ਪਰਿਵਾਰਾਂ ਨੇ ਵਿਦੇਸ਼ ਮੰਤਰੀ 'ਤੇ ਹੁਣ ਤੱਕ ਉਨ੍ਹਾਂ ਨੂੰ ਝੂਠੇ ਦਿਲਾਸੇ ਦੇਣ ਤੇ ਹਨੇਰੇ ਵਿੱਚ ਰੱਖਣ ਦਾ ਦੋਸ਼ ਲਾਇਆ ਹੈ। ਕਾਂਗਰਸ, ਨੈਸ਼ਨਲ ਕਾਂਗਰਸ ਤੇ ਸੀਪੀਐਮ ਆਦਿ ਵਿਰੋਧੀ ਪਾਰਟੀਆਂ ਨੇ ਪੀੜਤ ਪਰਿਵਾਰਾਂ ਨੂੰ ਜਾਣਕਾਰੀ ਦੇਣ ਤੋਂ ਪਹਿਲਾਂ ਇਹ ਐਲਾਨ ਸੰਸਦ ਵਿੱਚ ਅਤੇ ਟੈਲੀਵਿਜ਼ਨ ਰਾਹੀਂ ਕਰਨ ਦੀ ਨਿਖੇਧੀ ਕਰਦਿਆਂ ਸਰਕਾਰ ਦੀ ਕਾਰਵਾਈ ਨੂੰ 'ਅਸੰਵੇਦਨਸ਼ੀਲਤਾ ਦਾ ਸਿਖਰ ਤੇ ਨਾਮੁਆਫ਼ੀਯੋਗ' ਕਰਾਰ ਦਿੱਤਾ ਹੈ। ਬੀਬੀ ਸਵਰਾਜ ਨੇ ਬਾਅਦ ਵਿੱਚ ਇਕ ਪ੍ਰੈਸ ਕਾਨਫਰੰਸ ਰਾਹੀਂ ਇਨ੍ਹਾਂ ਦੋਸ਼ਾਂ ਦਾ ਖੰਡਨ ਕਰਦਿਆਂ ਉਲਟਾ ਕਾਂਗਰਸ ਉਤੇ 'ਸਸਤੀ ਸਿਆਸਤ' ਖੇਡਣ ਦੇ ਦੋਸ਼ ਲਾਏ। ਪਹਿਲਾਂ ਉਨ੍ਹਾਂ ਰਾਜ ਸਭਾ ਵਿੱਚ ਕਿਹਾ ਕਿ ਭਾਰਤੀਆਂ ਦੀਆਂ ਮ੍ਰਿਤਕ ਦੇਹਾਂ ਬਾਦੋਸ਼ ਦੀ ਇਕ ਸਮੂਹਿਕ ਕਬਰਗਾਹ ਵਿੱਚੋਂ ਕੱਢੀਆਂ ਗਈਆਂ ਹਨ, ਜਿਨ੍ਹਾਂ ਨੂੰ ਖ਼ਾਸ ਜਹਾਜ਼ ਰਾਹੀਂ ਵਤਨ ਲਿਆ ਕੇ ਵਾਰਸਾਂ ਹਵਾਲੇ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਹ ਸਾਫ਼ ਨਹੀਂ ਹੈ ਕਿ ਉਨ੍ਹਾਂ ਦਾ ਕਤਲ ਕਦੋਂ ਕੀਤਾ ਗਿਆ। ਉਨ੍ਹਾਂ ਕਿਹਾ, "ਮੈਂ ਇਹੋ ਆਖਦੀ ਆ ਰਹੀ ਸਾਂ ਕਿ ਮੈਂ ਠੋਸ ਸਬੂਤ ਤੋਂ ਬਿਨਾਂ ਕਿਸੇ ਨੂੰ ਮ੍ਰਿਤਕ ਨਹੀਂ ਐਲਾਨਾਂਗੀ, ਅੱਜ ਮੈਂ ਉਹ ਅਹਿਦ ਪੂਰਾ ਕਰ ਦਿੱਤਾ ਹੈ।"

.ਗੌਰਤਲਬ ਹੈ ਕਿ ਇਸ ਤੋਂ ਪਹਿਲਾਂ ਵਿਦੇਸ਼ ਮੰਤਰੀ ਇਹੋ ਆਖਦੀ ਆ ਰਹੀ ਸੀ ਕਿ ਇਰਾਕ ਵਿਚਲੇ ਇਹ ਸਾਰੇ ਭਾਰਤੀ 'ਜ਼ਿੰਦਾ' ਹਨ। ਇਹ ਵੀ ਦੱਸਣਯੋਗ ਹੈ ਕਿ ਇਨ੍ਹਾਂ ਕੁੱਲ 40 ਭਾਰਤੀਆਂ ਵਿੱਚੋਂ ਗੁਰਦਾਸਪੁਰ ਨਾਲ ਸਬੰਧਤ ਹਰਜੀਤ ਮਸੀਹ ਮੌਕੇ 'ਤੇ ਖ਼ੁਦ ਨੂੰ ਬੰਗਲਾਦੇਸ਼ੀ ਮੁਸਲਮਾਨ ਦੱਸ ਕੇ ਜਾਨ ਬਚਾਉਣ ਵਿੱਚ ਸਫਲ ਰਿਹਾ ਸੀ। ਉਹ ਲਗਾਤਾਰ ਇਨ੍ਹਾਂ ਸਾਰੇ ਭਾਰਤੀਆਂ ਨੂੰ ਆਪਣੀਆਂ ਅੱਖਾਂ ਸਾਹਮਣੇ ਕਤਲ ਕਰ ਦਿੱਤੇ ਜਾਣ ਦੀ ਗੱਲ ਆਖਦਾ ਆ ਰਿਹਾ ਸੀ ਪਰ ਬੀਬੀ ਸਵਰਾਜ ਨੇ ਉਸ ਦੇ ਦਾਅਵਿਆਂ ਨੂੰ ਫਿਰ ਖ਼ਾਰਜ ਕਰਦਿਆਂ ਇਸ ਨੂੰ ਮਹਿਜ਼ 'ਚਿੜੀ ਤੇ ਮੱਝ ਦੀ ਕਹਾਣੀ' ਕਰਾਰ ਦਿੱਤਾ। ਬੀਬੀ ਸਵਰਾਜ ਨੇ ਕਿਹਾ ਕਿ ਇਨ੍ਹਾਂ ਭਾਰਤੀਆਂ ਨੂੰ ਜੂਨ 2014 ਵਿੱਚ ਮੋਸੂਲ ਵਿੱਚੋਂ ਅਗਵਾ ਕੀਤਾ ਗਿਆ ਸੀ ਤੇ ਕਤਲ ਕਰ ਕੇ ਬਾਦੋਸ਼ 'ਚ ਇਕ ਸਮੂਹਿਕ ਕਬਰਗਾਹ ਵਿੱਚ ਦਫਣਾ ਦਿੱਤਾ ਗਿਆ ਸੀ। ਵਿਦੇਸ਼ ਮੰਤਰੀ ਰੌਲੇ-ਰੱਪੇ ਕਾਰਨ ਲੋਕ ਸਭਾ ਵਿੱਚ ਇਸ ਸਬੰਧੀ ਬਿਆਨ ਨਹੀਂ ਦੇ ਸਕੀ।

### ਪੀੜਤ ਪਰਿਵਾਰਾਂ ਦੀ ਮਦਦ ਲਈ ਸੁਸ਼ਮਾ ਨੂੰ ਅਪੀਲ

ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਰਾਕ ਵਿਚ ਮਾਰੇ ਗਏ 39 ਵਿਅਕਤੀਆਂ ਦੀਆਂ ਅੰਤਿਮ ਰਸਮਾਂ ਵਾਸਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਲੋੜੀਂਦੀ ਸਹਾਇਤਾ ਅਤੇ ਐਕਸ-ਗ੍ਰੇਸ਼ੀਆ ਰਾਹਤ ਮੁਹੱਈਆ ਕਰਵਾਉਣ ਅਤੇ ਮ੍ਰਿਤਕਾਂ ਦੀਆਂ ਅਸਥੀਆਂ ਦੇਸ਼ ਲਿਆਉਣ ਵਾਸਤੇ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੂੰ ਅਪੀਲ ਕੀਤੀ ਹੈ।

### 'ਵਿਦੇਸ਼ ਮੰਤਰੀ ਅਸਤੀ.ਫਾ ਦੇਵੇ'

ਚੰਡੀਗੜ੍ਹ/ਬਿਊਰੋ ਨਿਊਜ਼

ਆਮ ਆਦਮੀ ਪਾਰਟੀ ਨੇ ਇਰਾਕ ਵਿੱਚ ਮਾਰੇ ਗਏ 39 ਭਾਰਤੀਆਂ ਦੇ ਮਾਮਲੇ ਨੂੰ ਸਹੀ ਢੰਗ ਨਾਲ ਨਾ ਨਜਿੱਠਣ ਦਾ ਦੋਸ਼ ਲਾਉਂਦਿਆਂ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਦੇ ਅਸਤੀਫ਼ੇ ਦੀ ਮੰਗ ਕੀਤੀ ਹੈ। ਪਾਰਟੀ ਦੇ ਖਰੜ ਤੋਂ ਵਿਧਾਇਕ ਕੰਵਰ ਸੰਧੂ ਨੇ ਵਿਦੇਸ਼ ਮੰਤਰੀ 'ਤੇ ਪੂਰੇ ਮਾਮਲੇ ਵਿੱਚ ਝੂਠ ਬੋਲਣ ਦਾ ਦੋਸ਼ ਲਾਇਆ ਹੈ। ਉਨ੍ਹਾਂ ਆਪਣੀ ਟਵੀਟ ਵਿੱਚ ਇਹ ਗੱਲ ਆਖੀ।

### ਹਰਸਿਮਰਤ ਵਲੋਂ ਵਿਰੋਧੀ ਧਿਰ ਦੀ ਨਿਖੇਧੀ

ਨਵੀਂ ਦਿੱਲੀ/ਬਿਊਰੋ ਨਿਊਜ਼: ਇਰਾਕ ਵਿੱਚ ਮਾਰੇ ਗਏ 39 ਭਾਰਤੀਆਂ ਦੇ ਮਾਮਲੇ 'ਤੇ ਵਿਰੋਧੀ ਧਿਰ 'ਤੇ ਹਮਲਾ ਬੋਲਦਿਆਂ ਕੇਂਦਰੀ ਮੰਤਰੀ ਤੇ ਅਕਾਲੀ ਐਮਪੀ ਹਰਸਿਮਰਤ ਕੌਰ ਬਾਦਲ ਨੇ ਕਿਹਾ ਕਿ ਵਿਰੋਧੀ ਧਿਰ ਨੂੰ ਇਸ ਮੰਦਭਾਗੀ ਘਟਨਾ 'ਤੇ ਸਿਆਸਤ ਨਹੀਂ ਕਰਨੀ ਚਾਹੀਦੀ। ਇਸ ਮਾਮਲੇ 'ਚ ਕੇਂਦਰ ਸਰਕਾਰ ਦਾ ਬਚਾਅ ਕਰਦਿਆਂ ਉਨ੍ਹਾਂ ਕਿਹਾ ਕਿ ਸਰਕਾਰ ਨੇ ਅਗਵਾ ਕੀਤੇ ਗਏ ਭਾਰਤੀਆਂ ਵਿੱਚੋਂ ਕਿਸੇ ਦੇ ਵੀ ਜ਼ਿੰਦਾ ਹੋਣ ਦਾ ਪਤਾ ਲਾਉਣ ਲਈ ਹਰ ਸੰਭਵ ਕੋਸ਼ਿਸ਼ ਕੀਤੀ।




## ਪੰਜਾਬੀ ਕਲਚਰਲ ਸੁਸਾਇਟੀ ਸ਼ਿਕਾਗੋ ਦਾ ਰੰਗਲਾ ਪੰਜਾਬ 31 ਮਾਰਚ ਨੂੰ

**ਸ਼ਿਕਾਗੋ/ਬਿਊਰੋ ਨਿਊਜ਼:**
ਪੰਜਾਬੀ ਸਭਿਆਚਾਰ ਨੂੰ ਸਮਰਪਿਤ ਪੰਜਾਬੀ ਕਲਚਰਲ ਸੁਸਾਇਟੀ ਸ਼ਿਕਾਗੋ ਵਲੋਂ ਵਿਸਾਖੀ ਮਨਾਉਣ ਲਈ ਹਰ ਸਾਲ ਕੀਤਾ ਜਾਣ ਵਾਲਾ ਮੇਲੇ ਰੂਪੀ ਪ੍ਰੋਗਰਾਮ ਰੰਗਲਾ ਪੰਜਾਬ ਇਸ ਵਾਰ 31 ਮਾਰਚ ਨੂੰ ਮੀਡੋਜ਼ ਕਲੱਬ ਬੈਂਕੁਇਟ (Meadows Club Banquiets 2950 W Golf Rd, Rolling Meadows, IL 60008) ਵਿਖੇ ਕਰਵਾਇਆ ਜਾਵੇਗਾ। ਸ਼ਨਿਚਰਵਾਰ ਸ਼ਾਮੀਂ 7:00 ਵਜੇ ਤੋਂ ਦੇਰ ਰਾਤ ਹੋਣ ਵਾਲੇ ਇਸ ਰੰਗਾ-ਰੰਗ ਪਰਿਵਾਰਕ ਪ੍ਰੋਗਰਾਮ ਮੌਕੇ ਭੰਗੜਾ, ਗਿੱਧਾ, ਬੋਲੀਆਂ, ਗੀਤ ਸੰਗੀਤ, ਲੋਕ ਨਾਚਾਂ ਤੋਂ ਬੱਚਿਆਂ ਦੀਆਂ ਆਈਟਮਾਂ ਤੇ ਮਨੋਰੰਜਨ ਦੇ ਹੋਰ ਸਕਿੱਟ ਪੇਸ਼ ਕੀਤੇ ਜਾਣਗੇ।
ਦਾਖ਼ਲਾ ਟਿਕਟ 25 ਡਾਲਰ ਤੇ 50 ਡਾਲਰ ਤੋਂ ਇਲਾਵਾ 100 ਡਾਲਰ ਅਤੇ ਵਿਸ਼ੇਸ਼ ਪਾਸਾਂ ਵਾਲਿਆਂ ਲਈ ਡਿਨਰ ਦਾ ਪ੍ਰਬੰਧ ਵੀ ਹੋਵੇਗਾ। 10 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਤੇ ਬਜ਼ੁਰਗਾਂ ਲਈ ਦਾਖ਼ਲਾ ਮੁਫ਼ਤ ਹੋਵੇਗਾ। ਹੋਰ ਜਾਣਕਾਰੀ ਲਈ ਫੋਨ : (847) 359-5PCS. ਜਾਂ ਈਮੇਲ : info@pcschicago.org

## ਪੰਜਾਬਣ ਵਿਦਿਆਰਥਣ ਦੀ 3 ਸਾਲ ਪਹਿਲਾਂ ਹੋਈ ਹਤਿਆ ਦੇ ਮਾਮਲੇ ਪੁਲੀਸ ਵਲੋਂ ਸ਼ੱਕੀ ਮੁਲਜ਼ਮ ਦੀ ਪਛਾਣ ਦਾ ਦਾਅਵਾ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ-** ਇੱਥੇ ਪੜ੍ਹਨ ਲਈ ਆਈ ਪੰਜਾਬਣ ਡੈਂਟਲ ਵਿਦਿਆਰਥਣ ਰੰਧੀਰ ਕੌਰ ਦੀ 3 ਸਾਲ ਪਹਿਲਾਂ ਭੇਦ ਭਰੀ ਹਾਲਤ ਵਿੱਚ ਹੋਈ ਮੌਤ ਦੇ ਸਬੰਧ ਵਿੱਚ ਪੁਲਿਸ ਨੇ ਇਕ ਸ਼ੱਕੀ ਨੂੰ ਉਸਦਾ ਕਤਲ ਕਰਨ ਲਈ ਦੋਸ਼ੀ ਠਹਿਰਾਇਆ ਹੈ। ਵਰਨਣਯੋਗ ਹੈ ਕਿ ਪੰਜਾਬ ਦੇ ਰੂਪਨਗਰ ਸ਼ਹਿਰ ਦੀ ਰਹਿਣ ਵਾਲੀ 37 ਸਾਲਾ ਰੰਧੀਰ ਕੌਰ ਨੂੰ 9 ਮਾਰਚ 2015 ਨੂੰ ਅਲਬਾਨੀ ਵਿਚ ਮ੍ਰਿਤਕ ਪਾਇਆ ਗਿਆ ਸੀ। ਉਸ ਦਾ ਭਰਾ ਪਰਮਪ੍ਰੀਤ ਸਿੰਘ ਪੌਲ ਉਸ ਦੀ ਮ੍ਰਿਤਕ ਦੇਹ ਲੈਣ ਲਈ ਅਮਰੀਕਾ ਆਇਆ ਸੀ ਤੇ ਉਸ ਦਾ ਅੰਤਿਮ ਸੰਸਕਾਰ ਰੂਪਨਗਰ ਵਿਚ ਕੀਤਾ ਗਿਆ ਸੀ। ਬੀਤੇ ਦਿਨ ਅਲਬਾਨੀ ਪੁਲਿਸ ਵਲੋਂ ਜਾਰੀ ਇਕ ਪ੍ਰੈਸ ਬਿਆਨ ਵਿਚ ਕਿਹਾ ਗਿਆ ਹੈ ਕਿ ਉਨ੍ਹਾਂ ਨੇ ਉਕਤ ਕੁੜੀ ਦੇ ਕਤਲ ਲਈ 33 ਸਾਲਾ ਕੀਥ ਕੇਨਾਰਡ ਐਸ਼ਬਰੀ ਦੀ ਸ਼ੱਕੀ ਵਜੋਂ ਪਛਾਣ ਕੀਤੀ ਹੈ ਜੋ ਕਿ 6 ਹੋਰ ਜੁਰਮਾਂ ਲਈ 2015 ਤੋਂ ਹੀ ਜੇਲ੍ਹ ਵਿਚ ਹੈ। ਉਸ 'ਤੇ ਵਿਸ਼ੇਸ਼ ਹਾਲਾਤ ਵਿਚ ਕਤਲ ਕਰਨ ਦਾ ਦੋਸ਼ ਲਾਇਆ ਗਿਆ ਹੈ। ਪੁਲਿਸ ਦਾ ਕਹਿਣਾ ਹੈ ਕਿ ਕਤਲ ਦੇ ਕਾਰਨਾਂ ਦਾ ਫਿਲਹਾਲ ਪਤਾ ਨਹੀਂ ਲੱਗਾ ਹੈ ਪਰ ਉਕਤ ਕੁੜੀ ਦਾ ਕਾਫੀ ਸਾਮਾਨ ਉਸ ਦੇ ਘਰ ਤੋਂ 2 ਮੀਲ ਦੂਰੀ 'ਤੇ ਇਕ ਗਾਰਬੇਜ ਵਿਚ ਪਿਆ ਮਿਲਿਆ ਸੀ। ਉਕਤ ਕੁੜੀ ਦੇ ਕਿਸੇ ਜਾਣਕਾਰ ਨੇ ਦਸਿਆ ਸੀ ਕਿ ਕੁੜੀ ਦਾ ਬੈਗ ਵੀ ਗਾਇਬ ਸੀ ਜਿਸ ਵਿਚ ਸਕੂਲ ਪਛਾਣ ਪੱਤਰ, ਕਰੈਡਿਟ ਕਾਰਡ, ਬਟੂਆ, ਕੈਮਰਾ ਅਤੇ ਇਕ ਸੈਲ ਫੋਨ ਸੀ। ਮੁਲਜ਼ਮ ਕੇਨਾਰਡ ਐਸ਼ਬਰੀ 'ਤੇ ਪਹਿਲਾਂ ਵੀ ਕਤਲ ਅਤੇ ਅਗਵਾ ਚੋਰੀ ਦੇ ਕਈ ਕੇਸ ਦਰਜ ਹਨ।



## ਦੋ ਦਿਨਾਂ ਗਾਖ਼ਲ ਅੰਤਰਰਾਸ਼ਟਰੀ ਕਬੱਡੀ ਕੱਪ 31 ਮਾਰਚ ਤੋਂ

**ਜਲੰਧਰ/ਬਿਊਰੋ ਨਿਊਜ਼:**
ਸ੍ਰੀ ਗੁਰੂ ਹਰਗੋਬਿੰਦ ਗਾਖ਼ਲ ਕਲੱਬ ਵਲੋਂ ਪੱਪੂ ਗਾਖ਼ਲ ਦੀ ਅਗਵਾਈ ਹੇਠ 31ਵਾਂ ਦੋ ਰੋਜ਼ਾ ਅੰਤਰਰਾਸ਼ਟਰੀ ਕਬੱਡੀ ਕੱਪ ਜਿਸ ਵਿਚ ਕੌਮਾਂਤਰੀ ਪੱਧਰ ਦੇ ਕਬੱਡੀ ਖਿਡਾਰੀ ਆਪਣੀ ਖੇਡ ਦਾ ਪ੍ਰਦਰਸ਼ਨ ਕਰਨਗੇ ਜਲੰਧਰ ਜ਼ਿਲ੍ਹੇ ਦੇ ਮਸ਼ਹੂਰ ਪਿੰਡ ਗਾਖ਼ਲਾਂ ਵਿਚ 31 ਮਾਰਚ ਅਤੇ 1 ਅਪ੍ਰੈਲ ਸ਼ਨਿੱਚਰਵਾਰ ਤੇ ਐਤਵਾਰ ਨੂੰ ਬਹੁਤ ਹੀ ਉਤਸ਼ਾਹ ਨਾਲ ਯੁਨਾਈਟਡ ਸਪੋਰਟਸ ਕਲੱਬ, ਗ੍ਰਾਮ ਪੰਚਾਇਤ ਅਤੇ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ। ਪਹਿਲਾ 1 ਲੱਖ 50 ਹਜ਼ਾਰ ਰੁਪਏ ਦਾ ਇਨਾਮ ਗਾਖ਼ਲ ਭਰਾਵਾਂ ਅਮੋਲਕ ਸਿੰਘ ਗਾਖ਼ਲ, ਪਲਵਿੰਦਰ ਸਿੰਘ ਗਾਖ਼ਲ ਤੇ ਇਕਬਾਲ ਸਿੰਘ ਗਾਖ਼ਲ ਵਲੋਂ ਆਪਣੇ ਪਿਤਾ ਸ. ਨਸੀਬ ਸਿੰਘ ਗਾਖ਼ਲ ਦੀ ਯਾਦ ਵਿਚ ਅਤੇ ਦੂਜਾ 1 ਲੱਖ ਰੁਪਏ ਦਾ ਇਨਾਮ ਗੁਲਵਿੰਦਰ ਸਿੰਘ ਗਾਖਲ ਵਲੋਂ ਆਪਣੇ ਪਿਤਾ ਸ. ਕੇਵਲ ਸਿੰਘ ਦੀ ਯਾਦ ਵਿਚ ਦਿੱਤਾ ਜਾਵੇਗਾ। ਸ. ਅਮੋਲਕ ਸਿੰਘ ਗਾਖ਼ਲ ਨੇ ਕਿਹਾ ਕਿ ਪਹਿਲੇ ਅਤੇ ਦੂਜੇ ਨੰਬਰ ਤੇ ਆਉਣ ਵਾਲੀਆਂ ਟੀਮਾਂ ਦੇ ਖਿਡਾਰੀਆਂ ਨੂੰ ਜਲੰਧਰ, ਦਿੱਲੀ ਅਤੇ ਲੁਧਿਆਣੇ ਵਿਚ ਕਰੀਬ 10 ਲੱਖ ਰੁਪਏ ਦੀਆਂ ਦੋ ਸਾਲ ਲਈ ਗੋਲਡ ਜਿਮ ਦੀਆਂ ਮੈਂਬਰਸ਼ਿਪ ਦੇ ਰੂਪ 'ਚ ਸੇਵਾਵਾਂ ਮੁਫ਼ਤ ਪ੍ਰਦਾਨ ਕੀਤੀਆਂ ਜਾਣਗੀਆਂ। ਇਸ ਮੌਕੇ ਤੇ ਗੁਰਦੇਵ ਸਿੰਘ ਸੋਹਲ, ਨਰਿੰਦਰ ਸਿੰਘ ਸਹੋਤਾ ਅਤੇ ਜੁਗਰਾਜ ਸਿੰਘ ਸਹੋਤਾ ਵਲੋਂ ਦਰਸ਼ਕਾਂ ਲਈ 31 ਸਾਈਕਲਾਂ ਦੇ ਇਨਾਮ ਕੱਢੇ ਜਾਣਗੇ। ਸਵੇਰੇ 10:00 ਵਜੇ ਤੋਂ ਬਾਅਦ ਦੁਪਹਿਰ 3:00 ਵਜੇ ਤੱਕ ਦਰਸ਼ਕਾਂ ਨੂੰ ਕੂਪਨ ਵੰਡੇ ਜਾਣਗੇ। ਇਸ ਅੰਤਰਰਾਸ਼ਟਰੀ ਕਬੱਡੀ ਦੇ ਕੱਪ ਦੇ ਤਕਨੀਕੀ ਪ੍ਰਬੰਧਾਂ ਦੀ ਦੇਖ ਰੇਖ ਮੇਜਰ ਸਿੰਘ ਗਾਖ਼ਲ, ਤੀਰਥ ਸਿੰਘ ਗਾਖ਼ਲ, ਮਾਨੀ ਗਾਖ਼ਲ ਅਤੇ ਮੱਖਣ ਸਿੰਘ ਧਾਲੀਵਾਲ ਕਰਨਗੇ। ਲੰਗਰ ਦੇ ਪ੍ਰਬੰਧਾਂ ਦੀ ਸੇਵਾ ਗਾਖ਼ਲ ਭਰਾਵਾਂ ਵਲੋਂ ਆਪਣੀ ਮਾਤਾ ਗੁਰਦੇਵ ਕੌਰ ਦੀ ਯਾਦ ਵਿਚ ਕੀਤੀ ਜਾਵੇਗੀ। ਇਸ ਮੌਕੇ 'ਤੇ ਯੁਨਾਈਟਡ ਸਪੋਰਟਸ ਕਲੱਬ ਦੇ ਜਨਰਲ ਸਕੱਤਰ ਐੱਸ.ਅਸ਼ੋਕ. ਭੌਰਾ ਅਤੇ ਕਬੱਡੀ ਪ੍ਰਮੋਟਰ ਚੂਹੜ ਸਿੰਘ ਬੜਾ ਪਿੰਡ ਦਾ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ। ਪੱਤਰਕਾਰ ਤੇ ਲੇਖਕ ਅਜਮੇਰ ਚਾਨਾ ਨੂੰ 21000 ਰੁਪਏ ਦੇ ਨਕਦ ਇਨਾਮ ਨਾਲ ਸਨਮਾਨਿਆ ਜਾਵੇਗਾ। ਪੱਪੂ ਗਾਖ਼ਲ, ਸੁੱਖਾ ਅਤੇ ਨੱਥਾ ਸਿੰਘ ਗਾਖ਼ਲ ਨੇ ਸਮੂਹ ਕਬੱਡੀ ਪ੍ਰੇਮੀਆਂ ਨੂੰ ਇਸ ਕਬੱਡੀ ਕੱਪ ਵਿਚ ਸ਼ਾਮਿਲ ਹੋਣ ਦਾ ਸੱਦਾ ਦਿੰਦਿਆਂ ਕਿਹਾ ਕਿ ਗਾਖ਼ਲਾਂ ਦਾ ਇਹ 31ਵਾਂ ਅੰਤਰਰਾਸ਼ਟਰੀ ਕਬੱਡੀ ਕੱਪ ਆਪਣੀ ਨਿਵੇਕਲੀ ਦਿੱਖ ਵਾਲਾ ਹੋਵੇਗਾ। ਕਿਉਂਕਿ ਪੰਜਾਬ ਦੇ ਤਕਰੀਬਨ ਸਾਰੇ ਅੰਤਰਰਾਸ਼ਟਰੀ ਕਬੱਡੀ ਖਿਡਾਰੀਆਂ ਨੇ ਇਸ ਮੇਲੇ ਵਿਚ ਸ਼ਾਮਿਲ ਹੋਣ ਦੀ ਸਹਿਮਤੀ ਭੇਜ ਦਿੱਤੀ ਹੈ।



## ਝਾਰਖੰਡ 'ਚ ਹੋਈ ਨੈਸ਼ਨਲ ਪਾਵਰਲਿਫਟਿਗ ਚੈਂਪੀਅਨਸ਼ਿਪ 'ਚ ਭੁਲੱਥ ਦੇ ਅਜੈ ਗੋਗਨਾ ਨੇ ਸਿਲਵਰ ਮੈਡਲ ਜਿੱਤਿਆ

**ਕਪੂਰਥਲਾ/ਬਿਊਰੋ ਨਿਊਜ਼-** ਝਾਰਖੰਡ ਦੇ ਰਾਂਚੀ ਵਿੱਚ ਹੋਈ ਤਿੰਨ ਰੋਜ਼ਾ ਨੈਸ਼ਨਲ ਪਾਵਰ ਲਿਫਟਿੰਗ ਇੰਡੀਆ ਚੈਂਪੀਅਨਸ਼ਿਪ ਵਿੱਚ ਕਸਬਾ ਭੁਲੱਥ ਦੇ ਨੌਜਵਾਨ ਅਜੈ ਗੋਗਨਾ ਸਪੁੱਤਰ ਪ੍ਰਵਾਸੀ ਸੀਨੀਅਰ ਪੱਤਰਕਾਰ ਰਾਜ ਗੋਗਨਾ ਨੇ ਆਪਣੇ 120 ਕਿਲੋਗ੍ਰਾਮ ਪਲੱਸ ਦੇ ਭਾਰ ਵਿੱਚ ਚਾਂਦੀ ਦਾ ਤਗ਼ਮਾ ਹਾਸਲ ਕੀਤਾ ਹੈ। ਇਸ ਜਿੱਤ ਨਾਲ ਇਲਾਕੇ ਦੇ ਖੇਡ ਪ੍ਰੇਮੀਆਂ ਵਿੱਚ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ। ਘਰ ਪਰਤਣ ਮਗਰੋਂ ਭੁਲੱਥ ਨਿਵਾਸੀ ਅਜੈ ਗੋਗਨਾ ਪਾਵਰਲਿਫਟਰ ਨੇ ਦੱਸਿਆ ਕਿ ਇਸ ਤਿੰਨ ਰੋਜ਼ਾ ਚੈਂਪੀਅਨਸ਼ਿਪ ਵਿੱਚ 26 ਸੂਬਿਆਂ ਤੋਂ ਖਿਡਾਰੀਆਂ ਨੇ ਹਿੱਸਾ ਲਿਆ। ਇਸ ਮੌਕੇ ਕੌਮੀ ਡੋਪਿੰਗ ਰੋਕੂ ਏਜੰਸੀ (ਨਾਡਾ) ਨੇ ਖਿਡਾਰੀਆਂ ਦੇ ਡੋਪ ਟੈਸਟ ਵੀ ਲਏ ਅਤੇ ਉਸ ਦਾ 100 ਪ੍ਰਤੀਸ਼ਤ ਡੋਪਿੰਗ ਫ੍ਰੀ ਦਾ ਨਤੀਜਾ ਰਿਹਾ ।ਜਿਸ ਨੇ ਬਿਨਾ ਕਿਸੇ ਨਸ਼ੇ ਦੇ ਸੇਵਨ ਤੋਂ ਆਪਣੀ ਦੇਸ਼ੀ ਖੁਰਾਕ ਨਾਲ ਆਪਣੀ ਮੰਜਿਲ ਵੱਲ ਅੱਗੇ ਵੱਧ ਰਿਹਾ ਹੈ ਅਤੇ ਉਸ ਨੇ 207.500 ਕਿਲੋਗ੍ਰਾਮ ਦੇ ਭਾਰ ਦੀ ਬੈਂਚ ਪ੍ਰੈਸ ਲਾ ਕੇ ਪੰਜਾਬ ਦਾ ਫਿਰ ਤੋਂ ਮਾਣ ਵਧਾਇਆ ਹੈ। ਵਰਨਣਯੋਗ ਹੈ ਕਿ ਇਸ ਤੋਂ ਪਹਿਲੇ ਅਜੈ ਗੋਗਨਾ ਪੰਜ ਦੇ ਕਰੀਬ ਗੋਲਡ ਮੈਡਲ ਜਿੱਤ ਚੁੱਕਾ ਹੈ। ਅਤੇ ਅਨੇਕਾਂ ਮਾਣਮੱਤੇ ਇਨਾਮ ਵੀ ਹਾਸਿਲ ਕਰ ਚੁੱਕਾ ਹੈ। ਇਸ ਮੌਕੇ ਪਾਵਰ ਲਿਫਟਿੰਗ ਇੰਡੀਆ ਦੇ ਅਰਜੁਨਾ ਐਵਾਰਡੀ ਸੈਕਟਰੀ ਜਨਰਲ ਪੀ.ਜੇ.ਜੋਸਫ ਨੇ ਉਸ ਨੂੰ ਮੈਡਲ ਪਾ ਕੇ ਸਨਮਾਨਿਤ ਕੀਤਾ। ਉਸ ਦੀ ਇਸ ਜਿੱਤ ਲਈ ਪੰਜਾਬ ਪਾਵਰਲਿਫਟਿਗ ਐਸੋਸੀਏਸ਼ਨ ਦੇ ਪ੍ਰਧਾਨ ਦਵਿੰਦਰ ਸਿੰਘ ਮੱਲੀ ਨੇ ਵੀ ਵਧਾਈ ਸੰਦੇਸ਼ ਭੇਜਿਆ।



## ਪੰਜਾਬੀ ਸਾਹਿਤ ਸਭਾ ਸਟਾਕਟਨ ਵਲੋਂ ਅਵਤਾਰ ਸਾਦਿਕ ਅਤੇ ਲਾਜ ਸੈਣੀ ਦੇ ਸਦੀਵੀ ਵਿਛੋੜੇ ਉੱਤੇ ਦੁੱਖ ਦਾ ਪ੍ਰਗਟਾਵਾ

**ਸਟਾਕਟਨ/ਹਰਜਿੰਦਰ ਪੰਧੇਰ:**
ਪੰਜਾਬੀ ਸਾਹਿਤ ਸਭਾ ਸਟਾਕਟਨ ਦੇ ਆਹੁਦੇਦਾਰਾਂ ਅਤੇ ਸਮੂਹ ਮੈਂਬਰਾਂ ਵਲੋਂ ਐਤਵਾਰ 11 ਗਿਆਰਾਂ ਮਾਰਚ ਨੂੰ ਸੇਵਾ ਸਦਨ ਲੈਥਰੋਪ ਦੇ ਹਾਲ ਵਿੱਚ ਕੀਤੀ ਮੀਟਿੰਗ ਦੌਰਾਨ ਲੈਸਟਰ, ਇੰਗਲੈਂਡ ਨਿਵਾਸੀ ਅਵਤਾਰ ਸਾਦਿਕ ਦੇ ਅਕਾਲ ਚਲਾਣੇ ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਸਭਾ ਦਾ ਕਹਿਣਾ ਹੈ ਕਿ ਇਸ ਸੋਗਮਈ ਘਟਨਾ ਨਾਲ ਆਲਮੀ ਸੰਘਰਸ਼ਸ਼ੀਲ ਜਥੇਬੰਦੀਆਂ ਨੂੰ ਗਹਿਰਾ ਸਦਮਾ ਪਹੁੰਚਿਆ ਹੈ। ਅਵਤਾਰ ਸਾਦਿਕ ਇੰਗਲੈਂਡ ਵਿੱਚ 'I W A' ਦੇ ਪਹਿਲੀ ਕਤਾਰ ਦੇ ਕਾਰਕੁਨ ਰਹਿ ਚੁੱਕੇ ਹਨ। ਉਨ੍ਹਾਂ ਪ੍ਰਗਤੀਸ਼ੀਲ ਸਾਹਿਤ ਦੀ ਸਿਰਜਨਾ ਕਰਦਿਆਂ ਚਾਰ ਕਾਵਿ ਸੰਗ੍ਰਹਿ ਅਤੇ ਤਿੰਨ ਕਹਾਣੀ ਸੰਗ੍ਰਹਿ ਸਾਹਿਤ ਦੀ ਝੋਲੀ ਪਾਏ। ਸਭਿਆਚਾਰ ਪਖੋਂ ਪੰਜਾਬੀ ਲੋਕ ਗੀਤਾਂ, ਨਾਚਾਂ, ਸਾਜ਼ਾਂ ਨਾਲ ਨੌਜਵਾਨਾਂ ਨੂੰ ਲਗਾਤਾਰ ਜੋੜੀ ਰਖਿਆ। ਸਾਹਿਤ ਸਭਾ ਵਲੋਂ ਮਾਰਚ ਦੇ ਮਹੀਨੇ ਭਾਰਤ ਦੀ ਲੋਕ ਅਜ਼ਾਦੀ ਲਈ ਫਾਂਸੀਆਂ ਦੇ ਰੱਸੇ ਚੁੰਮਣ ਵਾਲੇ ਗੌਰਵਸ਼ੀਲ ਸ਼ਹੀਦਾਂ ਭਗਤ ਸਿੰਘ, ਰਾਜਗੁਰੂ ਅਤੇ ਸੁੱਖਦੇਵ ਦੀ ਯਾਦ ਵੀ ਤਾਜਾ ਕੀਤੀ ਗਈ। ਪਿਛਲੇ ਦਿਨੀ ਪੰਜਾਬੀ ਦੀ ਨਾਮਵਰ ਲੇਖਕਾ ਨੀਲਮ ਸੈਣੀ ਦੇ ਜੀਵਨ ਸਾਥੀ ਲਾਜ ਸੈਣੀ ਦੇ ਸਦੀਵੀ ਵਿਛੋੜੇ ਤੇ ਦੁੱਖ ਸਾਂਝਾ ਕਰਦਿਆਂ ਉਪਰੋਕਤ ਸਭਨਾਂ ਵਿਛੜੀਆਂ ਰੂਹਾਂ ਲਈ ਦੋ ਮਿੰਟ ਦਾ ਮੌਨ ਧਾਰਨ ਕਰ ਅਕੀਦਤ ਦੇ ਫੁੱਲ ਭੇਂਟ ਕੀਤੇ। ਸ਼ਰਧਾਂਜਲੀ ਭੇਂਟ ਕਰਨ ਵਾਲਿਆਂ ਵਿੱਚ: ਹਰਜਿੰਦਰ ਪੰਧੇਰ, ਪ੍ਰੋ.ਹਰਭਜਨ ਸਿੰਘ, ਪ੍ਰਿੰਸੀਪਲ ਹਰਨੇਕ ਸਿੰਘ, ਹਰਪ੍ਰੀਤ ਕੌਰ ਧੂਤ, ਗੁਰਪ੍ਰੀਤ ਕੌਰ, ਮਨਦੀਪ ਗੋਰਾ, ਹਰਜੀਤ ਹਠੂਰ, ਮਨਜੀਤ ਕੌਰ ਸਿੱਧੂ, ਰਾਜ ਕੁਮਾਰ ਅਤੇ ਕਰਨਬੀਰ ਸ਼ਾਮਲ ਸਨ। ਹਾਜ਼ਰ ਮੈਂਬਰਾਂ ਵਲੋਂ ਪਿਛਲੇ ਦਿਨੀ ਭਾਰਤ ਵਿੱਚ ਬੁੱਤ ਸ਼ਿਕਨੀ ਅਤੇ ਬੁੱਤ ਹੁਰਮਤੀ ਦੀਆਂ ਘਟਨਾਵਾਂ ਨੂੰ ਵੀ ਪੁਰ ਜ਼ੋਰ ਨਿੰਦਿਆ ਗਿਆ।
ਇਸ ਉਪਰੰਤ ਸਾਹਿਤ ਸਭਾ ਵਲੋਂ ਇਸ ਵਰ੍ਹੇ ਕੀਤੇ ਜਾਣ ਵਾਲੇ ਵਿਸ਼ੇਸ਼ ਸਮਾਗਮਾਂ ਬਾਰੇ ਮੁਢਲੀ ਵਿਚਾਰ ਚਰਚਾ ਕੀਤੀ ਗਈ। ਜਿਸਨੂੰ ਭਰਵਾਂ ਹਾਂ ਪੱਖੀ ਹੁੰਗਾਰਾ ਮਿਲਿਆ। ਸਮੂਹ ਹਾਜ਼ਰ ਲੇਖਕਾਂ ਵਲੋਂ ਆਪਣੀਆਂ ਨਵੀਆਂ ਲਿਖੀਆਂ ਕਹਾਣੀਆਂ, ਕਵਿਤਾਵਾਂ, ਗੀਤ ਸਰੋਤਿਆਂ ਨਾਲ ਸਾਂਝੇ ਕੀਤੇ ਗਏ। ਸਭਾ ਦੀ ਅਗਲੀ ਮੀਟਿੰਗ 20 ਮਈ ਨੂੰ ਨੇੜਲੇ ਕਸਬੇ ਪੈਟਰਸਨ ਵਿੱਚ ਕਰਨ ਦਾ ਫੈਸਲਾ ਲੈਂਦਿਆਂ ਅਤਿਅੰਤ ਖ਼ੁਸ਼ਗਵਾਰ ਮਹੌਲ ਵਿੱਚ ਸਾਰਿਆਂ ਨੇ ਇੱਕ ਦੂਜੇ ਨੂੰ ਅਲਵਿਦਾ ਆਖੀ।

## ਭਾਈ ਤਾਰਾ, ਹਵਾਰਾ, ਭਿਓਰਾ, ਲੱਖਾ, ਦਿਲਾਵਰ ਵਰਗੇ ਯੋਧੇ ਸਿੱਖ ਕੌਮ ਦੇ ਹੀਰੋ: ਸਿੱਖ,ਕੋਆਰਡੀਨੇਸ਼ਨ ਕਮੇਟੀ ਯੂਐਸਏ

**ਨਿਊਯਾਰਕ/ਬਿਊਰੋ ਨਿਊਜ਼:** ਭਾਈ ਜਗਤਾਰ ਸਿੰਘ ਤਾਰਾ ਨੂੰ ਤਾਂ ਉਮਰ ਭਰ ਜੇਲ੍ਹ ਵਿਚ ਰਹਿਣ ਦੀ ਸਜਾ ਸੁਣਾਉਣ ਤੋਂ ਬਾਅਦ ਦੇਸ਼-ਵਿਦੇਸ਼ ਵਿਚ ਬੈਠੇ ਸਿੱਖਾਂ ਵਿੱਚ ਭਾਰਤੀ ਨਿਆਂ ਪ੍ਰਣਾਲੀ ਪ੍ਰਤੀ ਵਿਆਪਕ ਰੋਸ ਦੀ ਲਹਿਰ ਹੈ। ਇਸੇ ਤਹਿਤ ਅਮਰੀਕਾ ਦੀਆਂ ਗੁਰਦੁਆਰਾ ਕਮੇਟੀਆਂ ਤੇ ਪੰਥਕ ਜਥੇਬੰਦੀਆਂ ਵੱਲੋਂ ਸਾਂਝੇ ਤੌਰ ਤੇ ਬਣਾਈ ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ (ਯੂ ਐਸ ਏ) ਦੇ ਕੋਆਰਡੀਨੇਟਰ ਹਿੰਮਤ ਸਿੰਘ ਨਿਊਯਾਰਕ ਨੇ ਇਕ ਲਿਖਤੀ ਬਿਆਨ ਜਾਰੀ ਕਰਦਿਆਂ ਕਿਹਾ ਹੈ ਕਿ ਇਕ ਪਾਸੇ ਭਾਈ ਪਰਮਜੀਤ ਸਿੰਘ ਭਿਉਰਾ ਦੀ ਮਾਤਾ ਦੇ ਗੰਭੀਰ ਬਿਮਾਰ ਹੋਣ ਤੇ ਉਨ੍ਹਾਂ ਨੂੰ ਪੈਰੋਲ ਨਾ ਦੇ ਕੇ ਅਤੇ ਦੂਜੇ ਪਾਸੇ ਭਾਈ ਜਗਤਾਰ ਸਿੰਘ ਤਾਰਾ ਨੂੰ ਉਮਰ ਭਰ ਜੇਲ੍ਹ ਵਿਚ ਰਹਿਣ ਦੀ ਸਜ਼ਾ ਸੁਣਾ ਕੇ ਸਿੱਖਾਂ ਨੂੰ ਗੁਲਾਮੀ ਦਾ ਅਹਿਸਾਸ ਕਰਾਇਆ ਜਾ ਰਿਹਾ ਹੈ। ਕਮੇਟੀ ਨੇ ਕਿਹਾ ਹੈ ਕਿ ਹਾਲਾਂ ਕਿ ਜਗਤਾਰ ਸਿੰਘ ਤਾਰਾ ਨੇ ਬਿਅੰਤੇ ਪਾਪੀ ਨੂੰ ਸਜਾਯਾਫ਼ਤਾ ਕਰਨਾ ਖ਼ੁਦ ਕਬੂਲ ਕੇ ਸ਼ਹੀਦ ਉਧਮ ਸਿੰਘ ਦੇ ਇਤਿਹਾਸ ਨੂੰ ਦੁਹਰਾਇਆ ਹੈ। ਕੋਆਰਡੀਨੇਸ਼ਨ ਕਮੇਟੀ ਦੇ ਕੋਆਰਡੀਨੇਟਰ ਸ. ਹਿੰਮਤ ਸਿੰਘ ਤੇ ਹੋਰਨਾਂ ਆਗੂਆਂ ਕੇਵਲ ਸਿੰਘ ਸਿੱਧੂ, ਹਰਜਿੰਦਰ ਸਿੰਘ ਪਾਈਨਹਿੱਲ, ਵੀਰ ਸਿੰਘ ਮਾਂਗਟ ਅਤੇ ਦਵਿੰਦਰ ਸਿੰਘ ਦਿਓ ਨੇ ਕਿਹਾ ਕਿ ਜੱਥੇਦਾਰ ਜਗਤਾਰ ਸਿੰਘ ਹਵਾਰਾ, ਭਾਈ ਜਗਤਾਰ ਸਿੰਘ ਤਾਰਾ, ਭਾਈ ਬਲਵੰਤ ਸਿੰਘ ਰਾਜੋਆਣਾ, ਭਾਈ ਦਿਲਾਵਰ ਸਿੰਘ, ਭਾਈ ਪਰਮਜੀਤ ਸਿੰਘ ਭਿਓਰਾ, ਭਾਈ ਲਖਵਿੰਦਰ ਸਿੰਘ ਲੱਖਾ, ਭਾਈ ਸ਼ਮਸ਼ੇਰ ਸਿੰਘ ਸ਼ੇਰਾ, ਭਾਈ ਗੁਰਮੀਤ ਸਿੰਘ ਜਿਹੇ ਸਿੱਖ ਯੋਧੇ ਸਿੱਖ ਕੌਮ ਦੇ ਹੀਰੋ ਹਨ। ਜਦੋਂ ਸਿੱਖ ਕੌਮ ਦੀ ਨਸਲਕੁਸ਼ੀ ਕਰਨ ਦੀਆਂ ਵਿਉਂਤਾਂ ਬੇਅੰਤ ਸਿਹੁੰ ਤੇ ਕੇਪੀਐਸ ਗਿੱਲ ਨੇ ਗੁੰਦੀਆਂ ਸਨ ਤਾਂ ਮਨੁੱਖੀ ਅਧਿਕਾਰਾਂ ਦੇ ਅਲੰਬਰਦਾਰ ਬਣ ਕੇ ਇਨ੍ਹਾਂ ਸਿੱਖ ਯੋਧਿਆਂ ਨੇ ਆਪਣੀਆਂ ਕੁਰਬਾਨੀਆਂ ਕੌਮ ਦੇ ਨਾਮ ਤੇ ਕਰ ਦਿੱਤੀਆਂ ਸਨ ਜਿਸ ਦਾ ਕਬੂਲਨਾਮਾ ਜਗਤਾਰ ਸਿੰਘ ਤਾਰਾ ਨੇ ਦੇ ਕੇ ਸਪੱਸ਼ਟ ਕਰ ਦਿੱਤਾ ਹੈ ਕਿ ਹਿੰਦੁਸਤਾਨੀ ਸਰਕਾਰਾਂ ਘੱਟ ਗਿਣਤੀਆਂ ਨੂੰ ਖ਼ਤਮ ਕਰਨ ਲਈ ਕੁੱਝ ਵੀ ਕਰ ਸਕਦੀਆਂ ਹਨ ਤੇ ਘੱਟ ਗਿਣਤੀਆਂ ਦੇ ਪੱਖ ਵਿਚ ਹੋਣ ਦਾ ਪਾਖੰਡ ਵੀ ਕਰਦੀਆਂ ਹਨ। ਅਮਰੀਕੀ ਸਿੱਖ ਆਗੂਆਂ ਨੇ ਕਿਹਾ ਕਿ ਪਹਿਲਾਂ ਹੀ ਸਿੱਖ ਜੇਲ੍ਹਾਂ ਵਿਚ ਡੱਕੇ ਜਵਾਨੀਆਂ ਦਾਅ ਤੇ ਲਾ ਰਹੇ ਹਨ, ਪਰ ਕਦੇ ਵੀ ਭਾਰਤੀ ਹਕੂਮਤ ਨੇ ਸਿੱਖਾਂ ਦੇ ਮਸਲਿਆਂ ਤੇ ਗੰਭੀਰਤਾ ਨਾਲ ਗੌਰ ਨਹੀਂ ਕੀਤਾ, ਇਸ ਲਈ ਜੇਕਰ ਸਿੱਖ ਆਪਣਾ ਵੱਖਰਾ ਰਾਜ ਸਥਾਪਤ ਕਰਨ ਦੀ ਮੰਗ ਕਰ ਰਹੇ ਹਨ ਤਾਂ ਇਸ ਵਿਚ ਕੋਈ ਬੁਰਾਈ ਨਹੀਂ ਹੈ। ਉਨ੍ਹਾਂ ਕਿਹਾ ਕਿ ਜਦੋਂ ਵੀ ਸਿੱਖ ਹੋਮਲੈਂਡ ਹੋਂਦ ਵਿਚ ਆਵੇਗਾ, ਕੌਮ ਤੇ ਇਨ੍ਹਾਂ ਹੀਰਿਆਂ ਅਤੇ ਇਨ੍ਹਾਂ ਦੇ ਵਾਰਸਾਂ ਨੂੰ ਅੱਖਾਂ ਤੇ ਬਿਠਾਇਆ ਜਾਵੇਗਾ।

## ਮਨਜੀਤ ਸਿੰਘ ਬਧੇਸ਼ਾ ਦੇ ਪੁੱਤਰ ਦਾ ਸਾਦਾ ਵਿਆਹ

**ਫਰਿਜ਼ਨੋ(ਕੁਲਵੰਤ ਧਾਲੀਆਂ/ਨੀਟਾ ਮਾਛੀਕੇ):** ਪੰਜਾਬ ਅੰਦਰ ਲੰਮਾ ਸਮਾਂ ਸਮਾਜਿਕ ਅਤੇ ਸਿਆਸੀ ਸੇਵਾਵਾ ਨਿਭਾਉਣ ਵਾਲੇ ਪਿੰਡ ਚੌਕੀਮਾਨ, ਜਿਲ੍ਹਾ ਲੁਧਿਆਣਾ ਸਾਬਕਾ ਸਰਪੰਚ ਸਵਰਗੀ ਸ. ਕਰਮ ਸਿੰਘ ਬਧੇਸ਼ਾ ਦੇ ਪੜੋਤੇ, ਕੈਪਟਨ ਮੋਹਨ ਸਿੰਘ ਬਧੇਸ਼ਾ ਦੇ ਪੋਤਰੇ ਅਤੇ



ਮਨਜੀਤ ਸਿੰਘ ਬਧੇਸ਼ਾ (ਪੱਪੂ ਸਰਪੰਚ) ਦੇ ਪੁੱਤਰ ਕਾਕਾ ਹਰਪ੍ਰੀਤ ਸਿੰਘ ਬਦੇਸ਼ਾ ਦਾ ਸ਼ੁਭ ਅਨੰਦ ਕਾਰਜ ਬੀਤੇ ਦਿਨੀ ਬੀਬੀ ਮਨਪ੍ਰੀਤ ਕੌਰ ਸਿੱਧੂ ਸਪੁੱਤਰੀ ਜਗਤਾਰ ਸਿੰਘ ਸਿੱਧੂ ਪਿੰਡ ਰਸੂਲਪੁਰ, ਜਿਲ੍ਹਾਂ ਲੁਧਿਆਣਾ ਨਾਲ ਗੁਰ-ਮਰਿਯਾਦਾ ਅਨੁਸਾਰ ਗੁਰਦੁਆਰਾ ਕਰੱਦਰਜ਼, ਕੈਲੀਫੋਰਨੀਆਂ ਵਿਖੇ ਸੰਪੂਰਨ ਹੋਇਆਂ। ਇਹ ਵਿਆਹ ਬਿਨਾਂ ਕਿਸੇ ਦੇਣ-ਲੈਣ ਦੇ ਅਤੇ ਸਾਦਾ ਪਰਿਵਾਰਕ ਰਸਮਾਂ ਨਾਲ ਕੀਤਾ ਗਿਆ। ਇਸ ਵਿਆਹੁਤਾ ਜੋੜੀ ਨੂੰ ਆਸ਼ੀਰਵਾਦ ਦੇਣ ਲਈ ਦੋਸ਼ਤਾ ਅਤੇ ਵੱਖ-ਵੱਖ ਦੇਸ਼ਾਂ ਤੋਂ ਰਿਸ਼ਤੇਦਾਰਾਂ ਤੋਂ ਇਲਾਵਾ ਇਲਾਕੇ ਭਰ ਦੀਆਂ ਵੱਖ-ਵੱਖ ਜੱਥਬੰਦੀਆਂ ਦੇ ਨੁਮਾਇੰਦੇ ਪਹੁੰਚੇ। ਵਰਨਣਯੋਗ ਹੈ ਕਿ ਇਹ ਸਮੁੱਚਾ ਪਰਿਵਾਰ ਆਪਣੇ ਫਾਰਮ ਅਤੇ ਟਰੱਕਿੰਗ ਦੇ ਧੰਦੇ ਕਰਕੇ ਬਹੁਤ ਲੰਮੇ ਅਰਸੇ ਤੋਂ ਕੈਲੀਫੋਰਨੀਆਂ ਦੇ ਕਰਮਨ ਸ਼ਹਿਰ ਵਿਖੇ ਰਹਿ ਰਿਹਾ ਹੈ। ਹਰਪ੍ਰੀਤ ਸਿੰਘ ਦੇ ਦਾਦਾ ਸ. ਮੋਹਨ ਸਿੰਘ ਬਦੇਸਾ ਗੁਰਦੁਆਰਾ ਗੁਰੂ ਨਾਨਕ ਸਿੱਖ ਟੈਂਪਲ ਸਨਵਾਕੀਨ ਵਿੱਚ ਲਗਾਤਾਰ ਪ੍ਰਧਾਨਗੀ ਸੇਵਾਵਾ ਨਿਭਾਉਂਦੇ ਆ ਰਹੇ ਹਨ। ਇਸ ਤੋਂ ਇਲਾਵਾ ਪੰਜਾਬੀ ਵਸੋਂ ਵਾਲੇ ਪੁਰਾਤਨ ਸ਼ਹਿਰ ਸਨਵਾਕੀਨ ਵਿੱਚ ਸਲਾਨਾ ਟੂਰਨਾਮੈਂਟ ਕਰਾਉਣ ਵਾਲੇ ਗੁਰੂ ਨਾਨਕ ਸਪੋਰਟਸ ਕਲੱਬ ਦੇ ਮੋਢੀਆਂ ਵਿੱਚੋਂ ਹਨ। ਇਸੇ ਤਰ੍ਹਾਂ ਸ. ਮਨਜੀਤ ਸਿੰਘ (ਪੱਪੂ ਸਰਪੰਚ) ਵੀ ਆਪਣੀਆਂ ਸਮਾਜਿਕ ਸੇਵਾਵਾ ਅਤੇ ਪਿੰਡ ਚੌਕੀਮਾਨ ਦੇ ਕਾਰਜਾਂ ਵਿੱਚ ਹਿੱਸਾ ਪਾ ਕੇ ਨਿਮਾਣਾ ਖੱਟ ਰਹੇ ਹਨ।

## Classified

### ਕੁੱਕ ਦੀ ਲੋੜ

ਸਮਰੱਥ ਰੈਸਟੋਰੈਂਟ, ਲਾਸ ਏਂਜਲਸ, ਕੈਲੀਫੋਰਨੀਆਂ-91335 ਵਾਸਤੇ ਉੱਤਰੀ ਭਾਰਤ ਦੇ ਖਾਣੇ ਬਣਾਉਣ ਵਿੱਚ ਮਾਹਿਰ ਕੁੱਕ ਦੀ ਜ਼ਰੂਰਤ ਹੈ। ਇਸ ਤੋਂ ਇਲਾਵਾ ਚਾਈਨੀਜ਼ ਖਾਣੇ ਬਣਾਉਣ ਵਾਲੇ ਨੂੰ ਤਰਜੀਹ ਦਿੱਤੀ ਜਾਵੇਗੀ।

ਹੋਰ ਜਾਣਕਾਰੀ ਲਈ ਕਾਲ ਕਰੋ:

(747) 224-1079

ਜਾਂ ਈਮੇਲ :

samrathrestaurant@gmail.com

### ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਧਿਆਨ ਹਿੱਤ

ਅੰਤਰਰਾਸ਼ਟਰੀ ਵਿਦਿਆਰਥੀਆਂ ਵਾਸਤੇ ਆਨ ਲਾਈਨ NCLEX ਕਲਾਸਾਂ

ਪੰਜਾਬੀ ਜਾਂ ਅੰਗਰੇਜੀ ਕਿਸੇ ਵੀ ਭਾਸ਼ਾ ਵਿਚ ਕਲਾਸਾਂ ਲਓ

ਸਮੇਂ ਦੀ ਕੋਈ ਪਾਬੰਦੀ ਨਹੀਂ, ਕਿਸੇ ਵੀ ਦਿਨ, ਕਿਸੇ ਵੀ ਟਾਈਮ

ਹੋਰ ਜਾਣਕਾਰੀ ਲਈ ਸੰਪਰਕ ਕਰੋ :

ਈਮੇਲ: successonnclex@gmail.com

ਜਾਂ ਕਾਲ ਕਰੋ:

612-849-5258

### ATTENTION

International Students

Online NCLEX Classes for International Students

Available in English & Punjabi

Flexible Days and Time

For more information

Email: successonnclex@gmail.com

Call: 612-849-5258


## ਜਗਮੀਤ ਸਿੰਘ ਦੀ ਰਾਜਸੀ ਭੂਮਿਕਾ ਤੋਂ ਭਾਰਤ ਸਰਕਾਰ ਡਰੀ

ਨਸਲਕੁਸ਼ੀ ਤੋਂ ਬਾਅਦ, ਅਮਰੀਕਾ ਕੈਨੇਡਾ, ਇੰਗਲੈਂਡ ਸਮੇਤ ਯੂਰਪ ਦੇ ਸਿਖਾਂ ਦੀ ਵਧ ਰਹੀ ਹਮਾਇਤ ਅਤੇ ਵਿਸ਼ਵ ਵਿਚ ਸਿਆਸੀ ਪੱਖੋਂ ਉਭਾਰ ਤੋਂ ਕਾਫੀ ਚਿੰਤਤ ਸਨ। ਇਹੀ ਕਾਰਨ ਹੈ ਕਿ ਸਿਖਾਂ ਵਿਰੁਧ ਨਫ਼ਰਤ ਫੈਲਾਈ ਜਾ ਰਹੀ ਹੈ। ਪੁਸਤਕ 'ਸੌਫਟ ਟਾਰਗੇਟ' ਦੇ ਪੰਨਾ 53 'ਤੇ ਭਾਰਤੀ ਏਜੰਸੀਆਂ ਦੀ 'ਅੰਦਰੂਨੀ ਸਟੈਂਡ' ਸਬੰਧੀ ਇਹ ਵੇਰਵਾ ਦਰਜ ਹੈ। ਸਿਖ ਕੌਮ ਵਲੋਂ ਮਾਮਲੇ ਬਾਰੇ ਜਾਂਚ ਪੜਤਾਲ ਕਰਵਾਉਣ ਲਈ ਇਹ ਜ਼ੋਰਦਾਰ ਮੰਗ ਕੀਤੀ ਜਾਣੀ ਚਾਹੀਦੀ ਹੈ ਤਾਂ ਜੋ ਇਸ ਕਾਂਡ ਦੀ ਸਚਾਈ ਸਾਹਮਣੇ ਆ ਸਕੇ।

**ਭਾਰਤ ਦੀ ਜਗਮੀਤ ਵਿਰੁਧ ਨਫ਼ਰਤ**

ਜਗਮੀਤ ਸਿੰਘ ਨਿਊ ਡੈਮੋਕ੍ਰੇਟਿਕ ਪਾਰਟੀ ਵਲੋਂ 2013 ਵਿਚ ਸਾਂਸਦ ਬਣੇ ਸਨ। ਸਾਂਸਦ ਰਹਿੰਦੇ ਹੋਏ ਉਨ੍ਹਾਂ ਨੇ 1984 ਵਿਚ ਹੋਏ ਸਿਖ ਵਿਰੋਧੀ ਦੰਗਿਆਂ ਦੇ ਖ਼ਿਲਾਫ਼ ਕੈਨੇਡਾ ਵਿਚ ਅਵਾਜ਼ ਚੁਕੀ ਸੀ। ਜਗਮੀਤ ਸਿੰਘ 2013 ਵਿਚ ਬਰਨਾਲਾ ਦੇ ਪੁਰਖੀ ਪਿੰਡ ਠੀਕਰੀਵਾਲ ਆਉਣਾ ਚਾਹੁੰਦੇ ਸਨ, ਪਰ ਯੂਪੀਏ ਸਰਕਾਰ ਨੇ ਵੀਜ਼ਾ ਨਹੀਂ ਦਿੱਤਾ। ਤੁਹਾਨੂੰ ਯਾਦ ਕਰਵਾ ਦੇਈਏ ਕਿ ਤਤਕਾਲੀ ਵਪਾਰ ਮੰਤਰੀ ਕਮਲ ਨਾਥ ਖਿਲਾਫ ਟੋਰਾਂਟੋ ਵਿਚ ਵਡਾ ਮੁਜ਼ਾਹਰਾ ਕੀਤਾ, ਜਿਸ ਤੋਂ ਬਾਅਦ ਉਨ੍ਹਾਂ ਨੂੰ 2013 ਵਿਚ ਭਾਰਤ ਆਉਣ ਦਾ ਵੀਜ਼ਾ ਨਹੀਂ ਦਿਤਾ ਗਿਆ। ਇਸ ਸੰਬੰਧੀ ਕਾਫੀ ਵਿਵਾਦ ਉਠਿਆ ਸੀ। ਇਸ ਤੋਂ ਬਾਅਦ ਵੀ ਉਨ੍ਹਾਂ ਨੇ ਭਾਰਤ ਸਰਕਾਰ ਦੇ ਖ਼ਿਲਾਫ਼ ਬਿਆਨ ਜਾਰੀ ਰੱਖੇ। ਜਗਮੀਤ ਨੇ ਸਾਲ 2016 ਵਿਚ ਕੈਨੇਡਾਈ ਸੰਸਦ ਵਿਚ 1984 ਵਿਚ ਸਿਖ ਵਿਰੋਧੀ ਕਤਲੇਆਮਾਂ ਨੂੰ 'ਜੀਨੋਸਾਈਡ' ਮੰਨੇ ਜਾਣ ਲਈ ਇਕ ਜ਼ਬਰਦਸਤ ਭਾਸ਼ਣ ਦਿੱਤਾ ਸੀ। ਉਨ੍ਹਾਂ ਕਿਹਾ, 'ਕਿਉਂਕਿ ਮੈਂ ਸਿਖਾਂ 'ਤੇ ਜ਼ੁਲਮ ਦੇ ਖ਼ਿਲਾਫ਼ ਅਵਾਜ਼ ਬੁਲੰਦ ਕੀਤੀ, ਇਸ ਲਈ ਮੈਨੂੰ ਵੀਜ਼ਾ ਨਹੀਂ ਦਿੱਤਾ।' ਉਨ੍ਹਾਂ ਕਿਹਾ ਦਿੱਲੀ ਸਿਖ ਕਤਲੇਆਮ ਹਿੰਦੂਆਂ ਨੇ ਨਹੀਂ ਕੀਤਾ, ਇਹ ਸਰਕਾਰੀ ਕਤਲੇਆਮ ਹੈ। ਜਗਮੀਤ ਦਾ ਇਹ ਸਫਰ ਕੈਨੇਡਾ ਵਿਚ ਸੌਖਾ ਨਹੀਂ ਸੀ। ਸ਼ੋਹਰਤ ਦਾ ਇਹ ਅਸਮਾਨ ਉਨ੍ਹਾਂ ਨੂੰ ਇਸ ਤਰ੍ਹਾਂ ਹੀ ਨਹੀਂ, ਸਗੋਂ ਸਖ਼ਤ ਮਿਹਨਤ ਦੇ ਬਾਅਦ ਮਿਲਿਆ। ਇਹ ਸਿਖ ਪੰਥ ਲਈ ਮਾਣ ਵਾਲੀ ਗੱਲ ਹੋਵੇਗੀ ਕਿ ਜੇਕਰ ਉਹ ਕੈਨੇਡਾ ਦੇ ਪ੍ਰਧਾਨ ਮੰਤਰੀ ਬਣਦੇ ਹਨ ਤੇ ਉਸ ਤੋਂ ਬਾਅਦ ਕੈਨੇਡਾ ਦੇ ਵਿਕਾਸ ਵਿਚ ਆਪਣਾ ਯੋਗਦਾਨ ਪਾਉਂਦੇ ਏ ਵਿਸ਼ਵ ਵਿਚ ਸਿਖ ਕੌਮ ਦਾ ਨਾਮ ਰੌਸ਼ਨ ਕਰਦੇ ਹਨ।

## ਭਗਵੇਂ ਰਾਸ਼ਟਰਵਾਦ ਦੇ ਵਿਰੋਧੀ ਸਨ ਬਾਬਾ ਸਾਹਿਬ ਅੰਬੇਡਕਰ

ਦੇਸ਼ ਦਾ ਨਾਗਰਿਕ ਹੈ ਤੇ ਕੌਣ ਨਹੀਂ, ਇਸ ਦਾ ਨਿਰਣਾ ਭਾਰਤ ਦਾ ਸੰਵਿਧਾਨ ਕਰਦਾ ਹੈ। ਭਾਰਤ ਕਿਸ ਦਾ ਦੇਸ਼ ਹੈ, ਇਹ ਇਸ ਵਿਚ ਸਪੱਸ਼ਟ ਹੈ ਕਿ ਭਾਰਤੀ ਅਜ਼ਾਦੀ ਅੰਦੋਲਨ ਵਿਚ ਸਾਰੀਆਂ ਜਾਤੀਆਂ, ਧਰਮਾਂ, ਵਰਗਾਂ ਦੇ ਲੋਕਾਂ ਨੇ ਹਿੱਸਾ ਲਿਆ ਸੀ। ਭਾਰਤ ਪ੍ਰਾਚੀਨ ਕਾਲ ਤੋਂ ਹੀ ਨਸਲੀ ਤੇ ਧਾਰਮਿਕ ਕੌਮਾਂ ਦਾ ਦੇਸ਼ ਰਿਹਾ ਹੈ। ਭਾਰਤ ਦੇ ਉੱਤਰ ਵਿਚ ਸ਼ਕ, ਹੂਣ ਤੇ ਮੁਸਲਮਾਨ ਹਮਲਾਵਰ ਦੇ ਤੌਰ 'ਤੇ ਆਏ ਤੇ ਉਨ੍ਹਾਂ ਨੇ ਇਸ ਦੇਸ਼ ਨੂੰ ਆਪਣਾ ਘਰ ਬਣਾਇਆ। ਦੱਖਣ ਭਾਰਤ ਵਿਚ ਸਮੁੰਦਰ ਦੇ ਰਸਤੇ ਯਹੂਦੀ, ਮੁਸਲਮਾਨ ਤੇ ਇਸਾਈ ਪਹੁੰਚੇ। ਸੱਚ ਤਾਂ ਇਹ ਹੈ ਕਿ ਹਿੰਦੂ ਸ਼ਬਦ ਮੂਲ ਤੌਰ 'ਤੇ ਭੂਗੋਲਿਕ ਹੈ ਤੇ ਇਹ ਇਕ ਧਰਮ ਦਾ ਨਾਮ ਬਹੁਤ ਬਾਅਦ ਵਿਚ ਬਣਿਆ। ਭਾਰਤ ਵਿਚ ਵੱਖ ਵੱਖ ਧਰਮਾਂ ਦੇ ਲੋਕ ਨਿਵਾਸ ਕਰਦੇ ਹਨ, ਪਰ ਇਹ ਕਹਿਣਾ ਗਲਤ ਹੈ ਕਿ ਭਾਰਤ ਵਿਚ ਰਹਿਣ ਵਾਲੇ ਸਾਰੇ ਲੋਕ ਹਿੰਦੂ ਹਨ, ਤੱਥਾਂ ਦੇ ਨਾਲ ਖਿਲਵਾੜ ਕਰਨ ਵਾਲੀ ਗੱਲ ਹੈ। ਭਾਗਵਤ ਦੇ ਇਸ ਦਾਅਵੇ ਵਿਚ ਕੋਈ ਤਰਕ ਨਹੀਂ ਕਿ ਹਿੰਦੂ ਮੂਲ ਤੌਰ 'ਤੇ ਸਭਨਾਂ ਦਾ ਸਨਮਾਨ ਕਰਦੇ ਤੇ ਬਰਾਬਰੀ ਵਿਚ ਵਿਸ਼ਵਾਸ ਰੱਖਦੇ ਹਨ। ਹਿੰਦੂਤਵ ਚਿੰਤਕ ਸਾਵਰਕਰ ਨੇ ਹਿੰਦੂ ਦੀ ਪਰਿਭਾਸ਼ਾ ਦੇ ਅਨੁਸਾਰ ਮੁਸਲਮਾਨ, ਇਸਾਈ ਹਿੰਦੂ ਨਹੀਂ ਹੋ ਸਕਦੇ। ਸਿੱਖਾਂ, ਬੋਧੀਆਂ ਤੇ ਜੈਨੀਆਂ ਦਾ ਇਕ ਵੱਡਾ ਤਬਕਾ ਵੀ ਆਪਣੇ ਆਪ ਨੂੰ ਹਿੰਦੂ ਕਹਾਉਣਾ ਨਹੀਂ ਚਾਹੁੰਦਾ। ਭਾਗਵਤ ਇਸ ਅਰਥ ਵਿਚ ਸਹੀ ਕਹਿ ਰਹੇ ਹਨ ਕਿ ਗਾਂਧੀ ਵਰਗੇ ਲੋਕਾਂ ਦੀ ਵਿਚਾਰਧਾਰਾ ਵਿਚ ਢਲੇ ਹਿੰਦੂ ਹੋਰ ਧਰਮਾਂ ਦਾ ਸਨਮਾਨ ਕਰਦੇ ਹਨ ਤੇ ਧਾਰਮਿਕ ਬਹੁਲਤਾਵਾਦ ਨੂੰ ਖੁੱਲ੍ਹੇ ਮਨ ਨਾਲ ਸਵੀਕਾਰ ਕਰਦੇ ਹਨ। ਪਰ ਸੰਘ ਮਾਰਕਾ ਹਿੰਦੂਆਂ ਨੂੰ ਸ਼ਾਂਤੀ ਪਸੰਦ ਨਹੀਂ ਕਿਹਾ ਜਾ ਸਕਦਾ। ਸੰਘ ਪਰਿਵਾਰ ਦਾ ਏਜੰਡਾ ਫਿਰਕੂਵਾਦ 'ਤੇ ਆਧਾਰਿਤ ਹੈ। ਇਹ ਆਰਥਿਕ ਵਿਕਾਸ ਸਮਾਜਿਕ ਤੇ ਲਿੰਗਕ ਨਿਆਂ ਦੀ ਗੱਲ ਨਹੀਂ ਕਰਦਾ, ਇਸ ਦਾ ਜ਼ੋਰ ਵੰਡਣ ਵਾਲੇ ਮੁੱਦਿਆਂ 'ਤੇ ਰਹਿੰਦਾ ਹੈ-ਅਜਿਹੇ ਮੁੱਦਿਆਂ 'ਤੇ ਜੋ ਲੋਕਾਂ ਨੂੰ ਹਿੰਸਕ ਬਣਾਉਂਦੇ ਨੇ। ਕੋਈ ਇਹ ਨਹੀਂ ਕਹਿ ਸਕਦਾ ਕਿ ਗਊ ਰੱਖਿਆ, ਰਾਮ ਮੰਦਰ, ਲਵ ਜਿਹਾਦ, ਘਰ ਵਾਪਸੀ, ਵੰਦੇ ਮਾਤਰਮ ਆਦਿ ਵਰਗੇ ਮੁੱਦੇ ਸਾਂਝੀਵਾਲਤਾ ਨੂੰ ਉਤਸ਼ਾਹਿਤ ਕਰਦੇ ਹਨ ਜਾਂ ਮਨੁੱਖਤਾ ਦੇ ਹਿੱਤ ਵਿਚ ਹਨ। ਸੰਘ ਪਰਿਵਾਰ ਦੇ ਮੈਂਬਰ ਜੋ ਕੁਝ ਕਹਿੰਦੇ ਆਏ ਹਨ, ਉਹ ਭਾਰਤੀ ਸੰਵਿਧਾਨ ਦੀ ਆਤਮਾ ਦੇ ਵਿਰੁੱਧ ਹੈ। ਉਨ੍ਹਾਂ ਦਾ ਕਥਨ ਵੀ ਘੋਰ ਗ਼ੈਰ ਸੰਵਿਧਾਨਕ ਤੇ ਮਨੁੱਖਤਾ ਵਿਰੋਧੀ ਹੈ ਕਿ ਸਾਰੇ ਭਾਰਤੀਆਂ ਨੂੰ ਭਾਰਤ ਮਾਤਾ ਨੂੰ ਆਪਣੀ ਮਾਂ ਮੰਨਣਾ ਚਾਹੀਦਾ ਹੈ। ਸੰਵਿਧਾਨ ਕਹਿੰਦਾ ਹੈ ਕਿ ਇੰਡੀਆ ਰਾਜਾ ਦਾ ਸੰਘ ਹੋਵੇਗਾ। ਇਸ ਵਿਚ ਭਾਰਤ ਮਾਤਾ ਕਿੱਥੋਂ ਆ ਗਈ? ਇਸ ਲਈ ਕੋਈ ਭਾਰਤ ਦੀ ਮਾਤਾ ਜੈ ਕਿਉਂ ਕਹੇ? ਇਸ ਦੇ ਲਈ ਮਜਬੂਰ ਕੀਤਾ ਜਾਣਾ ਗ਼ੈਰ ਸੰਵਿਧਾਨਕ ਤੇ ਮਨੁੱਖਤਾ ਵਿਰੋਧੀ ਹੈ। ਇਹ ਕਹਿਣਾ ਹੈ ਕਿ ਮੁਸਲਮਾਨ ਵੀ ਹਿੰਦੂ ਹਨ ਤੇ ਸਿੱਖ ਵੀ, ਈਸਾਈ ਵੀ, ਇਹ ਇੱਕ ਡਰਾਵਣਾ ਬਿਆਨ ਹੈ। ਪਹਿਲਾਂ ਗ਼ੈਰ ਹਿੰਦੂਆਂ ਹਿੰਦੂ ਦੱਸਿਆ ਜਾਵੇਗਾ ਤੇ ਫਿਰ ਕਿਹਾ ਜਾਵੇਗਾ ਕਿ ਉਹ ਹਿੰਦੂ ਗਰੰਥਾਂ ਦਾ ਸਨਮਾਨ ਕਰੇ ਤੇ ਭਗਵਾਨ ਰਾਮ ਤੇ ਗਾਂ ਦੀ ਪੂਜਾ ਕਰਨ। ਇਹ ਇੱਕ ਮਾਰੂਥਲ ਵਾਲਾ ਰਾਹ ਹੈ ਜੋ ਦੇਸ਼ ਨੂੰ ਵੰਡ ਦੇਵੇਗਾ।

**ਮੋਦੀ ਦੇ ਰਾਜ ਵਿਚ ਫਿਰਕੂਵਾਦ**

ਮੋਦੀ ਸਰਕਾਰ ਦੇ ਆਉਣ ਤੋਂ ਬਾਅਦ ਪਿਛਲੇ ਕੁਝ ਸਾਲਾਂ ਵਿਚ ਰਾਜਨੀਤਕ ਹਾਲਾਤ ਹੋਰ ਵਿਗੜੇ ਹਨ। ਭਾਰਤ ਦੀ ਅਗਵਾਈ ਵਾਲੀ ਐਨਡੀਏ ਦੇ ਸੱਤਾ ਵਿਚ ਆਉਣ ਤੇ ਭਾਜਪਾ ਨੂੰ ਆਪਣੇ ਬਲਬੂਤੇ ਮਿਲੇ ਬਹੁਮਤ ਦੇ ਬਾਅਦ ਇਸ ਨਾਲ ਜੁੜੇ ਸੰਗਠਨ ਤੇ ਸੰਘ ਪਰਿਵਾਰ ਕਾਫੀ ਸਰਗਰਮ ਹੋ ਗਏ ਹਨ। ਘੱਟ ਗਿਣਤੀਆਂ ਤੇ ਉਨ੍ਹਾਂ ਨਾਲ ਵਿਚਾਰਧਾਰਕ ਤੌਰ 'ਤੇ ਮਤਭੇਦ ਰੱਖਣ ਵਾਲਿਆਂ ਦੇ ਖਿਲਾਫ਼ ਤਰ੍ਹਾਂ ਤਰ੍ਹਾਂ ਦੇ ਬਿਆਨ ਦਿੱਤੇ ਜਾ ਰਹੇ ਹਨ। ਚੋਣ ਦੇ ਦੌਰਾਨ ਕੀਤੇ ਗਏ ਲੰਬੇ ਚੌੜੇ ਵਾਅਦੇ ਹਵਾ ਹੋ ਗਏ ਹਨ। ਖਰਾਬ ਹੁੰਦੀ ਆਰਥਿਕ ਹਾਲਤ, ਰੁਜ਼ਗਾਰ ਦੇ ਨਵੇਂ ਮੌਕੇ ਪੈਦਾ ਨਾ ਹੋਣੇ ਇਨ੍ਹਾਂ ਜਨ ਵਿਰੋਧੀ ਨੀਤੀਆਂ ਦੇ ਕਾਰਨ ਲੋਕਾਂ ਵਿਚ ਭਾਰੀ ਗੁਸਾ ਹੈ। ਘੱਟ ਗਿਣਤੀਆਂ ਵਿਚ ਅਸੁਰਖਿਆ ਦੀ ਭਾਵਨਾ ਵਧੀ ਹੈ। ਪੰਸਾਰੇ, ਦਾਭੋਲਕਰ, ਕਲਬੁਰਗੀ ਵਰਗੇ ਬੁੱਧੀਜੀਵੀਆਂ ਦੇ ਕਤਲ ਕਰ ਦਿੱਤੇ ਗਏ ਤੇ ਕਈ ਪ੍ਰਗਤੀਸ਼ੀਲ ਬੁੱਧੀਜੀਵੀਆਂ, ਜਿਵੇਂ- ਜਵਾਹਰਲਾਲ ਨਹਿਰੂ ਯੂਨੀਵਰਸਿਟੀ ਦੇ ਵਿਦਵਾਨਾਂ 'ਤੇ ਲਗਾਤਾਰ ਹਮਲੇ ਕੀਤੇ ਜਾ ਰਹੇ ਹਨ। ਯੂਨੀਵਰਸਿਟੀਆਂ ਵਿਚ ਸ਼ਾਂਤੀ ਨੂੰ ਖਤਮ ਕੀਤਾ ਜਾ ਰਿਹਾ ਹੈ ਤੇ ਵਿਦਿਆਰਥੀ ਯੂਨੀਅਨਾਂ ਉੱਪਰ ਆਪਣੇ ਕਬਜ਼ੇ ਕੀਤੇ ਜਾ ਰਹੇ ਹਨ। ਚਾਰੇ ਪਾਸੇ ਗਊ ਮਾਸ, ਲਵ ਜਿਹਾਦ ਤੇ ਘਰ ਵਾਪਸੀ ਦੇ ਮੁੱਦੇ ਛਾਏ ਹੋ ਹਨ। ਇਕ ਇਕ ਕਰਕੇ ਯੂਨੀਵਰਸਿਟੀਆਂ 'ਤੇ ਹਮਲੇ ਕੀਤੇ ਜਾ ਰਹੇ ਹਨ। ਆਈਟੀਆਈ ਮਦਰਾਸ, ਜੇਐਨਯੂ ਤੇ ਐਚਸੀਯੂ ਇਸ ਗੱਲ ਦੀ ਮਿਸਾਲ ਹਨ। ਇਨ੍ਹਾਂ ਸਿੱਖਿਆ ਸੰਸਥਾਵਾਂ ਵਿਚ ਆਰ ਐਸ ਐਸ ਦੀ ਵਿਚਾਰਧਾਰਾ ਨੂੰ ਥੋਪਣ ਦੇ ਲਈ ਏਬੀਪੀਪੀ ਨੂੰ ਸਥਾਪਿਤ ਕੀਤਾ ਜਾ ਰਿਹਾ ਹੈ। ਇੱਥੇ ਹੋ ਰਹੀ ਗੁੰਡਾਗਰਦੀ ਇਸ ਗੱਲ ਦੀ ਮਿਸਾਲ ਹੈ, ਇਸ ਦੇ ਨਾਲ ਹੀ ਰਾਸ਼ਟਰਵਾਦ ਤੇ ਦੇਸ਼ ਭਗਤੀ ਦੇ ਆਲੇ ਦੁਆਲੇ ਨਵੇਂ ਭਾਵਾਤਮਕ ਮੁੱਦੇ ਖੜੇ ਕੀਤੇ ਜਾ ਰਹੇ ਹਨ। ਭਾਰਤ ਦੀ ਮਾਤਾ ਜੈ ਬੋਲਣ ਨੂੰ ਕਿਸੇ ਦੀ ਦੇਸ਼ ਭਗਤੀ ਸਿੱਧ ਕਰਨ ਦਾ ਪੈਮਾਨਾ ਬਣਾਉਣ ਦੀ ਕੋਸ਼ਿਸ਼ ਹਿੰਦੂਤਵ ਰਾਜਨੀਤੀ ਤੇ ਹਿੰਦੂ ਰਾਸ਼ਟਰਵਾਦ ਦੇ ਵਧਦੇ ਬੋਲਬਾਲੇ ਦਾ ਸੰਕੇਤ ਹਨ। ਲਗਾਤਾਰ ਅਜਿਹੀਆਂ ਘਟਨਾਵਾਂ ਦੇਖਣ ਵਿਚ ਆ ਰਹੀਆਂ ਹਨ ਕਿ ਜਦ ਲੋਕਤੰਤਰ ਮਾਹੌਲ ਨੂੰ ਖਤਮ ਕਰਨ ਦੇ ਲਈ ਅਜਿਹੇ ਮੁੱਦਿਆਂ ਦਾ ਇਸਤੇਮਾਲ ਕੀਤਾ ਗਿਆ। ਧਰਮ ਦੇ ਨਾਮ 'ਤੇ ਕੱਟੜਵਾਦੀ ਤੇ ਫਿਰਕੂਵਾਦੀ ਸੋਚ ਨੂੰ ਪ੍ਰਗਟਾਇਆ ਜਾ ਰਿਹਾ ਹੈ, ਜੋ ਹਿੰਸਾ ਨੂੰ ਜਨਮ ਦੇ ਰਹੇ ਹਨ। ਜੋ ਲੋਕ ਫਿਰਕੂਵਾਦ ਤੇ ਹਿੰਸਾ ਵਿਚ ਯਕੀਨ ਰੱਖ ਰਹੇ ਹਨ, ਉਹ ਰਾਸ਼ਟਰਵਾਦ ਦਾ ਰਾਗ ਅਲਾਪ ਰਹੇ ਹਨ। ਰਾਸ਼ਟਰਵਾਦ ਵਰਗਾ ਸ਼ਬਦ ਸੰਵਿਧਾਨ ਦਾ ਹਿੱਸਾ ਨਹੀਂ। ਹਿੰਦੂ ਰਾਸ਼ਟਰਵਾਦ ਦਾ ਮਕਸਦ ਲੋਕਤਾਂਤਰਿਕ ਦਾਇਰੇ, ਸੰਵਿਧਾਨ ਨੂੰ ਖਤਮ ਕਰਨਾ ਤੇ ਗ਼ੈਰ ਹਿੰਦੂ ਜਾਤਾਂ, ਧਰਮਾਂ ਦੇ ਪ੍ਰਤੀ ਨਫ਼ਰਤ ਪੈਦਾ ਕਰਨਾ ਹੈ। ਆਰ ਐਸ ਐਸ ਉਸ ਦੀ ਵਿਚਾਰਧਾਰਾ ਤੇ ਸਿਧਾਂਤ ਭਾਰਤੀ ਸੰਵਿਧਾਨ ਨਾਲ ਕਦੇ ਵੀ ਮੇਲ ਨਹੀਂ ਖਾਂਦੇ। ਜੇਕਰ ਅਸੀਂ ਭਾਰਤ ਨੂੰ ਸੁਰੱਖਿਅਤ ਰੱਖਣਾ ਹੈ, ਜਿਸ ਦਾ ਜਨਮ ਸਾਡੀ ਅਜ਼ਾਦੀ ਦੇ ਅੰਦਲਨ ਦੀ ਕੁਖ ਵਿਚ ਹੋਇਆ, ਜਿਸ ਨੂੰ ਸਾਡੇ ਸ਼ਹੀਦਾਂ ਤੇ ਰਾਸ਼ਟਰੀ ਨੇਤਾਵਾਂ ਨੇ ਘੜਿਆ ਤਾਂ ਸਾਨੂੰ ਸੰਘ ਤੇ ਉਸ ਵਰਗੀਆਂ ਫਾਸ਼ੀਵਾਦੀ ਜਥੇਬੰਦੀਆਂ ਦੇ ਵਿਚਾਰਾਂ ਦਾ ਜਨਤਕ ਤੇ ਵਿਚਾਰਧਾਰਕ ਵਿਰੋਧ ਕਰਨਾ ਹੋਵੇਗਾ ਤੇ ਵੱਡਾ ਅੰਦੋਲਨ ਖੜਾ ਕਰਨਾ ਹੋਵੇਗਾ।

## ਡੇਰਾਵਾਦ ਦੀ ਦਲਦਲ

ਬਹੁਤ ਵਾਰ ਖਬਰ ਹੁੰਦੀ ਹੈ ਕਿ ਕੋਈ ਅੱਲ੍ਹੜ ਕੁੜੀ ਪਿੰਡ ਵਿਚ ਰਹਿੰਦੇ ਬਾਬੇ ਨਾਲ਼ ਭੱਜ ਗਈ ਜਾਂ ਬਾਬਾ ਭਜਾ ਕੇ ਲੈ ਗਿਆ। ਕਦੇ ਸੁਣਦੇ ਹਾਂ ਕਿ ਕਿਸੇ ਤਾਂਤਰਿਕ ਬਾਬੇ ਨੇ ਕਿਸੇ ਕੁੜੀ-ਮੁੰਡੇ ਜਾਂ ਮਰਦ-ਔਰਤ ਨੂੰ ਚਿਮਟਿਆਂ ਜਾਂ ਸੰਗਲਾਂ ਨਾਲ਼ ਕੁੱਟਿਆ ਤੇ ਉਹ ਦਮ ਤੋੜ ਗਿਆ। ਬਾਬੇ ਦਾ ਕਹਿਣਾ ਸੀ ਕਿ ਉਹ ਕੁਟ-ਕੁਟ ਕੇ ਸਬੰਧਿਤ ਵਿਚ ਵੜੇ ਭੂਤ-ਪ੍ਰੇਤ ਨੂੰ ਕੱਢ ਦੇਵੇਗਾ। ਪਰ ਅਫ਼ਸੋਸ ਕਿ ਬਾਬਾ ਭੂਤ-ਪ੍ਰੇਤ ਤਾਂ ਨਾ ਕੱਢ ਸਕਿਆ ਪੀੜਤ ਦੀ ਜਾਨ ਜ਼ਰੂਰ ਕੱਢ ਦਿੱਤੀ। ਸਾਡੀ ਮੁੜ੍ਹ-ਮਤ ਵਾਲੀ ਜਨਤਾ ਇਨ੍ਹਾਂ ਗੱਲਾਂ ਤੋਂ ਵੀ ਸਬਕ ਨਹੀਂ ਲੈਂਦੀ। ਅਜੋਕੇ ਦਿਖਾਵੇ ਅਤੇ ਇਕ-ਦੂਜੇ ਤੋਂ ਅੱਗੇ ਵਧਣ ਦੀ ਦੌੜ ਵਿਚ ਲੱਗੇ ਲੋਕ ਵੱਡੀਆਂ-ਵੱਡੀਆਂ ਕਾਰਾਂ-ਕੋਠੀਆਂ ਭਾਲ਼ਦੇ ਦਿਮਾਗੀ ਤਣਾਉ ਸਹੇੜ ਲੈਂਦੇ ਹਨ। ਖ਼ਾਸ ਕਰਕੇ ਔਰਤਾਂ ਅਜਿਹੇ ਹਾਲਾਤ ਵਿਚ ਬਾਬਿਆਂ ਦੇ ਚੁੰਗਲ ਵਿਚ ਫਸ ਜਾਂਦੀਆਂ ਹਨ ਤੇ ਨਾਲ਼ ਬਾਕੀ ਪਰਿਵਾਰ ਵੀ। ਔਰਤ ਕੁਦਰਤੀ ਸੰਵੇਦਨਸ਼ੀਲ ਹੁੰਦੀ ਹੈ ਉਹ ਕਿਸੇ ਵੀ ਗੱਲ ਦਾ ਪ੍ਰਭਾਵ ਗਹਿਰਾਈ ਨਾਲ਼ ਲੈ ਲੈਂਦੀ ਹੈ ਤੇ ਕਈ ਵਾਰ ਉਸ ਦੀ ਭਾਵੁਕਤਾ ਉਸ ਲਈ ਨੁਕਸਾਨਦੇਹ ਸਾਬਤ ਹੁੰਦੀ ਹੈ।

ਇਸ ਗੱਲੋਂ ਵੀ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਔਰਤ ਦੇ ਅੰਦਰ ਅਥਾਹ ਸ਼ਕਤੀ ਵੀ ਛੁਪੀ ਹੁੰਦੀ ਹੈ ਉਹ ਮਾਈ ਭਾਗੋ ਵੀ ਬਣ ਜਾਂਦੀ ਹੈ ਤੇ ਬੀਬੀ ਸ਼ਰਨ ਕੌਰ ਵੀ। ਅਜਿਹੇ ਉਲਝੇ ਹੋਏ ਮੱਸਲਿਆਂ ਵਿਚ ਔਰਤ ਬਹੁਤ ਉਸਾਰੂ ਭੂਮਿਕਾ ਵੀ ਨਿਭਾਅ ਸਕਦੀ ਹੈ। ਉਹ ਆਪ ਅਜਿਹੇ ਪਖੰਡਵਾਦ ਤੋਂ ਚੌਕੰਨੀ ਰਹੇ ਬਚਪਨ ਤੋਂ ਹੀ ਆਪਣੇ ਬੱਚਿਆਂ ਨੂੰ ਵਹਿਮਾਂ-ਭਰਮਾਂ ਤੇ ਭੇਖੀ ਸਾਧਾਂ ਤੋਂ ਦੂਰ ਰੱਖੇ। ਉਨ੍ਹਾਂ ਨੂੰ ਡੇਰਾਵਾਦ ਤੋਂ ਸਾਵਧਾਨ ਰੱਖੇ ਦਲੇਰ ਤੇ ਸੂਝਵਾਨ ਬਣਾਵੇ। ਪਿਛਲੇ ਦਿਨੀਂ 'ਸ਼ਾਹੀ ਡੇਰੇ' ਅਤੇ ਡੇਰੇ ਦੇ 'ਸ਼ਹਿਨਸ਼ਾਹ' ਦੇ ਕਾਲ਼ੇ ਕਾਰਨਾਮਿਆਂ ਦਾ ਭਾਂਡਾ ਜੇ ਦਲੇਰ ਕੁੜੀਆਂ ਆਪਣੀ ਜਾਨ ਤਲ਼ੀ ਉੱਤੇ ਧਰ ਕੇ ਸਮਾਜ ਅਤੇ ਸਰਕਾਰ ਦੇ ਚੌਰਾਹੇ ਵਿਚ ਨਾ ਭੰਨਦੀਆਂ ਅਤੇ ਸੂਝਵਾਨ-ਨਿਡਰ ਜੱਜ ਇਨਸਾਫ ਨਾ ਕਰਦਾ ਹੋਇਆ ਸਹੀ ਫੈਸਲਾ ਨਾ ਦਿੰਦਾ ਤਾਂ ਅਜੇ ਪਤਾ ਨਹੀਂ ਕਿੰਨੀਆਂ ਬੇਦੋਸ਼ੀਆਂ ਆਪਣੀਆਂ ਪੱਤ ਗਵਾ ਕੇ ਉੱਥੇ ਨਰਕ ਦੀ ਸਜ਼ਾ ਭੁਗਤਦੀਆਂ ਅਤੇ ਸਰਕਾਰਾਂ ਇਹਨਾਂ ਬਾਬੇ ਬਿੱਲਿਆਂ ਨੂੰ ਦੇਖ ਕੇ ਕਬੂਤਰ ਵਾਂਗ ਅੱਖਾਂ ਬੰਦ ਕਰਦੀਆਂ ਪਾਸਾ ਵੱਟੀ ਰੱਖਦੀਆਂ। ਇਹ ਫੈਸਲਾ ਬਹੁਤ ਦਰੁੱਸਤ ਤਾਂ ਹੋਇਆ ਪਰ ਦੇਰ ਨਾਲ ਹੋਇਆ। ਜੋ ਕੁਝ ਵੀ ਹੋਇਆ ਜਾਂ ਹੋ ਰਿਹਾ ਹੈ ਇਸ ਦੀ ਚਿੰਤਾ ਵੀ ਕਰਨੀ ਬਣਦੀ ਹੈ ਤੇ ਚਿੰਤਨ ਵੀ। ਵਿਚਾਰਨ ਯੋਗ ਮੁੱਦਾ ਹੈ ਕਿ ਕੀ ਸਾਡੇ ਕੋਲ਼ ਸਰਕਾਰੀ ਜਾਂ ਗ਼ੈਰ ਸਰਕਾਰੀ ਸਕੂਲਾਂ-ਕਾਲਜਾਂ ਦੀ ਘਾਟ ਹੈ? ਸਰਕਾਰਾਂ ਕੁੜੀਆਂ ਨੂੰ ਪੜ੍ਹਨ ਲਈ ਵਿਸ਼ੇਸ਼ ਸਹੂਲਤਾਂ ਵੀ ਦਿੰਦੀਆਂ ਹਨ ਪਰ ਲੋਕ ਕੁੜੀਆਂ ਨੂੰ ਡੇਰੇ ਦੇ ਸਕੂਲ ਵਿਚ ਪੜ੍ਹਨ ਲਈ ਭੇਜਦੇ ਹਨ ਜਿੱਥੇ ਕੁੜੀਆਂ ਪੜ੍ਹ ਕੇ ਤਰੱਕੀ ਦੀਆਂ ਬੁਲੰਦੀਆਂ ਨਹੀਂ ਛੂੰਹਦੀਆਂ ਬਲਕਿ ਹਨੇਰੀ ਗੁਫ਼ਾ ਵਿਚ ਗ਼ਰਕ ਹੋ ਕੇ ਰਹਿ ਜਾਂਦੀਆਂ ਹਨ। ਸਾਡੇ ਸਮਾਜ ਦੀ, ਸਰਕਾਰ ਦੀ ਅਤੇ ਧਾਰਮਿਕ ਜਥੇਬੰਦੀਆਂ ਦੀ ਸਾਂਝੀ ਜ਼ਿੰਮੇਵਾਰੀ ਬਣਦੀ ਹੈ ਕਿ ਅਜਿਹੇ ਕੂੜ-ਪਾਪ ਦੇ ਡੇਰਿਆਂ ਨੂੰ ਜੜ੍ਹੋਂ ਉਖੇੜਿਆ ਜਾਵੇ।

ਸਰਬੰਸਦਾਨੀ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦੇਹਧਾਰੀ ਗੁਰੂ ਦੀ ਪ੍ਰਥਾ ਨੂੰ ਛੱਡ ਕੇ ਸਾਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਾਇਆ। ਗੁਰਬਾਣੀ ਸਾਰੇ ਭਰਮ-ਭੁਲੇਖੇ ਦੂਰ ਕਰਦੀ ਹੈ ਪਰ ਦੁੱਖ ਇਸ ਗੱਲ ਦਾ ਹੈ ਕਿ ਅਸੀਂ ਉਨ੍ਹਾਂ ਦੀਆਂ ਕੀਤੀਆਂ ਕੁਰਬਾਨੀਆਂ ਅਤੇ ਦਿੱਤੀਆਂ ਸਿੱਖਿਆਵਾਂ ਨੂੰ ਭੁੱਲ ਕੇ ਦੇਹਧਾਰੀ ਪਖੰਡੀਆਂ ਨੂੰ ਪੂਜਦੇ ਹਾਂ ਅਤੇ ਜੋ ਨਤੀਜੇ ਭੁਗਤਦੇ ਹਾਂ ਉਹ ਜੱਗ ਜ਼ਾਹਿਰ ਹਨ।

## ਉਮਰ ਕੈਦ ਬਨਾਮ ਮਰਨ ਤੱਕ ਉਮਰ ਕੈਦ ਦੀ ਸਿਆਸਤ

ਸਿੰਘ ਤਾਰਾ ਨੂੰ ਸਾਰੀ ਉਮਰ ਦੀ ਉਮਰ ਕੈਦ ਦਿੰਦਿਆਂ ਇਸ ਕੇਸ ਦਾ ਖਾਸ ਜ਼ਿਕਰ ਕੀਤਾ ਗਿਆ ਹੈ। ਇਸ ਕੇਸ ਦੀ ਸੁਣਵਾਈ ਸੁਪਰੀਮ ਕੋਰਟ ਦੇ ਪੰਜ ਜੱਜਾਂ ਦੇ ਵੱਡੇ ਬੈਂਚ ਨੇ ਕੀਤੀ ਸੀ ਅਤੇ ਇਸ ਦਾ ਫੈਸਲਾ 12 ਜਨਵਰੀ 1961 ਨੂੰ ਕੀਤਾ ਗਿਆ ਸੀ। ਇਸ ਕੇਸ ਦੀ ਜਜਮੈਂਟ ਪੜ੍ਹਿਆਂ ਹੀ ਪਤਾ ਲੱਗ ਜਾਂਦਾ ਹੈ ਕਿ ਉਮਰ ਕੈਦ ਦਾ ਮਤਲਬ ਸਾਰੀ ਉਮਰ ਦੀ ਉਮਰ ਕੈਦ ਹੈ ਪਰ ਨਾਲ ਹੀ ਕਿਹਾ ਗਿਆ ਹੈ ਕਿ ਸਿਰਫ ਸਰਕਾਰ ਹੀ ਸਜ਼ਾ ਵਿਚ ਕਟੌਤੀ ਕਰ ਸਕਦੀ ਹੈ ਭਾਵ ਕਿ ਜੇ ਸਰਕਾਰ ਚਾਹੇ ਤਾਂ ਰਿਹਾਅ ਕਰ ਸਕਦੀ ਹੈ ਅਤੇ ਅਜਿਹਾ ਹੋਇਆ ਵੀ ਅਤੇ 1919 ਵਿਚ ਜਨਮਿਆ ਗੋਪਾਲ ਵਿਨਾਇਕ ਗੌਡਸੇ 1948 ਵਿਚ ਗ੍ਰਿਫ਼ਤਾਰੀ ਤੋਂ ਬਾਅਦ 16 ਸਾਲ ਦੀ ਕੈਦ ਕੱਟਣ ਤੋਂ ਬਾਅਦ ਅਕਤੂਬਰ 1964 ਵਿਚ ਮਹਾਤਮਾ ਗਾਂਧੀ ਕਤਲ ਕੇਸ ਦੀ ਸਾਰੀ ਉਮਰ ਦੀ ਉਮਰ ਕੈਦ ਵਿਚੋਂ ਰਿਹਾਅ ਹੋ ਗਿਆ ਅਤੇ ਉਸਦੀ ਮੌਤ ਪੂਨੇ ਵਿਚ 26 ਨਵੰਬਰ 2005 ਨੂੰ ਹੋਈ। ਜੇ ਮਹਾਤਮਾ ਗਾਂਧੀ ਦੇ ਕਤਲ ਦੀ ਸਾਜ਼ਿਸ਼ ਵਿਚ ਸ਼ਾਮਲ ਗੋਪਾਲ ਵਿਨਾਇਕ ਗੌਡਸੇ 16 ਸਾਲ ਦੀ ਕੈਦ ਤੋਂ ਬਾਅਦ ਰਿਹਾਅ ਹੋ ਸਕਦਾ ਹੈ ਤਾਂ 20-22-25-27 ਸਾਲ ਤੱਕ ਸਜ਼ਾਵਾਂ ਕੱਟਣ ਵਾਲੇ ਸਿੰਘ ਕਿਉਂ ਨੀਂ ਰਿਹਾਅ ਕੀਤੇ ਜਾ ਸਕਦੇ? ਇਸਦਾ ਜਵਾਬ ਮੇਰੇ ਸਮੇਤ ਸਭ ਕੋਲ ਹੈ ਪਰ ਕੀ ਸਾਨੂੰ ਇਸ ਸਿਸਟਮ ਨੂੰ ਨੰਗਾ ਕਰਨ ਲਈ ਇਸਨੂੰ ਵਰਤਣਾ ਨਹੀਂ ਚਾਹੀਦਾ? ਜਾਂ ਕੀ ਸਰਕਾਰਾਂ ਵਾਂਗ ਅਸੀਂ ਵੀ ਆਪਣੇ ਜੋਧਿਆਂ ਨੂੰ ਜੇਲ੍ਹਾਂ ਵਿਚ ਰੱਖ ਕੇ ਸਿਆਸਤ ਕਰਨ ਦੇ ਹੀ ਚਾਹਵਾਨ ਹਾਂ? ਕੀ ਅਸੀਂ ਨਿੱਜੀ ਸਵਾਰਥ ਭੁੱਲ ਕੇ ਭਾਰਤੀ ਸਿਸਟਮ ਉਪਰ ਇਹਨਾਂ ਰਿਹਾਈਆਂ ਲਈ ਕੋਈ ਬੱਝਵਾਂ ਦਬਾਅ ਪਾਉਣ ਵਿਚ ਕਾਮਯਾਬ ਨਹੀਂ ਹੋ ਸਕੇ?

ਸੋ ਸਾਨੂੰ ਉਮਰ ਕੈਦ ਅਤੇ ਸਾਰੀ ਉਮਰ ਦੀ ਉਮਰ ਕੈਦ ਦੇ ਰੌਲੇ ਤੇ ਸਿਆਸਤ ਨੂੰ ਸਮਝਣਾ ਚਾਹੀਦਾ ਹੈ ਅਤੇ ਹਰ ਮੁਹਾਜ਼ ਉਪਰ ਇਹ ਲੜਾਈ ਜਾਰੀ ਰੱਖਣੀ ਚਾਹੀਦੀ ਹੈ ਬਸ਼ਰਤੇ ਕਿ ਇਸ ਵਿਚ ਨਿੱਜੀ ਹਿੱਤਾਂ ਦੀ ਥਾਂ ਸਾਂਝੇ ਹਿੱਤਾਂ ਦੀ ਪੂਰਤੀ ਹੋ ਸਕੇ।

ਪੰਥ ਦਾ ਵਾਲੀ ਕਲਗੀਆਂ ਵਾਲਾ ਆਪ ਸਹਾਈ ਹੋਵੇਗਾ।

' ਜ਼ਿਲ੍ਹਾ ਕਚਹਿਰੀਆਂ, ਲੁਧਿਆਣਾ










Situated on a cul-de-sac, in the heart of Blackhawk near the Blackhawk Country Club. This exquisite gem features 4 bedrooms plus an office, 2.5 bathrooms, and approx. 3,477 square feet on 0.39 acres. Stunning Hardwood floors on the main level, bedrooms on the upper level and all of the entertainment capabilities you'd come to expect in this refined estate.



BERKSHIRE HATHAWAY HomeServices | Drysdale Properties

**Contact Priti Singh for further details and an appointment for a private tour.**

# Priti Singh

CA BRE Licence #02024721 (925) 999-0823

info@pritisingh.com

# ਗੁਰਦੁਆਰਾ ਸ਼੍ਰੀ ਗੁਰੂ ਹਰਗੋਬਿੰਦ ਸਾਹਿਬ ਜੀ

1050 ਐਸ. ਗਰਾਹਮ ਰੋਡ, ਗਰੀਨਵੁੱਡ, ਇੰਡਿਆਨਾ 46143

## ਖਾਲਸਾ ਸਾਜਨਾ ਦਿਵਸ ਸਮਾਗਮ

## 20 ਅਪ੍ਰੈਲ 2018 ਤੋਂ 22 ਅਪ੍ਰੈਲ 2018 ਤੱਕ


ਭਾਈ ਹਰਚਰਨ ਸਿੰਘ (ਹਜ਼ੂਰੀ ਰਾਗੀ)


ਭਾਈ ਗੁਰਮੇਲ ਸਿੰਘ (ਹਜ਼ੂਰੀ ਰਾਗੀ)


ਗਿਆਨੀ ਸ਼ੇਰ ਸਿੰਘ


ਭਾਈ ਸੁੱਖਾ ਸਿੰਘ


ਭਾਈ ਮਹਿਲ ਸਿੰਘ ਚੰਡੀਗੜ੍ਹ ਵਾਲੇ (ਕਵੀਸ਼ਰੀ ਜਥਾ)

ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਹਿ
ਗੁਰਦੁਆਰਾ ਸ੍ਰੀ ਗੁਰੂ ਹਰਗੋਬਿੰਦ ਸਾਹਿਜ ਜੀ, ਇੰਡਿਆਨਾ ਵਿਖੇ ਤਿੰਨ ਰੋਜ਼ਾ 'ਖਾਲਸਾ ਸਾਜਨਾ ਦਿਵਸ' ਸਮਾਗਮ 20 ਅਪ੍ਰੈਲ ਤੋਂ 22 ਅਪ੍ਰੈਲ 2018 ਤੱਕ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਕਰਵਾਇਆ ਜਾ ਰਿਹਾ ਹੈ। ਸੰਗਤ ਨੂੰ ਬੇਨਤੀ ਹੈ ਕਿ ਇਨ੍ਹਾਂ ਸਮਾਗਮਾਂ ਵਿਚ ਹਾਜ਼ਰੀਆਂ ਭਰ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।


ਗਿਆਨੀ ਭੁਪਿੰਦਰ ਸਿੰਘ ਜੀ


ਭਾਈ ਸਾਹਿਬ ਸਿੰਘ ਜੀ

### ਪ੍ਰੋਗਰਾਮ ਦਾ ਵੇਰਵਾ

**20 ਅਪਰੈਲ 2018, ਸ਼ੁੱਕਰਵਾਰ**
ਸ਼ਾਮ ਦਾ ਦੀਵਾਨ : 6:00 ਤੋਂ 9:00 ਵਜੇ ਤੱਕ

**21 ਅਪਰੈਲ 2018, ਸ਼ਨਿੱਚਰਵਾਰ**
ਸਵੇਰੇ 6:30 ਤੋਂ 9:00 ਵਜੇ ਤੱਕ ਆਸਾ ਦੀ ਵਾਰ
ਸ਼ਾਮ ਦਾ ਦੀਵਾਨ : 6:00 ਤੋਂ 9:00 ਵਜੇ ਤੱਕ

**22 ਅਪਰੈਲ 2018, ਐਤਵਾਰ**
ਸਵੇਰੇ 6:30 ਤੋਂ 9:00 ਵਜੇ ਤੱਕ ਆਸਾ ਦੀ ਵਾਰ
ਦੁਪਹਿਰ ਦਾ ਦੀਵਾਨ : ਸਵੇਰੇ 11:30 ਤੋਂ 3:00 ਵਜੇ ਤੱਕ



**ਅੰਮ੍ਰਿਤ ਸੰਚਾਰ**
AMRIT SANCHAR
21 ਅਪਰੈਲ 2018
ਸ਼ਨਿੱਚਰਵਾਰ
ਸਵੇਰੇ 11:00 ਵਜੇ

**ਵਧੇਰੇ ਜਾਣਕਾਰੀ ਲਈ ਇਨ੍ਹਾਂ ਫ਼ੋਨ ਨੰਬਰਾਂ 'ਤੇ ਸੰਪਰਕ ਕੀਤਾ ਜਾ ਸਕਦਾ ਹੈ :**

ਭਾਈ ਗੁਰਪ੍ਰੀਤ ਸਿੰਘ
317-476-4038
ਭਾਈ ਜਸਦੀਪ ਸਿੰਘ
317-560-0019
ਭਾਈ ਸਤਨਾਮ ਸਿੰਘ
317-403-8344

## GURDWARA SHRI GURU HARGOBIND SAHIB JI

1050 S. GRAHAM RD. GREENWOOD, IN 46143


PUNJABI STARLIVE EVENT MANAGEMENT PVT LTD.
PRESENTS
VISA APPROVED
Nirmal Sidhu
Resham Anmol
Sara Gurpal
USA TOUR 2018
MEDIA PARTNER
BOSTON DESI CONNECTION
BDC tv
Bunty Bains
GUEST APPEARANCE
CONTACT FOR LIVE SHOW BOOKINGS ACROSS USA
+1 - 847-907-1074 | +1 - 224-410-8380
www.punjabistarlive.com


Canadian
Highest Grade Wheat
Say Bana
SHER®
SHER
DURUM ATTA
DESI
STYLE
20 lb
9.07 kg
SHER ATTA GHAR LAAO
www.sherbrarmills.com